ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਫੱਗਣ-ਚੇਤ, ਸੰਮਤ ਨਾਨਕਸ਼ਾਹੀ ੫੪੯-੫੦ ਮਾਰਚ 2018

ਜਿਲਦ ੬੧ ਅੰਕ ੧੨

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab.
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| gurbw I ivcwr | | 5 |
| sMpwdkI | | 8 |
| holwmhlw | - fw jgjIq isMG | 10 |
| sRI gurmpur holgF holwKI Apwr | - fw jsbIr isMG | 14 |
| SkqISwlI KwlsydI aumwrIdwpRqIk: holwmhlw | - fw ieMdrjIq isMG vwsU | 17 |
| sMbIr bc kwbI I: AkwlI PUwisMG | -pRo ikrpwl isMG bfUMgr | 22 |
| Drm pRcwr lihr dyAMr qypRcwr Isrkwr | - s. idlI jIq isMG | 33 |
| holIdyid bMr AkwlIAWdISh IdI | - s. ismrjIq isMG | 38 |
| AwdrSk jIv - jwc dwsmw isK Drm | - fw guivMdr kOr | 44 |
| gurbw I ivc iesqrI cyqw | -pRo v sMgIq isMG | 51 |
| isK s iBAwcwr dw ie iqhwisk pRsMg | - fw jiqMdrpwl kOr | 55 |
| haumY bUY qwdrusUY | - igAwnI hirbMs isMG qMg | 60 |
| soikaumMdwAwKIAYijqujMmih rwjw | - fw jsivMdr isMG | 64 |
| bilhwrIkdriq v isAw | - s. rwjivMdrpwl isMG | 68 |
| gwgr 'c swgr-- 84 | - fw ieMdrjIq isMG ggnAwl | 83 |
| sYUr jyHAIfMw : pMjwb dysqMqrqwsMgrwmI | - fwprmvIr isMG | 86 |
| vwr srdwr b y isMG | - s. siq wm isMG kmlI | 93 |
| ^br mnw | | 96 |
| Drm pRcwr kmyIdIAWpRcwr srgrmIAW | | 98 |

*ਗੁਰਬਾਣੀ ਵਿਚਾਰ :*

# ਚੇਤਿ ਗੋਵਿੰਦੁ ਅਰਾਧੀਐ . . .

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥੧॥ (ਪੰਨਾ ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਅਰੰਭਕ ਪਉੜੀ ਵਿਚ ਮਨੁੱਖ-ਮਾਤਰ ਨੂੰ ਪਰਮਾਤਮਾ ਦੇ ਨਾਮ ਬਿਨਾਂ ਮਨੁੱਖਾ ਸਰੀਰ ਦੇ ਵਿਅਰਥ ਜਾਣ ਦੀ ਵਾਸਤਵਿਕਤਾ ਸਮਝਾਉਂਦਿਆਂ, ਮਨੁੱਖਾ ਜਨਮ ਦੀ ਦੁਰਲੱਭਤਾ ਤੇ ਉੱਚੀ ਕੀਮਤ ਦਾ ਅਹਿਸਾਸ ਕਰਾਉਂਦੇ ਹਨ। ਗੁਰੂ ਪਾਤਸ਼ਾਹ ਜੀ ਇਸ ਵਿਚ ਅਧਿਆਤਮ ਮਾਰਗ 'ਤੇ ਤੁਰਨਾ ਅਤਿ ਜ਼ਰੂਰੀ ਦੱਸਦੇ ਹੋਏ ਇਸ ਦਿਸ਼ਾ ਵਿਚ ਤੁਰਨ ਹਿੱਤ ਉਸ ਨੂੰ ਪਰਮਾਤਮਾ ਦੀ ਕਿਰਪਾ ਦੀ ਜਾਚਨਾ ਕਰਨ ਅਤੇ ਉਸ ਦੇ ਸੱਚੇ ਸਦੀਵੀ ਕੰਮ ਆਉਣ ਵਾਲੇ ਨਾਮ ਨੂੰ ਮਨ-ਚਿਤ-ਆਤਮਾ ਵਿਚ ਵਸਾਉਣ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਅਕਾਲ ਪੁਰਖ ਪਰਮਾਤਮਾ ਨੂੰ ਸੰਬੋਧਨ ਕਰਦਿਆਂ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ, ਅਸੀਂ ਆਪਣੇ ਕਰਮਾਂ ਦੀ ਕਮਾਈ ਕਰਕੇ ਤੇਰੇ ਤੋਂ ਜੁਦਾ ਹੋਏ ਹਾਂ ਭਾਵ ਮਨੁੱਖ ਦਾ ਜਾਮਾ ਅਥਵਾ ਜਨਮ ਪਾ ਕੇ ਵੀ ਅਸਾਂ ਤੈਨੂੰ ਭੁਲਾਇਆ ਹੋਇਆ ਹੈ। ਆਪ ਨੇ ਸਾਡੀ ਇਸ ਹਾਲਤ 'ਤੇ ਤਰਸ, ਦਇਆ ਦੀ ਨਜ਼ਰ ਕਰਨ ਦੀ ਕਿਰਪਾ ਕਰਨੀ। ਆਪਣੀ ਹੀ ਕਿਰਪਾ ਕਰਦਿਆਂ ਹੇ ਮਾਲਕ, ਆਪ ਨੇ ਸਾਨੂੰ ਆਪਣੇ ਨਾਲ ਮਿਲਾ ਲੈਣਾ ਭਾਵ ਸਾਡਾ ਆਪ ਨੂੰ ਵਿਸਾਰੀ ਰੱਖਣਾ ਖ਼ਤਮ ਹੋ ਜਾਵੇ। ਅਸੀਂ ਆਪਣੇ ਆਲੇ-ਦੁਆਲੇ ਦੀਆਂ ਚਾਰੋਂ ਹੀ ਨੁੱਕਰਾਂ ਅਤੇ ਦਸਾਂ ਹੀ ਦਿਸ਼ਾਵਾਂ ਵਿਚ ਜਗਤ ਦੀ ਮਾਇਆ ਦੇ ਹੱਦੋਂ ਵੱਧ ਅਸਰ ਥੱਲੇ ਭੌਂਦੇ ਫਿਰਦੇ ਰਹੇ ਹਾਂ, ਹੁਣ ਹਾਰ-ਹੁੱਟ ਕੇ ਤੁਹਾਡਾ ਆਸਰਾ ਤੱਕਿਆ ਹੈ। ਪਰਮਾਤਮਾ ਦੇ ਸਦੀਵੀ ਸੱਚੇ ਨਾਮ ਤੋਂ ਬਗੈਰ

ਅਰਥਹੀਣ ਅਤੇ ਦੁਖਦਾਇਕ ਮਾਨਸਿਕ ਆਤਮਿਕ ਹਾਲਤ ਨੂੰ ਦੋ ਦ੍ਰਿਸ਼ਟਾਂਤਾਂ ਰਾਹੀਂ ਦਰਸਾਉਂਦੇ ਹੋਏ ਗੁਰੂ ਪਾਤਸ਼ਾਹ ਕਥਨ ਕਰਦੇ ਹਨ ਕਿ ਗਊ ਜੋ ਦੁੱਧ ਨਹੀਂ ਦਿੰਦੀ, ਕਿਸੇ ਕੰਮ ਨਹੀਂ ਆਉਂਦੀ।

ਦੂਸਰਾ ਦ੍ਰਿਸ਼ਟਾਂਤ ਦਿੰਦਿਆਂ ਗੁਰੂ ਜੀ ਕਥਨ ਕਰਦੇ ਹਨ ਕਿ ਪਾਣੀ ਬਿਨਾਂ ਖੇਤੀ ਮੁਰਝਾ ਜਾਂਦੀ ਹੈ ਅਤੇ ਉਸ ਤੋਂ ਪੂਰੀ ਆਮਦਨ ਨਹੀਂ ਹੋ ਸਕਦੀ ਭਾਵ ਪਾਣੀ ਖੇਤੀ ਦੇ ਵਿਕਾਸ-ਵਿਗਾਸ ਵਾਸਤੇ ਅਤਿ ਜ਼ਰੂਰੀ ਤੱਤ ਹੈ। ਦੋਨਾਂ ਦ੍ਰਿਸ਼ਟਾਂਤਾਂ ਦੀ ਸੰਰਚਨਾਤਮਕ ਯੋਜਨਾਬੰਦੀ ਦੁਆਰਾ ਸਹਿਜੇ ਹੀ ਸਿੱਟਾ ਕੱਢਦੇ ਹੋਏ ਗੁਰੂ ਜੀ ਦ੍ਰਿੜ੍ਹ ਕਰਾਉਂਦੇ ਹਨ ਕਿ ਇਨਸਾਨ ਦਾ ਸੱਜਣ ਕੇਵਲ ਤੇ ਕੇਵਲ ਉਹ ਪਰਮਾਤਮਾ ਹੈ। ਉਸ ਬਗੈਰ ਸੁਖ-ਸ਼ਾਂਤੀ ਕਿਵੇਂ ਮਿਲੇਗੀ? ਭਾਵ ਕਦਾਚਿਤ ਵੀ ਨਹੀਂ ਮਿਲੇਗੀ। 'ਪ੍ਰਭੂ ਦੇ ਨਾਮ ਵਿਚ ਹੀ ਸੱਚਾ ਸੁਖ ਮਿਲ ਸਕਦਾ ਹੈ' ਇਹ ਭਾਵ ਦ੍ਰਿੜ੍ਹ ਕਰਾਉਣ ਵਾਸਤੇ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜੇ ਘਰ ਅਰਥਾਤ ਹਿਰਦੇ ਅੰਦਰ ਪਰਮਾਤਮਾ ਰੂਪੀ ਪਿਆਰਾ ਪਤੀ ਨਹੀਂ ਪ੍ਰਗਟ ਹੁੰਦਾ ਮਤਲਬ ਕਿ ਜਿਹੜਾ ਹਿਰਦਾ ਉਹਨੂੰ ਯਾਦ ਨਹੀਂ ਰੱਖਦਾ ਜਾਂ ਹੱਦੋਂ ਵੱਧ ਦਿੱਸਦੇ ਸੰਸਾਰ ਦੀ ਮੋਹ-ਮਾਇਆ ਵਿਚ ਗੁਆਚ ਜਾਂਦਾ ਹੈ ਉਹ ਵੱਡੀ ਭੱਠੀ ਸਮਾਨ ਤਪਦੇ ਸ਼ਹਿਰ ਜਾਂ ਪਿੰਡ ਜਿਹਾ ਹੈ। ਜੀਵ-ਇਸਤਰੀ ਦਾ ਸਰੀਰਿਕ ਸ਼ਿੰਗਾਰ ਉਸ ਦੇ ਸਰੀਰ ਸਮੇਤ ਝੂਠਾ ਜਾਂ ਖਤਮ ਹੋ ਜਾਣ ਵਾਲਾ ਹੈ। ਮਾਲਕ ਪਰਮਾਤਮਾ ਬਿਨਾਂ ਬਾਹਰੀ ਰੂਪ ਵਿਚ ਮਿੱਤਰ ਜਾਂ ਹਿਤੈਸ਼ੀ ਦਿੱਸਦੇ ਲੋਕ ਜਮਾਂ/ਜਮਦੂਤਾਂ ਸਮਾਨ ਹਨ। ਗੁਰੂ ਜੀ ਮਨੁੱਖ-ਮਾਤਰ ਨੂੰ ਅਧਿਆਤਮ ਮਾਰਗ 'ਤੇ ਪਾਉਣ ਹਿੱਤ ਪ੍ਰਭੂ ਮਾਲਕ ਅੱਗੇ ਅਰਦਾਸ-ਜਾਚਨਾ ਕਰਦੇ ਹਨ ਕਿ ਹੇ ਮਾਲਕ ਜੀਓ, ਆਪਣੀ ਮਿਹਰ ਕਰ ਕੇ ਮੈਨੂੰ ਆਪਣਾ ਨਾਮ ਬਖ਼ਸ਼ ਦਿਓ! ਮੈਨੂੰ ਆਪਣੇ ਨਾਲ ਆਪਣੇ ਨਾਮ ਦੁਆਰਾ ਮਿਲਾ ਲੈਣਾ ਜੀ! ਕੇਵਲ ਤੇ ਕੇਵਲ ਇਸ ਸ੍ਰਿਸ਼ਟੀ ਉੱਪਰ ਆਪ ਜੀ ਦਾ ਨਾਮ ਹੀ ਸਦਾ ਅਟੱਲ ਰਹਿਣ ਵਾਲਾ ਹੈ ਭਾਵ ਇਸ ਸੰਸਾਰ ਉੱਪਰ ਹੋਰ ਜੋ ਕੁਝ ਵੀ ਦ੍ਰਿਸ਼ਟਮਾਨ ਹੈ ਸਭ ਬਦਲ ਜਾਣ ਵਾਲਾ ਹੈ।

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥*
*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*
*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥*
*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥*
*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥* *(ਪੰਨਾ ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੁਆਰਾ ਚੇਤ ਮਹੀਨੇ ਨਾਲ ਸੰਬੰਧਿਤ ਵਾਤਾਵਰਨ ਅਤੇ ਮੌਸਮ ਦੇ ਰੂ-ਬ-ਰੂ ਮਨੁੱਖ-ਮਾਤਰ ਰੂਪੀ ਜੀਵ-ਇਸਤਰੀ ਨੂੰ ਮਾਲਕ ਪਰਮਾਤਮਾ ਨੂੰ ਯਾਦ ਕਰਦਿਆਂ ਇਸ ਵਿਚ ਸੁਖ-ਅਨੰਦ ਮਾਣਦਿਆਂ, ਬਨਸਪਤੀ ਅਤੇ ਕੁਦਰਤ 'ਚ ਵੱਸਦੇ ਕਾਦਰ ਨੂੰ ਮਹਿਸੂਸ ਕਰਦਿਆਂ ਅਧਿਆਤਮਕ ਖੇਤਰ ਵਿਚ ਵਿਕਾਸ-ਵਿਗਾਸ ਹਿੱਤ ਸਦਾ ਯਤਨਸ਼ੀਲ ਰਹਿਣ ਦੀ, ਸੱਚੇ ਗੁਰੂ ਦੀ ਅਗਵਾਈ ਹਾਸਲ ਕਰਨ ਦੀ ਗੁਰਮਤਿ-ਜੁਗਤ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਉਸ ਸੱਚੇ ਮਾਲਕ ਨੂੰ ਯਾਦ ਕਰੀਏ ਤਾਂ ਡੂੰਘਾ ਅਨੰਦ ਮਿਲਦਾ ਹੈ। ਸੰਤ ਭਾਵ ਰੱਬ ਨਾਲ ਮਿਲੇ ਹੋਏ ਲੋਕਾਂ ਨਾਲ ਮਿਲ-ਬੈਠ ਕੇ, ਜੀਭਾ ਨਾਲ ਉਸ ਮਾਲਕ ਦਾ ਨਾਮ ਜਪਣਾ ਸਹਿਜੇ ਹੀ ਸੰਭਵ ਹੋ ਜਾਂਦਾ ਹੈ। ਇੱਥੇ ਗੁਰੂ ਜੀ ਦਾ ਅੰਤਰੀਵ ਭਾਵ ਹੈ ਕਿ ਜਗਤ ਤੋਂ ਕਿਨਾਰਾ ਕਰਨਾ ਕਿਸੇ ਤਰ੍ਹਾਂ ਵੀ ਪ੍ਰਭੂ-ਭਗਤੀ ਦੇ ਵਾਸਤੇ ਲੋੜੀਂਦਾ ਅਤੇ ਯੋਗ ਨਹੀਂ ਸਿਰਫ ਚੰਗੀ ਸੰਗਤ ਲੱਭਣ ਦੀ ਲੋੜ ਹੈ। ਚੰਗੀ ਸੰਗਤ ਵਿਚ ਹੋਣ ਵਾਲੀ ਪਰਸਪਰ ਵਿਚਾਰ ਮਨੁੱਖ ਨੂੰ ਭਟਕਣ ਤੋਂ ਬਚਾਉਂਦੀ ਹੋਈ ਰੂਹਾਨੀ ਮੰਜ਼ਲ ਵੱਲ ਤੋਰ ਦਿੰਦੀ ਹੈ।

ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਮਾਲਕ ਨੂੰ ਪਾ ਲਿਆ ਹੈ ਉਸੇ ਨੂੰ ਹੀ ਇਸ ਸੰਸਾਰ ਉੱਪਰ ਆਇਆ ਗਿਣੀਏ। ਕਹਿਣ ਤੋਂ ਭਾਵ, ਮਾਲਕ ਨੂੰ ਰੀਝਾਉਣ ਬਿਨਾਂ ਮਨੁੱਖੀ ਸਰੀਰ ਨੂੰ ਪਾਉਣ ਦਾ ਕੋਈ ਅਰਥ ਹੀ ਨਹੀਂ। ਜਿਹੜਾ ਮਾਲਕ ਨੂੰ ਪਛਾਣ ਲੈਂਦਾ ਹੈ ਉਹ ਤਾਂ ਉਸ ਦੀ ਯਾਦ ਬਿਨਾਂ, ਉਸ ਨੂੰ ਚਿਤਵਣ ਬਿਨਾਂ ਨਹੀਂ ਰਹਿੰਦਾ। ਉਹ ਮਾਲਕ ਦਾ ਪਸਾਰਾ ਸਾਰੇ ਪਾਸੇ ਜਲ ਥਲ ਅਤੇ ਬਨਸਪਤੀ ਵਿਚ ਵੇਖਦਾ ਹੈ। ਦੂਜੇ ਬੰਨੇ ਜਿਸ ਨੂੰ ਉਹ ਮਾਲਕ ਯਾਦ ਨਹੀਂ ਆਉਂਦਾ ਉਹਦਾ ਦੁੱਖ ਬਹੁਤ ਹੀ ਵੱਡਾ ਹੈ। ਜਿਨ੍ਹਾਂ ਮਨੁੱਖਾਂ ਨੇ ਉਸ ਨੂੰ ਸਿਮਰਿਆ ਹੈ ਉਨ੍ਹਾਂ ਦੇ ਭਾਗ ਵੱਡੇ ਹਨ। ਇਨ੍ਹਾਂ ਦੋਨਾਂ ਪ੍ਰਕਾਰਾਂ ਦੇ ਮਿਲਿਆਂ ਅਤੇ ਵਿੱਛੜਿਆਂ ਮਨੁੱਖਾਂ ਨੂੰ ਵੇਖ-ਜਾਚ ਕੇ ਮਨ ਵਿਚ ਪਰਮਾਤਮਾ ਮਾਲਕ ਨੂੰ ਮਿਲ ਪੈਣ ਦੀ ਇੱਛਾ ਉਪਜੀ ਹੈ, ਮਨ ਵਿਚ ਇਕ ਪਿਆਸ ਲੱਗ ਗਈ ਹੈ। ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਕੋਈ ਉਸ ਮਾਲਕ ਨਾਲ ਮਿਲਾ ਦੇਣ ਦੀ ਆਸ ਬੰਨ੍ਹਾਏ ਤਾਂ ਉਸ ਦੇ ਚਰਨੀਂ ਲੱਗਣਾ ਚਾਹੀਦਾ ਹੈ।

■

ਸੰਪਾਦਕੀ

# ਖਾਲਸਈ ਨਿਆਰੇਪਨ ਦਾ ਪ੍ਰਤੀਕ: ਹੋਲਾ ਮਹੱਲਾ

*ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਿਰੋਈ ਜੀਵਨ-ਜਾਚ ਦੇ ਸੋਮੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਆਪਣਾ ਸਾਰਾ ਜੀਵਨ ਸਮਕਾਲੀ ਅਨੇਕਾਂ ਵੈਰ-ਵਿਰੋਧਾਂ, ਭਰਮਾਂ-ਭੁਲੇਖਿਆਂ, ਫਜ਼ੂਲ ਦੇ ਕਰਮ-ਕਾਂਡਾਂ ਵਿਚ ਫਸੀ ਲੋਕਾਈ ਦੇ ਕਲਿਆਣ ਲਈ ਸਮਰਪਿਤ ਕਰ ਦਿੱਤਾ। ਗੁਰੂ ਜੀ ਨੇ ਭਾਰਤੀ ਸੱਭਿਆਚਾਰ ਅਤੇ ਲੋਕ-ਜੀਵਨ ਵਿਚ ਆ ਚੁੱਕੇ ਨਿਘਾਰ ਨੂੰ ਦੂਰ ਕਰਨ ਦਾ ਕਾਰਜ ਅਰੰਭਿਆ। ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਗੁਰੂ ਕਾਲ ਵਿਚ ਭਾਰਤੀ ਸੱਭਿਆਚਾਰ ਅਤੇ ਲੋਕ-ਜੀਵਨ ਨੂੰ ਖਾਸ ਤੌਰ 'ਤੇ ਨਿਖਾਰਿਆ ਅਤੇ ਸੁਆਰਿਆ। ਗੁਰੂ ਸਾਹਿਬਾਨ ਦਾ ਅੰਤਮ ਉਦੇਸ਼ ਜਗਤ-ਸੁਧਾਰ ਹੀ ਰਿਹਾ।*

*ਭਾਰਤੀ ਸੱਭਿਆਚਾਰ ਵਿਚ ਹੋਲੀ ਦਾ ਤਿਉਹਾਰ ਸਦੀਆਂ ਤੋਂ ਮਨਾਇਆ ਜਾਂਦਾ ਆ ਰਿਹਾ ਹੈ। ਜਿਸ ਦਾ ਸੰਬੰਧ ਫੱਗਣ ਮਹੀਨੇ ਦੀ ਸੁਹਾਵਣੀ ਰੁੱਤ ਨਾਲ ਹੈ। ਇਸ ਰੁੱਤ ਵਿਚ ਸਿਆਲ ਦੀ ਠੰਡ ਤੋਂ ਬਾਅਦ ਸੁਖ-ਆਰਾਮ ਦਾ ਅਨੁਭਵ ਹੁੰਦਾ ਹੈ। ਹੋਲੀ ਦੇ ਨਾਲ ਪਰਮਾਤਮਾ ਦੇ ਸੱਚੇ ਭਗਤ ਪ੍ਰਹਿਲਾਦ ਅਤੇ ਉਸ ਦੇ ਕ੍ਰੋਧੀ ਅਤੇ ਸਖ਼ਤ ਸੁਭਾਅ ਵਾਲੇ ਪਿਤਾ, ਜਿਸ ਨੇ ਉਸ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਸੀ, ਦਾ ਲੋਕਯਾਨਿਕ ਪ੍ਰਸੰਗ ਵੀ ਜੁੜਿਆ ਹੋਇਆ ਹੈ। ਬੁਰਾਈ ਦੀ ਓੜਕ ਹਮੇਸ਼ਾਂ ਹਾਰ ਹੁੰਦੀ ਹੈ ਅਤੇ ਉਸ ਦੀ ਬੇੜੀ ਹਮੇਸ਼ਾਂ ਭਰ ਕੇ ਡੁੱਬਦੀ ਹੈ ਇਸ ਦਾ ਸਪੱਸ਼ਟ ਸਬੂਤ ਹੋਲੀ ਨਾਲ ਜੁੜੇ ਹਰਣਾਖਸ਼ ਅਤੇ ਉਸ ਦੀ ਭੈਣ ਹੋਲਿਕਾ ਦੀ ਹਾਰ ਅਤੇ ਪ੍ਰਹਿਲਾਦ ਦੀ ਜਿੱਤ ਤੋਂ ਮਿਲਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:*

***ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥***
***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥***

*(ਪੰਨਾ ੪੫੧)*

*ਹਰਣਾਖਸ਼ ਅਤੇ ਹੋਲਿਕਾ ਦੀ ਮਾੜੀ ਨੀਅਤ ਦੀ ਹੋਈ ਹਾਰ ਦਾ ਲੋਕਾਂ ਦੁਆਰਾ ਨੱਚ ਕੇ ਅਤੇ ਮਿੱਟੀ ਆਦਿ ਉਡਾ ਕੇ ਜਸ਼ਨ ਮਨਾਇਆ ਗਿਆ ਜੋ ਹੋਲੀ ਕਹਿਲਾਉਂਦਾ ਹੈ। ਸਹੀ ਸੋਚ ਦੇ ਧਾਰਨੀਆਂ ਨੇ ਇਸ ਵਿਚ ਇਕ-ਦੂਜੇ 'ਤੇ ਰੰਗ ਪਾਉਣ ਆਦਿ ਨੂੰ ਸ਼ਾਮਲ ਕੀਤਾ ਤਾਂ ਹੋਲੀ ਦਾ ਤਿਉਹਾਰ ਰੰਗਾਂ ਦੇ ਤਿਉਹਾਰ ਦੇ ਰੂਪ ਵਿਚ ਵਿਕਸਿਤ ਹੋ ਗਿਆ। ਪਰ ਮਨੁੱਖੀ ਅਕਲ ਵਿਚ ਗ਼ਲਤ ਦਿਸ਼ਾ ਵੱਲ ਜਾਣ ਦਾ ਜੋ ਰੁਝਾਨ ਹੈ ਉਸ ਨੇ ਰੰਗਾਂ ਨੂੰ ਇਕ-ਦੂਜੇ 'ਤੇ ਪਾ ਕੇ, ਇਕ-ਦੂਜੇ ਨਾਲ ਖ਼ੁਸ਼ੀਆਂ ਵੰਡਣ ਦੀ ਜਗ੍ਹਾ ਕਈ ਤਰ੍ਹਾਂ ਦੀਆਂ ਗ਼ਲਤ ਸ਼ਰਾਰਤਾਂ ਨੂੰ ਇਸ ਵਿਚ ਸ਼ਾਮਲ ਕਰ ਦਿੱਤਾ ਜਿਸ ਕਾਰਨ ਅਤਿਅੰਤ ਹਾਨੀਕਾਰਕ ਰਸਾਇਣਕ ਰੰਗਾਂ ਦਾ ਪ੍ਰਯੋਗ ਹੋਣ ਲੱਗ ਪਿਆ। ਮਿੱਟੀ ਉਡਾਉਣਾ, ਚਿੱਕੜ ਸੁੱਟਣਾ, ਟੋਲੀਆਂ ਬਣਾ ਕੇ ਬਜ਼ਾਰਾਂ ਵਿਚ ਖੜ੍ਹੇ ਹੋ ਕੇ ਰਾਹੀਆਂ ਨੂੰ ਤੰਗ ਕਰਨਾ ਹੋਲੀ ਦਾ ਇਕ ਜ਼ਰੂਰੀ ਅੰਗ ਹੀ ਮੰਨ ਲਿਆ ਗਿਆ।*

*ਜਦੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਲੋਕਾਂ ਨੂੰ ਅਜਿਹੇ ਕੋਝੇ ਢੰਗ ਨਾਲ ਹੋਲੀ ਮਨਾਉਂਦਿਆਂ ਦੇਖਿਆ ਤਾਂ ਸਿੱਖਾਂ ਨੂੰ ਹੋਲੀ ਦੇ ਬਦਲ ਵਜੋਂ ਹੋਲੇ ਮਹੱਲੇ ਦੇ ਰੂਪ ਵਿਚ ਖਾਲਸਈ ਤਿਉਹਾਰ ਬਖਸ਼ਿਸ਼ ਕੀਤਾ। ਇਹ ਹੋਲੇ ਦਾ ਪੁਰਬ ਹੋਲੀ ਦੀਆਂ ਕੁਰੀਤੀਆਂ ਤੋਂ ਪੂਰੀ ਤਰ੍ਹਾਂ ਰਹਿਤ ਅਤੇ ਨਿਰਮਲ ਹੈ ਅਤੇ ਇਸ ਨੂੰ ਮਨਾਉਣ ਲਈ ਪ੍ਰਚਲਿਤ ਕੀਤਾ ਗਿਆ ਢੰਗ ਵੀ ਖਾਲਸਾ ਪੰਥ ਵਿਚ ਬਾਹਰੀ ਅਤੇ ਅੰਤਰੀਵੀ ਦੋਨਾਂ ਰੂਪਾਂ ਵਿਚ ਬੀਰ-ਰਸ ਦਾ ਸੰਚਾਰ ਕਰਨ ਵਾਲੀ ਗੁਰਮਤਿ ਭਾਵਨਾ ਦੇ ਅਨੁਕੂਲ ਵੀ ਹੈ। ਹੋਲਾ-ਮਹੱਲਾ ਗੁਰੂ ਜੀ ਦੀ ਆਪਣੀ ਦੇਖ-ਰੇਖ ਅਤੇ ਅਗਵਾਈ ਹੇਠ ਖਾਲਸਾ ਪੰਥ ਦੀ ਜਨਮ-ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਤੇ ਚੇਤ ਵਦੀ ੦੧ ਸੰਮਤ ੧੭੫੭ (੧੭੦੦ ਈ.) ਵਿਚ ਮਨਾਇਆ ਜਾਣਾ ਅਰੰਭ ਹੋਇਆ। ਆਪਣੀਆਂ ਖਾਲਸਈ ਫੌਜਾਂ ਨੂੰ ਚੁਸਤ-ਦਰੁਸਤ ਤੇ ਸਦ-ਕਿਰਿਆਸ਼ੀਲ ਰੱਖਣ, ਉਨ੍ਹਾਂ ਨੂੰ ਹਰੇਕ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ-ਬਰ-ਤਿਆਰ ਰਹਿਣ ਲਈ ਅਤੇ ਹੋਰ ਵੀ ਦ੍ਰਿੜ੍ਹ ਕਰਨ ਦੇ ਉਦੇਸ਼ ਦੀ ਪੂਰਤੀ ਕਰਨ ਹਿੱਤ ਗੁਰੂ ਜੀ ਨੇ ਹੋਲੇ ਮਹੱਲੇ ਦਾ ਨਿਆਰਾ ਰੂਪ ਪੇਸ਼ ਕੀਤਾ।*

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਖਸ਼ਿਸ਼ ਕੀਤੇ ਗਏ ਖਾਲਸਈ ਹੋਲੇ-ਮਹੱਲੇ ਦੀ ਪਰੰਪਰਾ ਨੂੰ ਗੁਰੂ ਜੀ ਦੇ ਸਾਜੇ-ਨਿਵਾਜੇ ਖਾਲਸਾ ਪੰਥ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਇਕ ਅਮੁੱਲ ਖਜ਼ਾਨੇ ਦੇ ਤੌਰ 'ਤੇ ਸਾਂਭਣ ਲਈ ਹਰ ਸੰਭਵ ਯਤਨ ਕੀਤਾ ਹੈ। ਹਰ ਸਾਲ ਫੱਗਣ ਦੇ ਮਹੀਨੇ ਸਿੱਖ ਸੰਗਤਾਂ ਬੜੇ ਉਤਸ਼ਾਹ ਅਤੇ ਸ਼ਰਧਾ-ਭਾਵਨਾ ਨਾਲ ਉਡੀਕ ਕਰਦੀਆਂ ਹਨ ਕਿ ਕਦੋਂ ਹੋਲੇ-ਮਹੱਲੇ ਦਾ ਦਿਨ ਆਏ ਅਤੇ ਉਹ ਅਨੰਦਪੁਰ ਸਾਹਿਬ ਪਹੁੰਚ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਦਰਬਾਰ ਵਿਖੇ ਹਾਜ਼ਰੀਆਂ ਭਰਨ। ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦਾ ਨਜ਼ਾਰਾ ਅਜਿਹਾ ਨਿਆਰਾ ਹੁੰਦਾ ਹੈ ਜੋ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੈ, ਇਸ ਨਜ਼ਾਰੇ ਦੀ ਵਿਲੱਖਣਤਾ ਨੂੰ ਸਿਰਫ਼ ਦੇਖਣ ਨਾਲ ਹੀ ਮਹਿਸੂਸ ਕੀਤਾ ਜਾ ਸਕਦਾ ਹੈ।*

*ਅੱਜ ਦੇਸ਼ ਦੇ ਮੌਜੂਦਾ ਰਾਜਨੀਤਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਨੈਤਿਕ ਆਦਿ ਪੱਧਰਾਂ 'ਤੇ ਹਾਲਾਤ ਕਾਫੀ ਵੱਡੀਆਂ ਤੇ ਗੰਭੀਰ ਚੁਣੌਤੀਆਂ ਨਾਲ ਭਰੇ ਹੋਣ ਕਰਕੇ ਕੋਈ ਸੁਖਾਵੇਂ ਨਹੀਂ। ਅਜੋਕੇ ਦੌਰ ਵਿਚ ਸਾਡੀ ਸਭ ਤੋਂ ਵੱਡੀ ਤੇ ਅਹਿਮ ਲੋੜ ਪਰਸਪਰ ਪੰਥਕ ਏਕਤਾ ਤੇ ਆਪਸੀ ਸਦਭਾਵਨਾ ਕਾਇਮ ਰੱਖਣਾ ਹੈ। ਅੱਜ ਪੰਥ-ਵਿਰੋਧੀ ਤਾਕਤਾਂ ਸਿੱਖ ਪੰਥ ਦੀ ਸ਼ਕਤੀ ਨੂੰ ਖਿੰਡਾਉਣ ਵਾਸਤੇ ਪੱਬਾਂ ਭਾਰ ਹੋਈਆਂ ਪਈਆਂ ਹਨ। ਹੋਲੇ ਮਹੱਲੇ ਨੂੰ ਮਨਾਉਂਦਿਆਂ ਇਨ੍ਹਾਂ ਸਮਕਾਲੀ ਸੱਚਾਈਆਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾਣਾ ਚਾਹੀਦਾ। ਸਾਨੂੰ ਸਾਰਿਆਂ ਨੂੰ ਆਪਣੇ ਮਤਭੇਦ ਤਿਆਗ ਕੇ ਇਨ੍ਹਾਂ ਖਾਲਸਈ ਪੁਰਬਾਂ ਵਿਚ ਆਪਣੀ ਸ਼ਮੂਲੀਅਤ ਕਰ ਕੇ ਪੰਥਕ ਏਕਤਾ ਇਤਫਾਕ ਦਾ ਸਬੂਤ ਦੇਣਾ ਚਾਹੀਦਾ ਹੈ। ਅਸੀਂ ਖਾਲਸਈ ਨਿਸ਼ਾਨ ਹੇਠ ਇਕਜੁੱਟ ਹੋ ਕੇ ਹੀ ਪੰਥਕ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਹੋ ਸਕਾਂਗੇ ਅਤੇ ਤਾਂ ਹੀ ਸਾਡੇ ਇਹ ਖਾਲਸਈ ਪੁਰਬ ਮਨਾਉਣੇ ਸਾਰਥਕ ਹੋਣਗੇ।* ■

# ਹੋਲਾ ਮਹੱਲਾ

*-ਡਾ. ਜਗਜੀਤ ਸਿੰਘ**

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਚੇਤ ਵਦੀ ਇਕ ਸੰਮਤ ੧੭੫੭ (ਸੰਨ ੧੭੦੦ ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹਾ ਹੋਲਗੜ੍ਹ ਵਿਖੇ ਇਕ ਮਹਾਨ ਦੀਵਾਨ ਸਜਾਇਆ ਜਿਸ ਵਿਚ ਉਨ੍ਹਾਂ ਦੇ ਆਦੇਸ਼ਾਂ ਅਨੁਸਾਰ ਦੂਰ ਨੇੜੇ ਦੀਆਂ ਸੰਗਤਾਂ ਸ਼ਸਤਰ-ਬਸਤਰ ਸਜਾ ਕੇ, ਘੋੜੇ ਹਾਥੀਆਂ ਉੱਪਰ ਸੁਸ਼ੋਭਿਤ ਸੂਰਬੀਰ ਖਾਲਸਾ, ਨਿਹੰਗ ਫੌਜਾਂ, ਗਤਕਾ ਖੇਡਣ ਵਾਲੇ ਨੌਜਵਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਦੀਵਾਨ ਨੂੰ ਸੰਬੋਧਨ ਕਰਦਿਆਂ ਗੁਰੂ ਮਹਾਰਾਜ ਨੇ ਰੰਗਾਂ ਦੇ ਤਿਉਹਾਰ 'ਹੋਲੀ' ਨੂੰ 'ਹੋਲਾ ਮਹੱਲਾ' ਵਿਚ ਤਬਦੀਲ ਕਰਨ ਦਾ ਐਲਾਨ ਕੀਤਾ ਅਤੇ ਫੁਰਮਾਇਆ ਕਿ ਸੰਤ-ਸਿਪਾਹੀ ਖਾਲਸਾ 'ਹੋਲਾ ਮਹੱਲਾ' ਵਾਲੇ ਦਿਨ ਯੁੱਧ-ਵਿੱਦਿਆ ਦੇ ਕਰਤੱਵ, ਕਿਰਪਾਨ ਦੇ ਜੌਹਰ, ਗਤਕੇ ਦੇ ਪੈਂਤੜੇ, ਚੱਕਰਾਂ ਦੀ ਕਲਾ, ਘੋੜ ਸਵਾਰੀ, ਨੇਜ਼ਾਬਾਜ਼ੀ ਆਦਿ ਦੀ ਕਲਾ ਦਾ ਪ੍ਰਦਰਸ਼ਨ ਕਰੇਗਾ। ਗੱਲ ਕੀ ਹੋਲੀ ਦਾ ਇਹ ਤਿਉਹਾਰ, ਹੋਲਾ ਮਹੱਲਾ ਦੇ ਰੂਪ ਵਿਚ ਖਾਲਸੇ ਦੀ ਬੀਰ-ਰਸੀ ਪ੍ਰਦਰਸ਼ਨੀ ਅਤੇ ਰੰਗਾਂ-ਗੁਲਾਲਾਂ ਦੇ ਅਨੰਦਾਂ ਦੇ ਤਿਉਹਾਰ ਵਿਚ ਬਦਲ ਗਿਆ।

**ਪਿਛੋਕੜ:** ਹੋਲੀ ਦਾ ਸੰਬੰਧ ਹਰਣਾਖਸ਼ ਨਾਲ ਜੋੜਿਆ ਜਾਂਦਾ ਹੈ ਜੋ ਹਉਮੈਂ, ਅਹੰਕਾਰ ਵਿਚ ਸਾਰੀ ਪਰਜਾ ਤੋਂ ਰੱਬ ਦੀ ਥਾਂ ਆਪਣੀ ਪੂਜਾ ਕਰਾਉਣ ਲਈ ਬਜ਼ਿੱਦ ਸੀ। ਪਰ ਉਸ ਦਾ ਪੁੱਤਰ ਪ੍ਰਹਿਲਾਦ ਇਸ ਤੋਂ ਆਕੀ ਹੋ ਗਿਆ। ਉਹ ਪਿਤਾ ਦੀ ਨਹੀਂ, ਪਰਮਾਤਮਾ ਦੀ ਪੂਜਾ ਵਿਚ ਜੁੜਿਆ ਰਹਿੰਦਾ। 'ਜਲੇ ਹਰਨਾਖਸ਼, ਥਲੇ ਹਰਨਾਖਸ਼, ਹੈ ਭੀ ਹਰਨਾਖਸ਼, ਹੋਸੀ ਭੀ ਹਰਨਾਖਸ਼' ਕਹਿਣ ਦੀ ਥਾਂ 'ਜਲੇ ਹਰੀ, ਥਲੇ ਹਰੀ' ਉਚਾਰਨ ਕਰਦਾ। ਹਰਣਾਖਸ਼ ਇਸ ਵਿਦਰੋਹੀ ਬਾਲਕ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਉਸ ਦੀ ਭੈਣ ਹੋਲਿਕਾ (ਹੋਲੀ, ਢੂੰਡਾ) ਨੂੰ ਵਰ ਪ੍ਰਾਪਤ ਸੀ ਕਿ ਉਸ ਨੂੰ ਅੱਗ ਸਾੜ ਨਹੀਂ ਸਕੇਗੀ। ਉਸ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ ਵਿਚ ਵਿਚ ਦੇ ਕੇ ਮੱਚਦੀ ਅੱਗ ਵਿਚ ਬਿਠਾ ਦਿੱਤਾ ਜਿਸ ਵਿਚ ਹੋਲਿਕਾ ਤਾਂ ਸੜ ਗਈ, ਪਰ ਪ੍ਰਹਿਲਾਦ ਦਾ ਕੁਝ ਨਾ ਵਿਗੜਿਆ। ਇਸ ਦਾ ਹਵਾਲਾ ਗੁਰਬਾਣੀ ਵਿਚ ਵੀ ਪ੍ਰਾਪਤ ਹੈ:

*ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥*
*ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥ (ਪੰਨਾ ੪੫੧)*

ਇਸ ਪ੍ਰਕਰਣ ਵਿਚ ਹੀ ਅੱਗ ਬਾਲਣ ਦਾ ਰਿਵਾਜ ਚੱਲਿਆ ਅਤੇ ਖੁਸ਼ੀ ਦੇ ਪ੍ਰਤੀਕ ਵਜੋਂ ਇਕ-ਦੂਜੇ 'ਤੇ ਰੰਗ ਪਾਏ ਗਏ। ਹੌਲੀ-ਹੌਲੀ ਇਸ ਤਿਉਹਾਰ ਵਿਚ ਵਿਗਾੜ ਆਉਣਾ ਸ਼ੁਰੂ ਹੋਇਆ ਅਤੇ ਇਸ ਦੇ ਤੌਰ ਤਰੀਕੇ ਬਦਲ ਗਏ । ਰੰਗਾਂ ਦੀ ਥਾਂ ਹਰ ਤਰ੍ਹਾਂ ਦਾ ਕੂੜਾ ਕਰਕਟ, ਗੰਦ-ਮੰਦ ਇਕ ਦੂਜੇ ਉੱਤੇ ਸੁੱਟਣ ਦੀ ਪ੍ਰਥਾ ਚੱਲ ਪਈ ਅਤੇ ਇਸ ਨੂੰ ਸ਼ੂਦਰਾਂ ਦਾ ਤਿਉਹਾਰ

**੨੫, ਫੇਜ਼-੭, ਮੋਹਾਲੀ-੧੬੦੦੬੧। ਮੋ: +੯੧੯੭੭੯੮-੧੬੯੦੯*

ਗਰਦਾਨਿਆ ਗਿਆ। ਤਿੰਨ ਚਾਰ ਦਹਾਕੇ ਪਹਿਲਾਂ ਤਕ ਹੋਲੀਆਂ ਦੇ ਦਿਨਾਂ ਵਿਚ ਕਿਸੇ ਦਾ ਘਰੋਂ ਬਾਹਰ ਨਿਕਲਣ ਦਾ ਭਾਵ ਮੁਸੀਬਤ ਮੁੱਲ ਲੈਣਾ ਹੁੰਦਾ ਸੀ। ਰੇਲ ਗੱਡੀਆਂ, ਬੱਸਾਂ, ਟਰੱਕਾਂ ਅਤੇ ਹੋਰ ਆਵਾਜਾਈ ਦੇ ਸਾਧਨਾਂ ਨੂੰ ਚਿੱਕੜ, ਗੰਦਗੀ ਤੇ ਰੰਗਾਂ ਨਾਲ ਲਬੇੜ ਦਿੱਤਾ ਜਾਂਦਾ। ਲੋਕੀ ਸ਼ਰਾਬਾਂ ਪੀ ਕੇ ਗਲੀਆਂ-ਬਜ਼ਾਰਾਂ ਵਿਚ ਹੁਲੜਬਾਜ਼ੀ ਕਰਦੇ ਪਰ ਸਮਾਂ ਬੀਤਣ ਨਾਲ ਕੁਝ ਸੋਝੀ ਆਈ ਹੈ, ਕੁਝ ਸੁਧਾਰ ਹੋਇਆ ਹੈ।

ਹੋਲੀ ਇਕ ਮੌਸਮੀ ਤਿਉਹਾਰ ਵੀ ਹੈ। ਚੇਤ ਦਾ ਮਹੀਨਾ ਬਸੰਤ-ਬਹਾਰ ਦਾ ਸੁਹਾਵਣਾ ਖੁਸ਼ੀਆਂ ਭਰਿਆ ਮਹੀਨਾ ਮੰਨਿਆ ਜਾਂਦਾ ਹੈ। ਚੇਤ ਤੋਂ ਪਹਿਲਾਂ ਪੋਹ ਮਾਘ ਦੇ ਮਹੀਨਿਆਂ ਵਿਚ ਪਾਲੇ ਤੇ ਤੁਖਾਰ ਕਾਰਨ ਵੀਰਾਨਗੀ ਅਤੇ ਪੱਤਝੜ ਕਾਰਨ ਉਦਾਸੀ ਛਾਈ ਰਹਿੰਦੀ ਹੈ। ਬਸੰਤ ਵਿਚ ਕੁਦਰਤ ਮੌਲਦੀ ਹੈ, ਕਰੂੰਬਲਾਂ ਫੁੱਟਦੀਆਂ ਹਨ, ਹਰ ਪਾਸੇ ਹਰਿਆਵਲ ਦ੍ਰਿਸ਼ਟਮਾਨ ਹੁੰਦੀ ਹੈ। ਇਸ ਤਰ੍ਹਾਂ ਹੋਲੀ ਨੂੰ ਬਹਾਰ ਦੇ ਮੌਸਮ ਵਜੋਂ ਵੀ ਮਨਾਇਆ ਜਾਂਦਾ ਹੈ। ਗੁਰੂ ਮਹਾਰਾਜ ਨੇ ਇਸ ਸੁਹਾਵਣੀ ਰੁੱਤ ਨੂੰ ਪ੍ਰਭੂ-ਪਿਆਰ ਅਤੇ ਭਗਤੀ ਲਈ ਬੜਾ ਉੱਤਮ ਤੇ ਯੋਗ ਸਮਾਂ ਮੰਨਿਆ ਹੈ। ਗੁਰਬਾਣੀ ਵਿਚ ਬਾਹਰਲੇ ਕੱਚੇ ਤੇ ਫਿੱਕੇ ਰੰਗਾਂ ਦੀ ਹੋਲੀ ਖੇਡਣ ਦੀ ਥਾਂ ਪ੍ਰਭੂ ਦੇ ਪੱਕੇ ਮਜੀਠ ਰੰਗ ਵਿਚ ਰੰਗੇ ਜਾਣ ਦੀ ਪ੍ਰੇਰਨਾ ਕੀਤੀ ਹੈ:

*-ਰਾਮ ਰੰਗੁ ਕਦੇ ਉਤਰਿ ਨ ਜਾਇ॥*
*ਗੁਰੁ ਪੂਰਾ ਜਿਸੁ ਦੇਇ ਬੁਝਾਇ॥* *(ਪੰਨਾ ੧੯੪)*
*-ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥*
*ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥* *(ਪੰਨਾ ੭੨੨)*

ਨਾਮ ਰੰਗ ਪੱਕਾ ਮਜੀਠੀ ਰੰਗ ਹੈ ਜੋ ਕਦੇ ਨਹੀਂ ਉਤਰਦਾ। ਇਹ ਰੰਗ ਗੁਰੂ ਕਿਰਪਾ ਨਾਲ ਚੜ੍ਹਦਾ ਹੈ:

*ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥*
*ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥* *(ਪੰਨਾ ੭੩੧)*

ਇਸ ਹੋਲੀ ਨੂੰ ਪ੍ਰਭੂ-ਪਿਆਰ ਵਿਚ ਨਾਮ-ਰੰਗ ਵਿਚ ਰੰਗੀਜ ਕੇ ਨਾਮ-ਰਸੀਏ, ਸੰਤਾਂ-ਮਹਾਂਪੁਰਸ਼ਾਂ ਦੀ ਸੰਗਤ ਮਾਣ ਕੇ ਨਾਮ-ਜਪ-ਸਿਮਰਨ ਦੇ ਰੰਗ ਵਿਚ ਰੰਗੀਜ ਕੇ ਮਨਾਉਂਦੇ ਹਨ:

*ਆਜੁ ਹਮਾਰੈ ਬਨੇ ਫਾਗ॥ ਪ੍ਰਭ ਸੰਗੀ ਮਿਲਿ ਖੇਲਨ ਲਾਗ॥*
*ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥* *(ਪੰਨਾ ੧੧੮੦)*

ਦਰਅਸਲ ੧੫ਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਸੰਚਾਲਿਤ ਸਿੱਖ ਧਰਮ ਇਕ ਇਨਕਲਾਬੀ ਲਹਿਰ ਸੀ ਜਿਸ ਨੇ ਭਾਰਤੀ ਸਮਾਜ ਦੇ ਨਕਾਰਾਤਮਕ ਧਾਰਮਿਕ ਅਤੇ ਸਮਾਜਿਕ ਵਿਸ਼ਵਾਸਾਂ ਅਤੇ ਰਹੁ-ਰੀਤਾਂ ਦਾ ਘੁੱਪ ਹਨ੍ਹੇਰਾ ਗਿਆਨ ਦੀ ਰੋਸ਼ਨੀ ਨਾਲ ਦੂਰ ਕਰਨ ਦਾ ਯਤਨ ਕੀਤਾ। ਅਨੇਕਾਂ ਦੇਵੀ-ਦੇਵਤਿਆਂ ਦੀ ਪੂਜਾ ਤੇ ਆਪਸੀ ਵੈਰ-ਵਿਰੋਧ; ਸ਼੍ਰੇਣੀ ਵੰਡ ਕਥਿਤ ਛੋਟੀਆਂ ਜਾਤਾਂ ਅਤੇ ਕਿਰਤੀਆਂ-ਮੋਚੀ, ਨਾਈ, ਛੀਂਬੇ, ਧੋਬੀ, ਲੁਹਾਰ, ਤਰਖਾਣ, ਮਿਸਤਰੀਆਂ ਆਦਿ ਪ੍ਰਤੀ ਨਫਰਤ ਅਤੇ ਛੂਤ-ਛਾਤ; ਪੰਡਿਤ ਪ੍ਰੋਹਿਤ ਸ਼੍ਰੇਣੀ ਦੀ ਹਉਮੈਂ-ਅਹੰਕਾਰ ਅਤੇ ਉੱਪਰੋਂ ਕਈ ਸਦੀਆਂ ਦੀ ਰਾਜਨੀਤਕ ਗ਼ੁਲਾਮੀ ਨੇ ਲੋਕਾਂ ਵਿਚ

ਸ੍ਵੈਮਾਣ ਅਤੇ ਅਣਖ ਵਾਲਾ ਜੀਵਨ ਜੀਉਣ ਦਾ ਉਤਸ਼ਾਹ ਤੇ ਭਾਵਨਾ ਖਤਮ ਕਰ ਦਿੱਤੀ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਨੇ ਇਸ ਬੋਦੇ ਬਿਖਰੇ ਸਮਾਜ ਨੂੰ ਨਵੀਆਂ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਪ੍ਰਦਾਨ ਕੀਤੀਆਂ, ਸਭਨਾਂ ਨੂੰ ਇਕ ਪਰਮਾਤਮਾ ਦੀ ਭਗਤੀ ਵਿਚ ਜੋੜਿਆ, ਇਕ ਪੰਗਤ ਵਿਚ ਬਿਠਾ ਕੇ ਸਾਂਝੇ ਲੰਗਰ ਦੀ ਪ੍ਰਥਾ ਚਲਾਈ, ਇਕ ਸੰਗਤ ਵਿਚ ਜੋੜ ਕੇ ਇਕ ਪ੍ਰਭੂ ਦੀ ਅਰਾਧਨਾ ਕਰਨ ਦੀ ਰੀਤ ਚਲਾਈ। ਇਸਤਰੀ ਨੂੰ ਗੁਰੂ, ਭਗਤ, ਸੂਰਬੀਰ ਦੀ ਜਨਨੀ ਕਹਿ ਕੇ ਸਤਿਕਾਰਿਆ। ਨਵੇਂ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਿਸ ਦੀ ਰੱਖਿਆ ਹਿੱਤ ਗੁਰੂਆਂ ਨੇ ਸਾਹਿਬਜ਼ਾਦਿਆਂ ਅਤੇ ਗੁਰਸਿੱਖਾਂ ਨੇ ਸੀਸ ਬਲੀਦਾਨ ਕੀਤੇ। ੧੬੯੯ ਈ. ਦੀ ਵੈਸਾਖੀ ਇਸ ਲਹਿਰ ਦਾ ਸਿਖ਼ਰ ਸੀ ਜਦੋਂ 'ਖਾਲਸੇ ਦੀ ਸਾਜਣਾ' ਹੋਈ। ਖਾਲਸੇ ਨੂੰ ਨਵਾਂ ਰੂਪ, ਨਵਾਂ ਲਿਬਾਸ, ਨਵੀਂ ਅਨੋਖੀ ਦਿੱਖ, ਸੰਤ-ਸਿਪਾਹੀ ਦਾ ਕਿਰਦਾਰ, ਸ੍ਵੈ-ਰੱਖਿਆ ਤੇ ਮਜ਼ਲੂਮ ਦੀ ਰੱਖਿਆ ਦਾ ਮਾਣ ਬਖਸ਼ਿਸ਼ ਕੀਤਾ। ਖਾਲਸੇ ਵਿਚ ਅਜ਼ਾਦੀ ਅਤੇ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ ਉਨ੍ਹਾਂ ਦੀਆਂ ਰਹੁਰੀਤਾਂ ਅਤੇ ਬੋਲ-ਬੋਲਾਰੇ ਵੀ ਬਦਲ ਦਿੱਤੇ। ਖਾਲਸੇ ਨੂੰ ਵਾਹਿਗੁਰੂ ਜੀ ਕਾ ਖਾਲਸਾ ਕਹਿ ਕੇ ਮਾਣ ਬਖਸ਼ਿਆ, ਵਾਹਿਗੁਰੂ ਕੀ ਫਤਹ ਰਾਹੀਂ ਖਾਲਸੇ ਨੂੰ ਹਰ ਮੈਦਾਨ ਫਤਹ ਦੀ ਅਸੀਸ ਦਿੱਤੀ। ਉਨ੍ਹਾਂ ਦੇ ਦਿਨ, ਤਿਉਹਾਰ, ਰਹੁ-ਰੀਤਾਂ ਵਿਚ ਵੀ ਨਵੇਂ-ਦ੍ਰਿਸ਼ਟੀਕੋਣ ਤੋਂ ਤਬਦੀਲੀਆਂ ਕੀਤੀਆਂ। ਹੋਲੀ ਨੂੰ ਵੀ ਇਸੇ ਪ੍ਰਕਰਣ ਵਿਚ ਹੋਲਾ ਮਹੱਲਾ ਦਾ ਰੂਪ ਦਿੱਤਾ:

*ਔਰਨ ਕੀ ਹੋਲੀ ਮਮ ਹੋਲਾ। ਕਹਯੋ ਕ੍ਰਿਪਾ ਨਿਧਿ ਬਚਨ ਅਮੋਲਾ।*

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹੋਲਾ ਮਹੱਲਾ ਦਾ ਭਾਵ ਹੈ- ਹਮਲਾ ਅਤੇ ਜਾਯ ਹਮਲਾ, ਹੱਲਾ ਅਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤੱਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿੱਖਿਆ ਦਿੰਦੇ ਸੀ ਅਤੇ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ। ਖਾਲਸੇ ਵਿਚ ਸੁਤੰਤਰਤਾ, ਸ੍ਵੈ-ਮਾਨ ਅਤੇ ਬੀਰਤਾ ਦਾ ਅੰਸ਼ ਭਰਨ ਲਈ ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜ ਕਿਲ੍ਹੇ ਉਸਾਰੇ: ਅਨੰਦਗੜ੍ਹ, ਲੋਹਗੜ੍ਹ, ਫਤਿਹਗੜ੍ਹ, ਕੇਸਗੜ੍ਹ, ਹੋਲਗੜ੍ਹ। ਸ਼ਸਤਰਧਾਰੀ ਸੰਤ-ਸਿਪਾਹੀ ਖਾਲਸੇ ਦੀ ਸਾਜਣਾ ਅਤੇ ਗੁਰੂ ਮਹਾਰਾਜ ਜੀ ਦੇ ਹੋਰ ਸਾਰੇ ਕਾਰਜ ਇਹ ਸਿੱਧ ਕਰਦੇ ਹਨ ਕਿ ਸਦੀਆਂ ਤੋਂ ਵਿਦੇਸ਼ੀ ਹਕੂਮਤ ਦੀ ਗ਼ੁਲਾਮੀ ਸਹਾਰਦੇ ਨਿਰਬਲ ਹੋਏ ਭਾਰਤੀਆਂ ਵਿਚ ਗੁਰੂ ਮਹਾਰਾਜ ਅਣਖ ਅਤੇ ਸੂਰਬੀਰਤਾ ਦਾ ਜਜ਼ਬਾ ਭਰਨਾ ਚਾਹੁੰਦੇ ਸੀ, ਸੁਤੰਤਰਤਾ ਦੀ ਲਾਗ ਲਗਾਉਣੀ ਚਾਹੁੰਦੇ ਸੀ। ਮੁਗ਼ਲ ਰਾਜ ਵਿਚ ਜਨਤਾ ਨੂੰ ਗ਼ੁਲਾਮ ਅਤੇ ਹੀਣ-ਭਾਵ ਵਿਚ ਰੱਖਣ ਲਈ ਬੜੇ ਸਖਤ ਕਾਨੂੰਨ ਬਣਾਏ ਗਏ ਸੀ। ਜਿਵੇਂ ਸ਼ਸਤਰ ਧਾਰਨ ਕਰਨ ਅਤੇ ਰੱਖਣ ਦੀ ਮਨਾਹੀ, ਦਸਤਾਰ ਅਤੇ ਕਲਗੀ ਸਜਾਉਣ ਦੀ ਮਨਾਹੀ, ਘੋੜ ਸਵਾਰੀ ਕਰਨ ਦੀ ਮਨਾਹੀ, ਝੰਡਾ, ਨਗਾਰਾ, ਫੌਜ ਰੱਖਣ ਦੀ ਮਨਾਹੀ ਇਤਿਆਦਿ।

ਅਰਥਾਤ ਚੰਗੇ ਤੇ ਸ਼ਾਹੀ ਸਾਰੇ ਕਾਰਜ ਹਕੂਮਤ ਕਰਨ ਵਾਲਿਆਂ ਲਈ ਸੁਰੱਖਿਅਤ ਸਨ। ਗੁਰੂ ਮਹਾਰਾਜ ਦੀ ਸਾਰੀ ਕਿਰਿਆ ਇਨ੍ਹਾਂ ਬੇਗੈਰਤੀ ਕਾਨੂੰਨਾਂ ਵਿਰੁੱਧ ਬਹੁਤ ਵੱਡਾ

ਵਿਦਰੋਹ ਸੀ। ਇਸੇ ਲਈ ਸਮੂਹ ਖਾਲਸੇ ਨੂੰ ਸ਼ਸਤਰਧਾਰੀ ਹੋਣਾ, ਦਸਤਾਰ ਦੁਮਾਲੇ ਸਜਾਣੇ, ਘੋੜੇ ਹਾਥੀ ਰੱਖਣੇ, ਕਿਲ੍ਹੇ ਉਸਾਰਨੇ, ਨਿਸ਼ਾਨ ਸਾਹਿਬ ਝੁਲਾਣੇ, ਨਗਾਰੇ ਵਜਾਣੇ ਇਤਿਆਦਿ ਸ਼ਾਮਲ ਸੀ। ਗੁਰੂ ਜੀ ਨੇ ਖਾਲਸੇ ਨੂੰ ਚੜ੍ਹਦੀ ਕਲਾ ਦੇ ਬੋਲ-ਬੁਲਾਰੇ ਵੀ ਦਿੱਤੇ। ਕੁਝ ਬੋਲੇ ਧਿਆਨ ਯੋਗ ਹਨ- "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥" ਇੱਕ ਨੂੰ ਸਵਾ ਲੱਖ ਕਹਿਣਾ- (ਸਵਾ ਲਾਖ ਸੇ ਏਕ ਲੜਾਊ) ਮੌਤ ਨੂੰ ਚੜ੍ਹਾਈ ਕਰਨਾ ਕਿਹਾ, ਤੇਗ ਨੂੰ ਤੇਗਾ, ਪੱਗ ਨੂੰ ਦਸਤਾਰਾ, ਦਾੜ੍ਹੀ ਨੂੰ ਦਾੜ੍ਹਾ, ਇਸੇ ਤਰ੍ਹਾਂ ਹੋਲੀ ਨੂੰ 'ਹੋਲਾ ਮਹੱਲਾ' ਖਾਲਸੇ ਦੀ ਚੜ੍ਹਦੀ ਕਲਾ ਅਤੇ ਵਿਲੱਖਣਤਾ ਦਾ ਚਿੰਨ੍ਹ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ:

*ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ,*
*ਛਕਾ ਪ੍ਰਸ਼ਾਦਾ ਸਜਾ ਦਸਤਾਰਾ ਅਰੁ ਕਰਦੋਨਾ ਟੋਲਾ ਹੈ,*
*ਸੁਭਟ ਸੁਚਾਲਾ ਅਰੁ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ,*
*ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।*

ਚੜ੍ਹਦੀ ਕਲਾ ਦੀ ਇਸ ਪਰੰਪਰਾ ਨੂੰ ਨਿਰੰਤਰ ਜਾਰੀ ਰੱਖਣ ਲਈ ਅੱਜ ਵੀ ਖਾਲਸਾ ਸ੍ਰੀ ਅਨੰਦਪੁਰ ਸਾਹਿਬ ਹੋਲਾ ਮਹੱਲਾ ਮਨਾਉਣ ਲਈ ਵੱਡੀ ਗਿਣਤੀ ਵਿਚ ਇਕੱਤਰ ਹੁੰਦਾ ਹੈ। ਵੱਡੇ ਦੀਵਾਨ ਸਜਦੇ ਹਨ। ਅਨੇਕਾਂ ਗਤਕਾ ਪਾਰਟੀਆਂ, ਦੁਮਾਲੇ ਸਜਾਏ ਸ਼ਸਤਰਾਂ ਬਸਤਰਾਂ ਵਿਚ ਸਜੇ ਹੋਏ ਨਿਹੰਗ ਸਿੰਘਾਂ ਦੇ ਜਥੇ, ਘੋੜਿਆਂ ਤੇ ਹਾਥੀਆਂ 'ਤੇ ਸਵਾਰ ਖਾਲਸਾ ਫੌਜ ਜਦੋਂ ਹੋਲੇ ਦੇ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੁੰਦੀ ਹੈ ਤਾਂ ਖਾਲਸੇ ਦੀ ਸ਼ਾਨ ਜਲੌ ਤੇ ਸੂਰਬੀਰਤਾ ਦੇ ਕਰਤੱਵ ਵੇਖ ਕੇ, 'ਖਾਲਸਾ ਮੇਰੋ ਰੂਪ ਹੈ ਖਾਸ' ਦਾ ਵਰਦਾਨ ਪ੍ਰਤੱਖ ਦ੍ਰਿਸ਼ਮਾਨ ਹੁੰਦਾ ਹੈ। ਸ਼ਸਤਰਾਂ ਬਸਤਰਾਂ ਨਾਲ ਸਜਿਆ ਇਹ ਹੋਲਾ ਮਹੱਲਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪ੍ਰਾਰੰਭ ਹੁੰਦਾ ਹੈ, ਕਿਲ੍ਹਾ ਅਨੰਦਗੜ੍ਹ ਸਾਹਿਬ ਹੁੰਦਾ ਹੋਇਆ, ਕਿਲ੍ਹਾ ਹੋਲਗੜ੍ਹ ਸਾਹਿਬ ਵਿਖੇ ਸੰਪੰਨ ਹੁੰਦਾ ਹੈ। ਇਸ ਦੌਰਾਨ ਅਸਤਰਾਂ ਸ਼ਸਤਰਾਂ ਦੇ ਤਰ੍ਹਾਂ-ਤਰ੍ਹਾਂ ਦੇ ਕਰਤਬ ਵਿਖਾਏ ਜਾਂਦੇ ਹਨ। ਸਿੰਘਾਂ ਦੀ ਘੋੜ-ਦੌੜ, ਗਤਕਾਬਾਜ਼ੀ, ਨੇਜ਼ਾਬਾਜ਼ੀ, ਤੀਰ-ਅੰਦਾਜ਼ੀ ਆਦਿ ਦੇ ਨਜ਼ਾਰੇ ਸੂਰਬੀਰਤਾ ਦੇ ਮਹਾਨ ਦ੍ਰਿਸ਼ ਪੇਸ਼ ਕਰਦੇ ਹਨ। ਨਿਹੰਗ, ਖਾਲਸਾ ਫੌਜ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਮਸਨੂਈ ਲੜਾਈ ਰਚਦੇ ਹਨ ਅਤੇ ਜੇਤੂ ਦਲ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਮਹੱਲੇ 'ਤੇ ਗੁਲਾਲ ਅਤੇ ਕਸਤੂਰੀ ਆਦਿ ਦੀ ਫੁਹਾਰ ਕੀਤੀ ਜਾਂਦੀ ਹੈ, ਆਈ ਸੰਗਤ ਦੇ ਵੀ ਬਸਤਰ ਲਾਲ ਰੰਗਾਂ ਨਾਲ ਗੜੁੱਚ ਹੋਏ ਦਿੱਸਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਅਤੇ ਸ੍ਰੀ ਹਜ਼ੂਰ ਸਾਹਿਬ ਦਾ ਹੋਲਾ ਮਹੱਲਾ ਯਾਦਗਾਰੀ ਦ੍ਰਿਸ਼ ਪੇਸ਼ ਕਰਦੇ ਹਨ। ਲੋੜ ਹੈ ਕਿ ਇਸ ਪਰੰਪਰਾ ਨੂੰ ਸਮੁੱਚਾ ਖਾਲਸਾ ਪੰਥ ਸਮੁੱਚੇ ਭਾਰਤ ਵਿਚ, ਪ੍ਰਦੇਸਾਂ ਵਿਚ, ਹਰ ਰਾਜ ਵਿਚ, ਹਰ ਸ਼ਹਿਰ ਤੇ ਕਸਬੇ ਵਿਚ, ਜਿੱਥੇ-ਜਿੱਥੇ ਗੁਰਦੁਆਰਾ ਸਾਹਿਬ ਸਥਾਪਤ ਹਨ, ਹੋਲਾ-ਮਹੱਲਾ ਆਨ-ਸ਼ਾਨ ਨਾਲ ਮਨਾਇਆ ਜਾਵੇ ਅਤੇ ਨੌਜਵਾਨਾਂ ਨੂੰ ਗਤਕੇ ਸ਼ਸਤਰਾਂ ਦੀ ਸਿੱਖਿਆ ਦਿੱਤੀ ਜਾਵੇ। ਹਰ ਗੁਰਦੁਆਰਾ ਸਾਹਿਬ, ਸਕੂਲ, ਕਾਲਜ, ਯੂਨੀਵਰਸਿਟੀਆਂ ਵਿਚ ਵੀ ਸਿਖਲਾਈ ਦੇਣ ਦੇ ਪ੍ਰਬੰਧ ਕੀਤੇ ਜਾਣ ਅਤੇ ਹੋਲਾ ਮਹੱਲਾ ਦੇ ਦਿਨ ਵਿਸ਼ੇਸ਼ ਤੌਰ 'ਤੇ ਇਨ੍ਹਾਂ ਦੀਆਂ ਟੀਮਾਂ ਬਣਾ ਕੇ ਮੁਕਾਬਲੇ ਕਰਵਾਏ ਜਾਣ ਅਤੇ ਇਨਾਮ ਦਿੱਤੇ ਜਾਣ। ਸਿੱਖੀ ਦਾ ਸੰਤ-
ispwhI sr bJ kwiem r Kxwz rUI hY ■

# ਸ੍ਰੀ ਅਗੰਮਪੁਰ ਹੋਲਗਢ ਹੋਲਾ ਖਲ ਅਪਾਰ

*-ਡਾ. ਜਸਬੀਰ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਖਾਲਸੇ ਵਿਚ ਸੂਰਬੀਰਤਾ, ਨਿਰਭੈਤਾ ਤੇ ਚੜ੍ਹਦੀ ਕਲ੍ਹਾ ਦਾ ਜਾਹ-ਓ-ਜਲਾਲ ਭਰਨ ਲਈ ਹੋਲਗੜ੍ਹ ਕਿਲ੍ਹਾ ਬਣਾ ਕੇ ਚੇਤ ਵਦੀ ਇੱਕ ਸੰਮਤ ੧੭੫੭ (੧੭੦੦ ਈ.) ਨੂੰ ਹੋਲਾ ਮਹੱਲਾ ਖੇਡਣ ਦੀ ਸ਼ੁਰੂਆਤ ਕੀਤੀ। ਬੀਰ-ਰਸ ਨਾਲ ਭਰਪੂਰ ਇਹ ਸੰਤ-ਸਿਪਾਹੀਆਂ ਦੇ ਉਤਸ਼ਾਹੀ ਜੋਸ਼ ਦੀ ਆਭਾ ਹੀ ਸੀ ਜਿਸ ਅੱਗੇ ਜ਼ੁਲਮ ਤੇ ਜ਼ਾਲਮ ਪਾਸ਼-ਪਾਸ਼ ਹੋ ਜਾਂਦੇ ਸਨ। ਖਾਲਸੇ ਨੂੰ ਹੋਲੀਆਂ ਦੇ ਰੰਗ-ਤਮਾਸ਼ਿਆਂ 'ਚੋਂ ਬਾਹਰ ਕੱਢ ਕੇ ਹੋਲਾ ਮਹੱਲਾ ਦਾ ਸੈਨਕੀ ਐਲਾਨ-ਨਾਮਾ ਜਾਰੀ ਕੀਤਾ। 'ਹੋਲਾ ਮਹੱਲਾ' ਦੋ ਸ਼ਬਦਾਂ ਦਾ ਸੁਮੇਲ ਹੈ। 'ਹੋਲਾ' ਅਰਬੀ ਤੋਂ ਅਤੇ 'ਮਹੱਲਾ' ਫ਼ਾਰਸੀ ਤੋਂ ਆਏ ਹਨ। 'ਹੋਲਾ' ਦਾ ਅਰਥ ਹੈ 'ਹਮਲਾ' ਅਤੇ 'ਮਹੱਲਾ' ਦਾ ਅਰਥ 'ਜਾਇ-ਹਮਲਾ' ਹੈ।

ਗੁਰੂ ਸਾਹਿਬ ਨੇ ਜੰਗੀ ਪੈਂਤੜੇਬਾਜ਼ੀ ਦੀ ਸ਼ੁਰੂਆਤ ਹੀ ਲੋਕ-ਮਨਾਂ ਵਿਚ ਦ੍ਰਿੜ੍ਹਤਾ ਦਾ ਅਹਿਸਾਸ ਜਗਾਉਣ ਲਈ ਕੀਤੀ ਕਿ ਹਮਲਾ ਕਿਸ ਸਮੇਂ 'ਤੇ ਕਿੱਥੇ ਕਰਨਾ ਹੈ? ਤਵਾਰੀਖ਼ ਵਿਚ ਪਹਿਲੀ ਵਾਰ ਤਲਵਾਰ ਦੀ ਮਾਰੂ ਸ਼ਕਤੀ ਨੂੰ ਉਸਾਰੂ-ਸ਼ਕਤੀ ਵਿਚ ਬਦਲਣ ਦਾ ਸਿਹਰਾ ਕਲਗੀਧਰ ਪਿਤਾ ਨੂੰ ਜਾਂਦਾ ਹੈ। ਗੁਰੂ ਸਾਹਿਬ 'ਹੋਲਾ ਮਹੱਲਾ' ਦੇ ਦਿਨ ਸੈਨਿਕ ਸਿੰਘਾਂ ਦੀਆਂ ਦੋ ਟੁੱਕੜੀਆਂ ਬਣਾ ਜੰਗ ਕਰਾਉਂਦੇ। ਉਨ੍ਹਾਂ ਨੂੰ ਤਲਵਾਰਬਾਜ਼ੀ ਤੇ ਜੰਗੀ ਕਰਤਵਾਂ ਨਾਲ ਸਿੰਘਾਂ ਨੂੰ ਮੁਹਾਰਤ ਹਾਸਲ ਕਰਨ ਲਈ ਕਈ ਜੰਗੀ ਤਕਨੀਕਾਂ ਤੋਂ ਜਾਣੂ ਕਰਾਉਂਦੇ। ਗੁਰੂ ਜੀ ਜੇਤੂ ਸੈਨਿਕ ਟੁੱਕੜੀ ਨੂੰ ਦੀਵਾਨ ਸਜਾ ਕੇ ਸਿਰੋਪਾਓ ਬਖਸ਼ਿਸ਼ ਕਰਦੇ। ਇੰਝ ਗੁਰੂ ਸਾਹਿਬ ਨੇ ਹੋਲੀਆਂ ਦੇ ਰੰਗ-ਤਮਾਸ਼ਿਆਂ ਤੋਂ ਸਿੰਘਾਂ ਨੂੰ ਪੂਰੀ ਤਰ੍ਹਾਂ ਮੁਕਤ ਕਰ ਕੇ ਬੀਰ-ਰਸੀ ਸਿੰਘਪੁਣੇ ਲਈ 'ਖਾਲਸੇ ਦੇ ਹੋਲਾ' ਦੀ ਪਰੰਪਰਾ ਦੀ ਸ਼ੁਰੂਆਤ ਕੀਤੀ।

ਗੁਰੂ ਸਾਹਿਬ ਦੇ ਚਿੰਤਕ ਦਰਬਾਰੀ ਕਵੀ ਭਾਈ ਨੰਦ ਲਾਲ ਜੀ ਹੋਲਾ ਮਹੱਲਾ ਦੇ ਅੱਖੀਂ ਵੇਖੇ ਦ੍ਰਿਸ਼ ਨੂੰ ਕਲਮਬੰਦ ਕਰ ਕੇ ਲਿਖਦੇ ਹਨ:

*ਗੁਲਿ ਹੋਲੀ ਬਬਾਗ਼ਿ ਦਹਿਰ ਬੂ ਕਰਦ*
*ਲਬਿ ਚੂੰ ਗੁੰਚਾ ਰਾ ਫ਼ਰਖ਼ੰਦਾ ਖ਼ੂ ਕਰਦ।*
*ਗੁਲਾਬੋ ਅੰਬਰੋ ਮਸ਼ਕੋ ਅਬੇਰੀ*
*ਚੁ ਬਾਰਾਨਿ ਬਾਰਿਸ਼ ਅਜ਼ ਸੂ ਬਸੂ ਕਰਦ।*
*ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ।*
*ਕਿ ਹਰ ਬੇਰੰਗ ਰਾ ਖ਼ੁਸ਼ਰੰਗੋ ਬੂ ਕਰਦ।*
*ਗੁਲਾਲਿ ਅਫ਼ਸ਼ਾਨੀਇ ਦਸਤਿ ਮੁਬਾਰਿਕ*

*Sant Niwas, R-11, Swarn Colony, Gole Gujral, Jammu Tawi-180002; M: 099065-66604

*ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ। ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼*
*ਚੂ ਸ਼ਾਹਮ ਜਾਮਾ ਰੰਗੀਨ ਦਰ ਗੁਲੂ ਕਰਦ। ਕਸੇ ਕੂ ਦੀਦ ਦੀਦਾਰਿ ਮੁਕੱਦਸ*
*ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ। ਸ਼ਵਦ ਕੁਰਬਾਨ ਖ਼ਾਕਿ ਰਾਹਿ ਸੰਗਤ*
*ਦਿਲਿ ਗੋਯਾ ਹਮੀਂ ਰਾ ਆਰਜ਼ੂ ਕਰਦ।*

ਭਾਵ: ਹੋਲੀ ਦੇ ਫੁੱਲਾਂ ਨੇ ਜ਼ਮਾਨੇ ਦੇ ਬਾਗ਼ ਨੂੰ ਮਹਿਕ ਨਾਲ ਭਰ ਦਿੱਤਾ, ਬੰਦ ਕਲੀ ਵਰਗੇ ਹੋਠਾਂ ਨੂੰ ਸੁਭਾਗੀ ਤਬੀਅਤ ਵਾਲਾ ਬਣਾ ਦਿੱਤਾ। ਉਸ ਨੇ ਮੀਂਹ ਦੇ ਪਾਣੀ ਵਾਂਗ, ਗ਼ੁਲਾਬ, ਅੰਬਰ, ਮੁਸ਼ਕ ਤੇ ਅਬੀਰ ਨੂੰ ਸਾਰੇ ਪਾਸੇ ਖਲੇਰ ਦਿੱਤਾ। ਕੇਸਰ ਭਰੀ ਪਿਚਕਾਰੀ ਦਾ ਕਿਆ ਕਹਿਣਾ? ਕਿ ਉਸ ਨੇ ਹਰ ਬਦ-ਰੰਗ ਨੂੰ ਹੀ ਰੰਗੀਨ ਤੇ ਸੁਗੰਧਿਤ ਕਰ ਦਿੱਤਾ। ਉਸ ਦੇ ਮੁਬਾਰਕ ਹੱਥਾਂ ਦੇ ਗ਼ੁਲਾਲ ਛਿੜਕਣ ਨੇ, ਧਰਤ ਅਸਮਾਨ ਨੂੰ ਲਾਲੋ-ਲਾਲ ਕਰ ਦਿੱਤਾ। ਉਸ ਦੀ ਕਿਰਪਾ ਦੁਆਰਾ ਦੋਵੇਂ ਦੁਨੀਆ ਰੰਗੀਨ ਹੋ ਗਈਆਂ, ਉਸ ਨੇ ਸ਼ਾਹਾਂ ਵਾਂਗ ਮੇਰੇ ਗ਼ਲ ਵਿਚ ਰੰਗੀਨ ਕੱਪੜੇ ਪਵਾ ਦਿੱਤੇ। ਜਿਸ ਕਿਸੇ ਨੇ ਵੀ ਉਸ ਦੇ ਪਵਿੱਤਰ ਦਰਸ਼ਨ ਕੀਤੇ, ਉਸ ਨੇ ਸਮਝੋ ਉਮਰ ਦੀ ਮੁਰਾਦ ਚੰਗੀ ਪਾ ਲਈ। ਸੰਗਤ ਦੇ ਰਾਹਾਂ ਦੀ ਧੂੜ ਤੋਂ ਕੁਰਬਾਨ ਹੋ ਜਾਵੇ। ਬਸ, ਗੋਯਾ ਦੇ ਦਿਲ ਦੀ ਏਨੀ ਹੀ ਚਾਹ ਹੈ!

ਇਸੇ ਫੌਜੀ ਸਪਿਰਟ ਨੇ ਅਤੇ ਬਾਅਦ ਵਿਚ ਸਿੰਘਾਂ ਦੇ ਲਗਾਤਾਰ ਸੰਗਰਾਮਾਂ ਤੇ ਸ਼ਹਾਦਤਾਂ ਦੇ ਸਿਲਸਿਲੇ ਨੇ ਸਿੱਖ ਧਰਮ ਦੇ ਆਦਰਸ਼ ਅਨੁਸਾਰ ਹਲੇਮੀ ਰਾਜ ਦੀ ਸਥਾਪਤੀ ਲਈ ਉਤਸ਼ਾਹਿਤ ਹੀ ਨਹੀਂ ਕੀਤਾ ਸਗੋਂ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੌਰਾਨ 'ਖਾਲਸਾ ਜੀ ਦਾ ਬੋਲਬਾਲਾ' ਪੰਜਾਬ ਵਿਚ ਹੋਇਆ। ਇਹ ਅਮਲੋਂ ਸੈਨਿਕੀ ਖਾਲਸਈ ਜਜ਼ਬਾ ਬਿਲਕੁਲ ਨਵਾਂ, ਬਲਵਾਨ, ਵਿਲੱਖਣ ਤੇ ਚੜ੍ਹਦੀ ਕਲਾ ਵਾਲਾ ਸੀ। ਗੁਰੂ ਸਾਹਿਬ ਦੀ ਪੈਗ਼ੰਬਰੀ ਅਜ਼ਮਤ ਨੇ ਖਾਲਸੇ ਦੀ ਸਾਜਣਾ ਸਮੇਂ ਇਹ ਮਹਿਸੂਸ ਕਰ ਲਿਆ ਸੀ ਕਿ ਸਮਾਜਿਕ, ਧਾਰਮਿਕ, ਰਾਜਸੀ ਪਿੜ ਅੰਦਰ ਸ਼ਸਤਰਧਾਰੀ ਰਹਿ ਕੇ ਹੀ ਜ਼ਾਲਮ ਤੇ ਲੋਕ-ਦੁਸ਼ਮਣ ਤਾਕਤਾਂ ਨੂੰ ਨਾਸ਼ ਕੀਤਾ ਜਾ ਸਕਦਾ ਹੈ:

*ਖਾਲਸਾ ਸੋ ਜੋ ਚੜਹਿ ਤੁਰੰਗ, ਖਾਲਸਾ ਸੋ ਜੋ ਕਰੇ ਨਿਤ ਜੰਗ।*
*ਖਾਲਸਾ ਸੋ ਜੋ ਸ਼ਸਤ੍ਰ ਕਉ ਧਾਰੈ, ਖਾਲਸਾ ਸੋ ਜੋ ਦੁਸ਼ਟ ਕਉ ਮਾਰੈ।*

*(ਸਰਬਲੋਹ ਗ੍ਰੰਥ)*

ਯੁੱਧ ਵਿੱਦਿਆ ਦਾ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਕਲਗੀਧਰ ਜੀ ਦੀ ਚਲਾਈ ਹੋਈ ਰੀਤ ਅਨੁਸਾਰ ਚੇਤ ਵਦੀ ਇਕ ਨੂੰ ਸਿੱਖਾਂ ਵਿਚ 'ਹੋਲਾ ਮਹੱਲਾ' ਹੁੰਦਾ ਹੈ ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਪੈਦਲ ਘੋੜ-ਸਵਾਰ ਤੇ ਸ਼ਸਤਰਧਾਰੀ ਦੋ ਪਾਸਿਆਂ ਤੋਂ ਇਕ ਖਾਸ ਹਮਲੇ ਦੀ ਥਾਂ ਉੱਤੇ ਹਮਲਾ ਕਰਦੇ ਸਨ। ਕਲਗੀਧਰ ਜੀ ਆਪ ਇਸ ਬਣਾਉਟੀ ਲੜਾਈ ਨੂੰ ਦੇਖਦੇ ਹੋਏ ਦੋਹਾਂ ਦਲਾਂ ਨੂੰ ਲੋੜੀਂਦੀ ਸ਼ੁੱਭ ਸਿੱਖਿਆ ਦਿੰਦੇ ਸਨ। ਜਿਹੜਾ ਦਲ ਜੇਤੂ ਹੁੰਦਾ ਉਸ ਨੂੰ ਦੀਵਾਨ 'ਚ ਵਿਸ਼ੇਸ਼ ਇਨਾਮ ਥਾਪੜਾ ਬਖਸ਼ਦੇ ਸਨ।

ਅਗੰਮਪੁਰਾ ਪਿੰਡ, ਅਨੰਦਪੁਰ ਸਾਹਿਬ ਤੋਂ ਤਕਰੀਬਨ ਇੱਕ ਕਿਲੋਮੀਟਰ ਦੂਰ ਹੈ। ਕਲਗੀਧਰ ਪਿਤਾ ਸ੍ਰੀ ਅਨੰਦਪੁਰ ਸਾਹਿਬ ਤੋਂ ਆ ਕੇ ਇੱਥੇ ਹੋਲੇ ਦਾ ਦੀਵਾਨ

ਸਜਾਉਂਦੇ ਸਨ। ਅਸਲ ਵਿਚ 'ਹੋਲਗੜ' ਨਾਂ 'ਹੋਲਾ ਮਹੱਲਾ' ਨਾਲ ਸੰਬੰਧਿਤ ਹੈ। ਸਿੱਖ ਤਵਾਰੀਖ ਅਨੁਸਾਰ ਜਿੱਥੇ ਗੁਰਦੁਆਰਾ ਕਿਲ੍ਹਾ ਹੋਲਗੜ੍ਹ ਹੈ, ਉੱਥੇ ਕਿਲ੍ਹਾ ਅਗੰਮਪੁਰ ਹੁੰਦਾ ਸੀ। ਇਸੇ ਹੋਲਗੜ੍ਹ ਦੇ ਕਿਲ੍ਹੇ ਅੱਗੇ ਚਰਨ ਗੰਗਾ ਦਾ ਖੁੱਲਾ ਮੈਦਾਨ ਸੀ। ਭਾਈ ਵੀਰ ਸਿੰਘ (ਬੱਲ) ਵੀ ਇਸ ਬਾਰੇ ਸੰਕੇਤ ਕਰਦੇ ਹਨ:

*ਸ੍ਰੀ ਅਗੰਮਪੁਰ ਹੋਲ ਗਢ ਹੋਲਾ ਖਲ ਅਪਾਰ।*
*ਚਰਨ ਗੰਗਾ ਕੇ ਘਾਟ ਆਇਯੋ ਗੁਰ ਦਰਬਾਰ॥੧੧੪॥*

ਕਬਿਤ:

*ਖੇਲ ਕੈ ਮਹੱਲਾ ਗੁਰ ਆਇਯੋ ਜੋ ਅਨੰਦਪੁਰ,*
*ਸੰਗਤ ਸਮੂਹਿ ਪਾਇ ਗਹੈ ਸਿਰ ਨਿਯਾਇ ਕੈ।*
*ਕ੍ਰਿਪਾ ਕੈ ਕਟਾਛ ਗੁਰ ਪੂਰੀ ਕੀਨੀ ਆਸ ਮਨ,*
*ਬਾਛ ਫਲ ਪਾਇ ਸਿੱਖ ਬਸੇ ਧਾਮ ਆਇ ਕੈ।*
*ਰਾਜਨ ਕੈ ਤੌਰ ਸਮ ਜਾਂ ਕੈ ਨਹੀਂ ਔਰ ਪੰਥ,*
*ਖਾਲਸਾ ਸਮੂਹਿ ਢਿਗ ਰਹਿਯੋ ਛਬ ਛਾਇ ਕੈ।*
*ਸਾਹਿਬ ਗੁਬਿੰਦ ਸਿੰਘ ਬੈਠੇ ਸ੍ਰੀ ਕੇਸਗਢ,*
*ਕਹੇ ਕਰ ਜੋਰ ਕਵ ਬੇਨਤੀ ਸੁਨਾਇ ਕੈ॥੧੧੫॥* *(ਸਿੰਘ ਸਾਗਰ, ਅੰਕ: ੯੦)*

'ਭੱਟ ਵਹੀਆਂ' ਅਨੁਸਾਰ ਹੋਲਗੜ੍ਹ ਤੇ ਅਗੰਮਪੁਰ ਦੋਵੇਂ ਕਿਲ੍ਹੇ ਮੌਜੂਦ ਸਨ। ੨੪ ਫਰਵਰੀ, ੧੭੦੨ ਨੂੰ ਵੀ 'ਹੋਲਾ ਮਹੱਲਾ' ਦਾ ਜਲੂਸ ਅਨੰਦਗੜ੍ਹ ਤੋਂ ਹੋਲਗੜ੍ਹ ਤਕ ਕੱਢਿਆ ਗਿਆ ਸੀ। ਹਰ ਵਰ੍ਹੇ ਮਾਰਚ ਦੇ ਅੱਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਬਾਰਕ ਕਦਮਾਂ ਨਾਲ ਫ਼ੈਜ਼ਯਾਬ ਹੋਈ ਸਰ-ਜ਼ਮੀਨ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਚ ਇਸ ਮੁਬਾਰਕ ਦਿਨ 'ਹੋਲਾ ਮਹੱਲਾ' ਨੂੰ ਖਾਲਸਈ ਜਾਹ-ਓ-ਜਲਾਲ ਨਾਲ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਦੀ ਜੰਗੀ ਪੈਂਤੜੇਬਾਜ਼ੀ, ਇਖ਼ਲਾਕੀ ਕਦਰਾਂ-ਕੀਮਤਾਂ ਤੇ ਮਾਨਵੀ ਅਸੂਲਾਂ 'ਤੇ ਨਿਰਭਰ ਕਰਦੀ ਸੀ, ਜਿਸ ਦੀ ਗਵਾਹੀ ਕਾਜ਼ੀ ਨੂਰ ਮੁਹੰਮਦ ਆਪਣੇ 'ਜੰਗਨਾਮਾ' ਵਿਚ ਕਰਦਾ ਹੈ। ਗੁਰੂ ਸਾਹਿਬ ਦੇ ਫੌਲਾਦੀ ਨਿਸ਼ਚੇ ਸਦਕਾ ਜਿੱਤਾਂ ਗੁਰੂ ਸਾਹਿਬ ਦੇ ਮੁਬਾਰਕ ਕਦਮਾਂ ਨੂੰ ਚੁੰਮਦੀਆਂ ਰਹੀਆਂ:-

*ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥*

*(ਚੰਡੀ ਚਰਿਤ੍ਰ)*

ਜ਼ੁਲਮ ਦੀ ਹਨੇਰੀ ਨੂੰ ਖਾਲਸੇ ਦੀ ਤੇਗ ਨੇ ਹੀ ਠੱਲ ਪਾਈ ਅਤੇ ਜੰਗ ਦੇ ਉੱਚੇ ਇਖ਼ਲਾਕੀ ਰੁਤਬੇ ਨੂੰ ਕਾਇਮ ਰੱਖਿਆ। ਗੁਰੂ ਜੀ ਨੇ ਦੱਬੇ-ਕੁਚਲੇ ਲੋਕਾਂ ਨੂੰ ਅਣਖ ਤੇ ਸਵੈਮਾਣ ਨਾਲ ਜੀਣ ਦਾ ਰਾਹ ਦੱਸਿਆ। ਗੁਰੂ ਜੀ ਦਾ ਸੰਘਰਸ਼ਮਈ ਜੀਵਨ ਜਿੱਥੇ ਹਮੇਸ਼ਾਂ ਮਨੁੱਖਤਾ ਲਈ ਮਾਰਗ-ਦਰਸ਼ਨ ਕਰਦਾ ਰਹੇਗਾ, ਉੱਥੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਉਲੀਕਿਆ ਹੋਇਆ ਹੈ। ■

# ਸ਼ਕਤੀਸ਼ਾਲੀ ਖਾਲਸੇ ਦੀ ਉਸਾਰੀ ਦਾ ਪ੍ਰਤੀਕ: ਹੋਲਾ ਮਹੱਲਾ

*-ਡਾ. ਇੰਦਰਜੀਤ ਸਿੰਘ ਵਾਸੂ**

ਦੀਵਾਲੀ ਤੇ ਵੈਸਾਖੀ ਵਾਂਗ ਹੋਲਾ ਮਹੱਲਾ ਪੰਜਾਬ ਦੇ ਜਨ-ਜੀਵਨ ਵਿਚ ਵਿਸ਼ੇਸ਼ ਮਹੱਤਵ ਵਾਲਾ ਮੌਸਮੀ ਤਿਉਹਾਰ ਹੈ। ਇਨ੍ਹਾਂ ਦਿਨਾਂ ਵਿਚ ਸਰਦੀ ਦਾ ਅੰਤ ਹੋ ਜਾਂਦਾ ਹੈ ਤੇ ਸਾਰਾ ਵਾਤਾਵਰਨ ਬਸੰਤ ਰੁੱਤ ਦੀ ਹਰਿਆਲੀ ਤੇ ਨਿੱਘ ਨਾਲ ਸਰਸ਼ਾਰ ਹੋ ਜਾਂਦਾ ਹੈ। ਇਹ ਤਿਉਹਾਰ ਹੋਲੀ ਤੋਂ ਅਗਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੂਰੇ ਖਾਲਸਾਈ ਜਾਹ-ਓ-ਜਲਾਲ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸ਼ਕਤੀਸ਼ਾਲੀ ਖਾਲਸੇ ਦੀ ਬੀਰ-ਰਸੀ ਸਪਿਰਿਟ ਦਾ ਪ੍ਰਤੀਕ ਹੈ ਤੇ ਦੇਸ਼ ਦੀ ਅਜ਼ਾਦੀ ਦੇ ਲਮੇਰੇ ਸੰਗਰਾਮ ਵਿਚ ਖਾਲਸੇ ਦੀ ਜੁਝਾਰੂ ਭੂਮਿਕਾ ਦਾ ਪ੍ਰਗਟਾਵਾ ਕਰਦਾ ਹੈ। ਸਮੁੱਚੇ ਰੂਪ ਵਿਚ ਹੋਲਾ ਮਹੱਲਾ ਖਾਲਸੇ ਦੀ ਗਤੀਸ਼ੀਲਤਾ ਤੇ ਸੰਘਰਸ਼ਸ਼ੀਲਤਾ ਦਾ ਪ੍ਰਤੀਕ ਬਣ ਕੇ ਸਾਹਮਣੇ ਆਉਂਦਾ ਹੈ। ਇਹ ਪੰਜਾਬੀਆਂ ਨੂੰ ਖਾਸ ਕਰਕੇ ਸਿੱਖ ਕੌਮ ਨੂੰ ਵਿਸ਼ੇਸ਼ ਕਰ ਕੇ ਚੜ੍ਹਦੀ ਕਲਾ, ਖੁਸ਼ੀਆਂ ਖੇੜੇ, ਉਤਸ਼ਾਹ ਤੇ ਉਮਾਹ ਤੇ ਨਿੱਤ-ਨਵੇਂ ਸਜੀਵ ਵਲਵਲੇ ਪ੍ਰਦਾਨ ਕਰਨ ਵਾਲਾ ਤਿਉਹਾਰ ਹੈ।

ਹੋਲੇ ਮਹੱਲੇ ਦਾ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸ ਗਤੀਸ਼ੀਲ ਸੋਚ ਦਾ ਪ੍ਰਤੀਕ ਹੈ ਜਿਸ ਰਾਹੀਂ ਉਨ੍ਹਾਂ ਨੇ ਹੋਲੀ ਦੇ ਪਰੰਪਰਿਕ ਤਿਉਹਾਰ ਦੀ ਰੀਤ ਵਿਚ ਨਵਾਂ ਪ੍ਰਯੋਗ ਕਰਦਿਆਂ ਹੋਇਆਂ ਇਸ ਨੂੰ ਆਤਮਿਕ ਤੇ ਸਰੀਰਕ ਖੁਸ਼ਹਾਲੀ ਦਾ ਸਰੂਪ ਦੇ ਦਿੱਤਾ। ਗੁਰਬਾਣੀ ਦੇ ਸੰਦੇਸ਼ ਰਾਹੀਂ ਹੋਲੀ ਖਾਲਸੇ ਲਈ ਸੰਤ-ਸੇਵਾ ਦਾ ਰੂਪ ਧਾਰਦੀ ਹੈ ਤੇ ਪ੍ਰਭੂ ਤੇ ਗੁਰੂ ਦੀਆਂ ਸਿਫ਼ਤਾਂ ਦੇ ਗਾਇਣ ਰਾਹੀਂ ਤਨ-ਮਨ ਦੀ ਸਦੀਵੀ ਬਸੰਤ ਦਾ ਰੁਖ਼ ਅਖ਼ਤਿਆਰ ਕਰਦੀ ਹੈ। ਆਤਮਾ ਮਨੁੱਖੀ ਜੀਵਨ ਦੀ ਸੰਪੂਰਨ ਹਰਿਆਲੀ ਦੇ ਅਹਿਸਾਸ ਨੂੰ ਮਾਣਦੀ ਹੈ ਤੇ ਇਉਂ ਲੱਗਦਾ ਹੈ ਕਿ ਮਨ ਦੇ ਔਗੁਣ ਵਿਚ ਕਈ ਤਰ੍ਹਾਂ ਦੇ ਫੁੱਲਾਂ ਤੇ ਮੇਵਿਆਂ ਵਾਲਾ ਸਵਰਗੀ ਬ੍ਰਿਛ (ਪਾਰਜਾਤ) ਉੱਗ ਆਇਆ ਹੋਵੇ। ਜਿਵੇਂ:

*ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥*
*ਮਨੁ ਤਨੁ ਮਉਲਿਓ ਅਤਿ ਅਨੂਪ॥ ਸੂਕੈ ਨਾਹੀ ਛਾਵ ਧੂਪ॥*
*ਸਗਲੀ ਰੁਤੀ ਹਰਿਆ ਹੋਇ॥ ਸਦ ਬਸੰਤ ਗੁਰ ਮਿਲੇ ਦੇਵ॥*
*ਬਿਰਖੁ ਜਮਿਓ ਹੈ ਪਾਰਜਾਤ॥ ਫੂਲ ਲਗੇ ਫਲ ਰਤਨ ਭਾਂਤਿ॥*
*ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥*
*ਜਨ ਨਾਨਕ ਹਰਿ ਹਰਿ ਹਰਿ ਧਿਆਇ॥* *(ਪੰਨਾ ੧੧੮੦)*

ਗੁਰਮਤਿ ਦੁਆਰਾ ਹੋਲੀ ਦੇ ਤਿਉਹਾਰ ਨੂੰ ਦਿੱਤਾ ਉਪਰੋਕਤ ਰੂਹਾਨੀ ਰੰਗ ਸਦੀਵੀ

**੧੦੦੦, ਅਰਬਨ ਅਸਟੇਟ, ਫਗਵਾੜਾ-੧੪੪੬੩੨; ਮੋ: +੯੧੯੦੫੬੩-੬੦੭੬੩*

ਖੇੜੇ ਵਾਲੇ ਨਵ-ਜੀਵਨ ਦਾ ਪ੍ਰਤੀਕ ਹੈ, ਜਿਸ ਦੇ ਸਾਹਮਣੇ ਭਾਰਤ ਵਿਚ ਅਤਿ ਨੀਵੀਂ ਪੱਧਰ 'ਤੇ ਪ੍ਰਚਲਿਤ, ਇਕ ਦੂਜੇ 'ਤੇ ਚਿੱਕੜ ਸੁੱਟਣ ਦੀ ਰੀਤ ਬੌਣੀ ਪ੍ਰਤੀਤ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲੇ ਵਿਚ ਤਬਦੀਲ ਕਰ ਕੇ ਇਸ ਨੂੰ ਸ਼ਕਤੀਸ਼ਾਲੀ ਮਨੁੱਖ ਦੀ ਉਸਾਰੀ ਦਾ ਸਰੂਪ ਬਖ਼ਸ਼ ਦਿੱਤਾ ਤੇ ਹੋਲੀ ਮਨਾ ਰਹੇ ਅਜਿੱਤ, ਸ਼ਸਤਰਧਾਰੀ ਤੇ ਆਪਾ ਵਾਰੂ ਜਥਿਆਂ ਦਾ ਰੂਪ ਪ੍ਰਦਾਨ ਕਰ ਦਿੱਤਾ।

ਹੋਲਾ ਮਹੱਲਾ ਸ਼ਬਦ, ਹੋਲਾ ਤੇ ਮਹੱਲਾ ਦੋ ਸ਼ਬਦਾਂ ਦਾ ਸੰਗਮ ਸ਼ਬਦ ਹੈ। ਹੋਲਾ ਹੋਲੀ ਦਾ ਪੁਲਿੰਗ ਰੂਪ ਹੈ ਤੇ ਮਹੱਲਾ ਦਾ ਅਰਥ ਹੈ ਉਹ ਥਾਂ ਜਿਸ 'ਤੇ ਫ਼ਤਿਹ ਪਾ ਕੇ ਪੜਾਅ ਕਰੀਦਾ ਹੈ। ਮਹੱਲਾ ਦਾ ਇਕ ਹੋਰ ਅਰਥ ਦੌੜਨ ਵਾਲਾ ਮੈਦਾਨ ਵੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਹੱਲਾ ਖਾਲਸੇ ਨੂੰ ਸ਼ਸਤਰ ਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਅਰੰਭ ਕੀਤਾ ਸੀ। ਉਨ੍ਹਾਂ ਨੇ ਚੇਤ ਵਦੀ ਪਹਿਲੀ ਨੂੰ ਮਸਨੂਈ ਜੰਗ ਦੇ ਅਭਿਆਸ ਦਾ ਦਿਨ ਨਿਸ਼ਚਿਤ ਕੀਤਾ। ਇਸ ਦਿਨ ਹਮਲਾ ਕਰਨ ਲਈ ਇਕ ਥਾਂ ਨਿਯਤ ਕਰ ਕੇ ਦੋ ਦਲ ਬਣਾਏ ਜਾਂਦੇ। ਜਿਸ ਦੇ ਸਰਦਾਰ ਚੁਣਵੇਂ ਸਿੰਘ ਹੋਇਆ ਕਰਦੇ ਸਨ। ਜੋ ਦਲ, ਇੱਕ ਦਲ ਦੇ ਵਾਰਾਂ ਨੂੰ ਰੋਕ ਕੇ ਚਤੁਰਾਈ ਨਾਲ ਖਾਸ ਥਾਂ 'ਤੇ ਕਬਜ਼ਾ ਕਰ ਲੈਂਦਾ, ਉਹ ਜਿੱਤਿਆ ਸਮਝਿਆ ਜਾਂਦਾ। ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਿਆ ਜਾਂਦਾ (ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*)

ਹੋਲੇ ਮਹੱਲੇ ਦਾ ਪਹਿਲਾ ਪੁਰਬ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਰਪ੍ਰਸਤੀ ਹੇਠ, ਚੇਤ ਵਦੀ ਪਹਿਲੀ ਸੰਮਤ, ੧੭੫੭ ਨੂੰ ਮਨਾਇਆ। ਇਹ ਥਾਂ ਪਿੱਛੋਂ ਜਾ ਕੇ ਕਿਲ੍ਹਾ ਹੋਲਗੜ੍ਹ ਦੇ ਨਾਮ ਨਾਲ ਪ੍ਰਸਿੱਧ ਹੋਈ। ਅੱਜ ਵੀ ਹੋਲਗੜ੍ਹ ਚੜ੍ਹ ਕੇ, ਚਰਨ ਗੰਗਾ ਪਾਰ ਕਰ ਕੇ, ਫ਼ਤਿਹਗੜ੍ਹ ਤਕ ਪੁੱਜਣ ਦੀ ਪ੍ਰਥਾ ਨੂੰ ਹੋਲੇ ਮਹੱਲੇ ਦੇ ਰੂਪ ਵਿਚ ਨਿਭਾਇਆ ਜਾਂਦਾ ਹੈ। ਇਸ ਵੇਲੇ ਹਰ ਪਾਸੇ ਭਾਵੇ ਰੰਗ ਤੇ ਸੁਗੰਧ ਦਾ ਛਿੜਕਾਅ ਵੀ ਹੁੰਦਾ ਹੈ, ਪਰ ਵਧੇਰੇ ਬਲ ਸ਼ਸਤਰ ਤੇ ਯੁੱਧ-ਵਿੱਦਿਆ ਦੀ ਪ੍ਰਦਰਸ਼ਨੀ 'ਤੇ ਦਿੱਤਾ ਜਾਂਦਾ ਹੈ। ਖਾਲਸੇ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਸ ਪੁਰਬ ਨੂੰ ਅਰੰਭ ਕਰਨ ਦਾ ਮਨੋਰਥ ਖਾਲਸੇ ਵਿਚ ਯੁੱਧ ਵਿੱਦਿਆ ਦੇ ਚਾਉ ਨੂੰ ਉਤਪੰਨ ਕਰਨਾ। ਉਸ ਨੂੰ ਸਮਾਜਿਕ ਤੇ ਰਾਜਨੀਤਿਕ ਸੁਤੰਤਰਤਾ ਨੂੰ ਪ੍ਰਾਪਤ ਕਰਨ ਲਈ ਤਿਆਰ-ਬਰ-ਤਿਆਰ ਕਰਨਾ, ਆਪਣੇ ਨੀਵੇਂ ਪਸ਼ੂ-ਨੁਮਾ ਆਪੇ ਨੂੰ ਨੱਥ ਪਾਉਣਾ ਤੇ ਮਰਦਾਂ ਵਾਲੀ ਘਾਲ ਘਾਲਣ ਨੂੰ ਉਤਸ਼ਾਹਿਤ ਕਰਨਾ ਸੀ। ਭਾਰਤੀ ਸੱਭਿਆਚਾਰ ਦਾ ਵਿਨਾਸ਼ ਕਰਨ ਵਾਲੀ ਇਸਲਾਮੀ ਕੱਟੜਤਾ ਦੀ ਪ੍ਰਤੀਕ ਮੁਗ਼ਲ ਹਕੂਮਤ ਨੂੰ ਲੋਹ-ਪੁਰਸ਼ ਖਾਲਸੇ ਰਾਹੀਂ ਲੋਹੇ ਦੇ ਚਨੇ ਚਬਾਣਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੇ ਮਹੱਲੇ ਦੇ ਤਿਉਹਾਰ ਰਾਹੀਂ ਸਿੱਖ-ਧਰਮ ਦੀ ਸਮੁੱਚੀ ਬੀਰ-ਪਰੰਪਰਾ ਨੂੰ ਸਾਂਭਿਆ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਾਬਰ ਦੇ ਹਮਲੇ ਵੇਲੇ ਭਾਰਤੀਆਂ ਨੂੰ ਗਊਆਂ ਸਮਾਨ ਤੇ ਬਾਬਰ ਨੂੰ ਤਾਕਤਵਰ ਸ਼ੇਰ ਸਮਾਨ ਦੱਸਿਆ ਸੀ ਤੇ ਉਨ੍ਹਾਂ ਨੇ ਇਸ ਅਸਾਵੀਂ ਜੰਗ ਤੇ ਇਤਰਾਜ਼ ਕਰਦਿਆਂ ਫੁਰਮਾਇਆ ਸੀ:

*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥੧॥ਰਹਾਉ॥*

*ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥* *(ਪੰਨਾ ੩੬੦)*

ਉਪਰੋਕਤ ਕਥਨ ਰਾਹੀਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਕ ਸ਼ਕਤੀਸ਼ਾਲੀ ਮਨੁੱਖ ਦਾ ਸੁਪਨਾ ਲਿਆ ਸੀ ਤੇ ਉਨ੍ਹਾਂ ਨੇ ਉਸ ਮਾਰਗ ਦੀ ਨਿਸ਼ਾਨਦੇਹੀ ਵੀ ਕਰ ਦਿੱਤੀ ਸੀ। ਜਿਸ 'ਤੇ ਚੱਲ ਕੇ ਤਤਕਾਲੀਨ ਮਨੁੱਖ ਨੇ ਆਪਣੀ ਸ਼ਕਤੀਸ਼ਾਲੀ ਸ਼ਖ਼ਸੀਅਤ ਦਾ ਨਿਰਮਾਣ ਕਰਨਾ ਸੀ। ਇਸ ਖੰਡਿਓਂ ਤਿੱਖੇ ਮਾਰਗ 'ਤੇ ਚੱਲਣ ਲਈ ਪ੍ਰਮੁੱਖ ਲੋੜ ਆਪਾ-ਵਾਰੂ-ਪ੍ਰਵਿਰਤੀ ਦੀ ਸੀ ਜਿਸ ਨਾਲ ਮਨੁੱਖ ਸਿਰ ਧੜ ਦੀ ਬਾਜ਼ੀ ਲੱਗਾ ਸਕੇ। ਇਸ ਲਈ ਪ੍ਰੇਰਨਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਇਸ ਸ਼ਕਤੀਸ਼ਾਲੀ ਫੁਰਮਾਨ ਵਿਚ ਦਰਜ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥* *(ਪੰਨਾ ੧੪੧੨)*

ਹੋਲੇ ਮਹੱਲੇ 'ਤੇ ਇੱਕ ਵਿਸ਼ਾਲ ਖੇਤਰ ਨੂੰ ਯੁੱਧ ਦੇ ਵੱਡੇ ਮੈਦਾਨ ਅਥਵਾ ਅਖਾੜੇ ਦਾ ਰੂਪ ਦਿੱਤਾ ਜਾਂਦਾ ਹੈ। ਇਸ ਅਖਾੜੇ ਦੀ ਪ੍ਰੇਰਨਾ ਵੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਦਰਜ ਹੈ ਜਿੱਥੇ ਉਹ ਵਿਸ਼ਾਲ ਦੁਨੀਆ ਨੂੰ ਪ੍ਰਭੂ ਦਾ ਅਖਾੜਾ ਦੱਸਦੇ ਹਨ, ਜਿਸ ਵਿਚ ਗੁਰਮੁਖ ਭੜਥੂ ਪਾਉਂਦੇ ਤੇ ਹਾਵੀ ਹੋ ਕੇ ਮਨਮੁਖਾਂ ਨੂੰ ਪਛਾੜਦੇ ਹਨ, ਉਨ੍ਹਾਂ ਦਾ ਕਥਨ ਹੈ:

*ਆਪੇ ਛਿੰਝ ਪਵਾਇ ਮਲਾਖਾੜਾ ਰਚਿਆ॥*
*ਲਥੇ ਭੜਥੂ ਪਾਇ ਗੁਰਮੁਖਿ ਮਚਿਆ॥*
*ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥*
*ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ॥* *(ਪੰਨਾ ੧੨੮੦)*

ਸ਼ਕਤੀਸ਼ਾਲੀ ਮਨੁੱਖ ਦੀ ਉਸਾਰੀ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਨੂੰ ਆਪਣੇ ਨੀਵੇਂ ਆਪੇ ਵਿਰੁੱਧ ਅੰਤਰੀਵੀ ਸੰਘਰਸ਼ ਰਚਾਉਣ ਦੀ ਪ੍ਰੇਰਨਾ ਦਿੱਤੀ। ਵਾਸ਼ਨਾਵਾਂ ਦੇ ਬੰਧੇਜ ਲਈ ਸਰੀਰ ਨੂੰ ਧੀਰਜ ਅਥਵਾ ਸਹਿਜ ਦਾ ਟਿਕਾਣਾ ਬਣਾਉਣ ਦੀ ਪ੍ਰੇਰਨਾ ਕੀਤੀ। ਮਨੁੱਖ ਨੂੰ ਆਪਣਾ ਦੀਪਕ ਆਪ ਬਣਨ ਲਈ ਬੁੱਧੀ ਨੂੰ ਦੀਵੇ ਵਰਗੀ ਪ੍ਰਜਵਲਿਤ ਬਣਾਉਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਸਫਲ ਸਰੀਰ ਲਈ ਕੰਚਨ ਕਾਇਆ ਦਾ ਸੰਕਲਪ ਦਿੱਤਾ। ਇਹ ਕਾਇਆ ਇੰਦਰਿਆਵੀ ਸੰਜਮ ਤੇ ਨਿਰੰਤਰ ਸਿਮਰਨ ਦੀ ਦਸ਼ਾ ਵਾਲੀ ਹੁੰਦੀ ਹੈ ਜਿਸ ਦੀ ਸੋਨੇ ਵਰਗੀ ਆਭਾ ਦਾ ਤੇਜ਼ ਕਦੇ ਘਟਦਾ ਨਹੀਂ। ਇਸ ਸੰਬੰਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫੁਰਮਾਨ ਇਸ ਪ੍ਰਕਾਰ ਹਨ:

*-ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ . . .*
*ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ।*
*(ਸ੍ਰੀ ਦਸਮ ਗ੍ਰੰਥ)*

*-ਆਤਮ ਉਪਦੇਸ ਭੇਸੁ ਸੰਜਮ ਕੋ ਜਾਪ ਸੁ ਅਜਪਾ ਜਾਪੈ॥*
*ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਯਾਪੈ।* *(ਸ੍ਰੀ ਦਸਮ ਗ੍ਰੰਥ)*

ਅਸਲ ਵਿਚ ਸਮੁੱਚੀ ਗੁਰਮਤਿ ਲਹਿਰ ਨੇ ਧਰਮ ਨੂੰ ਸ਼ਖ਼ਸੀਅਤ ਦੇ ਸਮੁੱਚੇ ਵਿਕਾਸ

ਨਾਲ ਜੋੜਿਆ। ਸਿੱਖ ਗੁਰੂ ਸਾਹਿਬਾਨ ਨੇ ਮਾਨਵੀ ਹੋਂਦ ਦੇ ਸਾਰੇ ਗੁਣਾਂ ਨੂੰ ਪ੍ਰਫੁੱਲਿਤ ਕਰਨ 'ਤੇ ਜ਼ੋਰ ਦਿੱਤਾ ਤੇ ਧਰਮ ਨੂੰ ਅੰਤਰੀਵ ਸ਼ਕਤੀਆਂ ਦੇ ਵਿਕਾਸ ਨਾਲ ਸੰਜੁਗਤ ਕੀਤਾ ਤੇ ਧਰਮ ਨੂੰ ਚੇਤਨਾ ਦੇ ਉਚੇਰੇ ਪੱਧਰਾਂ 'ਤੇ ਲਿਜਾਣ ਦਾ ਸਾਧਨ ਬਣਾ ਦਿੱਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵਿਸ਼ੇਸ਼ ਤੌਰ 'ਤੇ ਖਡੂਰ ਸਾਹਿਬ ਵਿਚ ਸਿੱਖਾਂ ਲਈ ਮੱਲ-ਅਖਾੜਾ ਕਾਇਮ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੇ ਮਹੱਲੇ ਦੇ ਮੌਕੇ 'ਤੇ ਮਸਨੂਈ ਲੜਾਈਆਂ ਦੇ ਅਭਿਆਸ ਰਾਹੀਂ ਮਨੁੱਖ ਦੀ ਸਰੀਰਕ, ਮਾਨਸਿਕ ਤੇ ਆਤਮਿਕ ਸ਼ਕਤੀ ਦੇ ਵਿਕਾਸ 'ਤੇ ਜ਼ੋਰ ਦਿੱਤਾ ਤਾਂਕਿ ਸੰਪੂਰਨ ਸ਼ਕਤੀਸ਼ਾਲੀ ਮਾਨਵੀ ਹਸਤੀ ਦਾ ਸੰਕਲਪ ਪੂਰਾ ਹੋ ਸਕੇ।

ਸ਼ਕਤੀਸ਼ਾਲੀ ਮਾਨਵੀ ਹਸਤੀ ਹੀ ਮਾਨਵ-ਵਿਰੋਧੀ *ਲਬੁ ਪਾਪੁ ਦੁਇ ਰਾਜਾ ਮਹਤਾ* ਵਾਲੀ ਭ੍ਰਿਸ਼ਟ ਮੁਗ਼ਲੀਆ ਸਾਧਨ-ਪ੍ਰਣਾਲੀ ਨਾਲ ਟੱਕਰ ਲੈ ਸਕਦੀ ਸੀ, ਇਹ ਹਾਵੀ ਹੋਂਦ ਵਾਲੀ ਮਨੁੱਖੀ ਹਸਤੀ ਸਮਾਨਤਾ, ਸੁਤੰਤਰਤਾ ਤੇ ਨਿਆਂ ਦੀਆਂ ਮਨੁੱਖੀ ਕੀਮਤਾਂ ਦੀ ਪ੍ਰਾਪਤੀ ਲਈ ਜ਼ੋਰਦਾਰ ਸੰਘਰਸ਼ ਕਰ ਸਕਦੀ ਸੀ ਅਤੇ ਗੌਰਵ ਤੇ ਸਨਮਾਨ ਵਾਲਾ ਜੀਵਨ ਜੀਅ ਸਕਦੀ ਸੀ। ਬੇਰੋਕ ਸੁਤੰਤਰਤਾ, ਨਿਰੰਤਰ ਨਿਰਭੈਤਾ ਤੇ ਸਮੁੱਚੀ ਖ਼ੁਸ਼ਹਾਲੀ ਵਾਲੇ ਬੇਗਮਪੁਰੇ ਤੇ ਹਲੇਮੀ ਰਾਜ ਦੇ ਸੰਕਲਪਾਂ ਨੂੰ ਸਾਕਾਰ ਕਰ ਸਕਦੀ ਸੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭਵਿੱਖੀ ਪ੍ਰੋਗਰਾਮ ਨੂੰ ਸੰਪੂਰਨ ਕਰ ਸਕਦੀ ਸੀ।

ਹੋਲੇ ਮਹੱਲੇ ਦੇ ਅਵਸਰ 'ਤੇ ਵਿਸ਼ੇਸ਼ ਕਰਕੇ ਸ਼ਸਤਰਾਂ ਦੀ ਪ੍ਰਦਰਸ਼ਨੀ ਕੀਤੀ ਜਾਂਦੀ ਹੈ। ਇਹ ਸ਼ਸਤਰ ਅਕਾਲ ਪੁਰਖ ਦੀ ਕਾਲ ਸ਼ਕਤੀ ਦੇ ਪ੍ਰਤੀਕ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਉਸਤਤ ਵਿਚ ਰਾਖਸ਼ਾਂ ਖਾਣੀ ਚੰਡੀ ਅਥਵਾ ਤੇਗ ਦੀ ਸ਼ਕਤੀ ਦੇ ਸੋਹਲੇ ਗਾਣ ਦੇ ਨਾਲ-ਨਾਲ ਕਟਾਰ, ਬਾਣ, ਤੀਰ, ਤੁਫੰਗ, ਗਦਾ, ਸੈਥੀ, ਚੱਕਰ, ਤੀਰ ਤੇ ਤੋਪ ਨੂੰ ਨਮਸਕਾਰ ਕੀਤੀ, ਕਿਉਂਕਿ ਇਨ੍ਹਾਂ ਹਥਿਆਰਾਂ ਦਾ ਸੰਬੰਧ ਦੁਸ਼ਮਣ ਸ਼ਕਤੀਆਂ ਨੂੰ ਸਜ਼ਾ ਦੇਣ ਨਾਲ ਜੁੜਿਆ ਹੋਇਆ ਹੈ। ਮੁਗ਼ਲੀਆ ਹਕੂਮਤ ਦੇ ਡਰ ਦੇ ਵਿਨਾਸ਼ ਲਈ ਗੁਰੂ ਜੀ ਨੇ ਭਾਰਤੀ ਸਮਾਜ ਨੂੰ ਸ਼ਸਤਰਾਂ ਦੀ ਪੂਜਾ ਕਰਨ ਦਾ ਸਪਸ਼ਟ ਸੰਦੇਸ਼ ਦਿੰਦਿਆਂ ਹੋਇਆ ਆਖਿਆ:

*ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ॥*
*ਸੈਫ ਸਿਰੋਹੀ ਸੈਹਥੀ ਯਹੈ ਹਮਾਰੈ ਪੀਰੁ॥* *(ਸ਼ਸਤ੍ਰਨਾਮ ਮਾਲਾ)*

ਇਸੇ ਸ਼ਸਤਰ ਪੂਜਾ ਨੇ ਤਤਕਾਲੀਨ ਮਨੁੱਖ ਨੂੰ ਸੁਤੰਤਰ ਕੀਤਾ। ਉਸ ਨੂੰ ਪ੍ਰਮਾਣਿਕ ਮਨੁੱਖ ਬਣਾਇਆ, ਉਸ ਨੂੰ ਇੱਛਾ ਦੀ ਸੁਤੰਤਰਤਾ ਪ੍ਰਦਾਨ ਕੀਤੀ, ਉਸ ਦਾ ਮਨੋਬਲ ਕਾਇਮ ਕੀਤਾ ਤੇ ਉਹ ਨਵਾਂ ਇਤਿਹਾਸ ਸਿਰਜਣ 'ਚ ਸਮਰੱਥ ਹੋ ਗਿਆ। ਇਤਿਹਾਸ ਵਿਚ ਪਹਿਲੀ ਵਾਰ ਸ਼ਾਸਤਰ ਤੇ ਸ਼ਸਤਰ ਦੇ ਸੰਗਮ ਵਾਲੀ ਸੰਤ-ਸਿਪਾਹੀ, ਅਕਾਲ ਪੁਰਖ ਦੀ ਫ਼ੌਜ ਉਤਪੰਨ ਹੋਈ ਜਿਸ ਦੀ ਬਲਵਾਨ ਸ਼ਕਤੀ ਅੱਗੇ ਮੁਗ਼ਲੀਆ ਹਕੂਮਤ ਦੀ ਇਮਾਰਤ ਢਹਿ ਪਈ ਤੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਪੰਜਾਬ ਦੇ ਲੋਕ ਆਪਣੀ ਧਰਤੀ ਦੇ ਆਪ ਮਾਲਕ ਬਣੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੇਠ ਲਿਖਿਆ ਫੁਰਮਾਨ ਪੂਰਨ ਰੂਪ ਵਿਚ ਸਾਕਾਰ ਹੋ ਗਿਆ।

*ਇਨ ਗ੍ਰੀਬ ਸਿੰਘਨ ਕੌ ਦਯੈ ਪਤਿਸ਼ਾਹੀ, ਏ ਯਾਦ ਰਖੈਂ ਹਮਰੀ ਗੁਰਿਆਈ।*

*(ਸ੍ਰੀ ਗੁਰ ਪੰਥ ਪ੍ਰਕਾਸ਼)*

ਇਸ ਤਰ੍ਹਾਂ ਹੋਲਾ ਮਹੱਲਾ ਸਮੇਂ ਉਸੇ ਪੁਰਾਣੀ ਬੀਰ ਰਸੀ ਸਪਿਰਿਟ ਨੂੰ ਸੁਰਜੀਤ ਕੀਤਾ ਜਾਂਦਾ ਹੈ ਜਿਹੜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿਰਜੀ ਸੀ। ਬੀਰ ਰਸੀ ਵਾਰਾਂ ਦਾ ਗਾਇਨ, ਸਰੀਰਕ ਅਭਿਆਸ, ਰਣਜੀਤ ਨਗਾਰੇ ਵਰਗੀਆਂ ਗੂੰਜਾਂ, ਸ਼ਸਤਰ ਪ੍ਰਦਰਸ਼ਨੀ, ਘੋੜ ਸਵਾਰੀ, ਤੀਰ ਅੰਦਾਜ਼ੀ, ਨੇਜ਼ੇਬਾਜ਼ੀ ਦਾ ਉਹ ਪੁਰਾਣਾ ਬੀਰ ਰਸੀ ਵਾਤਾਵਰਨ ਉਪਜਾਇਆ ਜਾਂਦਾ ਹੈ ਤੇ ਲੋਕ ਉਸ ਵੇਲੇ ਨੂੰ ਯਾਦ ਕਰਦੇ ਹਨ ਜਦੋਂ ਪੰਜਾਬ ਦੇ ਪਿੰਡ-ਪਿੰਡ ਵਿਚ ਸਿੱਖੀ ਦੀ ਇਨਕਲਾਬੀ ਲਹਿਰ ਫੈਲ ਗਈ ਸੀ ਤੇ ਗੁਰ-ਦਰਬਾਰ ਵਿਚ ਭੇਟਾ ਕਰਨ ਵਾਲੀਆਂ ਵਸਤੂਆਂ ਸੰਬੰਧੀ ਨਵੀਆਂ ਹਦਾਇਤਾਂ ਅਨੁਸਾਰ ਘਰਾਂ ਵਿਚ ਬੱਚੇ, ਮਾਤਾ-ਪਿਤਾ ਕੋਲੋਂ ਤੇਜ਼ਧਾਰ ਹਥਿਆਰਾਂ ਤੇ ਬੰਦੂਕਾਂ ਦੀ ਮੰਗ ਕਰਨ ਲੱਗ ਪਏ ਸਨ। ਇਸ ਇਨਕਲਾਬੀ ਤਬਦੀਲੀ ਨੂੰ ਪ੍ਰਗਟ ਕਰਨ ਵਾਲੀ ਸੁਰਜਨ ਫਰਿਹਾਦੀ ਦੇ ਇਕ ਗੀਤ ਦੀਆਂ ਪੰਕਤੀਆਂ ਇਸ ਪ੍ਰਕਾਰ ਹਨ:

*ਸ਼ਾਂਤੀ ਸਰੂਪ (ਪਿਤਾ):*
*ਅੱਗੇ ਸਤਿਗੁਰ ਹੋ ਜਾਂਦਾ ਸੀ*
*ਅਖੰਡ ਪਾਠ 'ਤੇ ਰਾਜ਼ੀ*
*ਸਵਾ ਰੁਪਈਆ, ਇੱਕ ਰੁਮਾਲਾ*
*ਰੰਗਿਆ ਹਵਾ ਪਿਆਜ਼ੀ।*
*ਜੰਗ ਸਿੰਘ (ਬੇਟਾ):*
*ਹੁਣ ਉਹ ਮੰਗੇ ਤੋਪ ਤੁਫੰਗਾਂ,*
*ਘੋੜੇ-ਚੜ੍ਹ ਅਸਵਾਰ।*
*ਇੱਕ ਲੈ ਦੇ ਮੈਨੂੰ ਘੋੜਾ ਬਾਪੂ*
*ਇੱਕ ਲੈ ਦੇ ਤਲਵਾਰ*
*ਸਿਰ ਦੀ ਭੇਟਾ ਸੁੱਖ ਤਾਰਨੀ*
*ਸਤਿਗੁਰ ਦੇ ਦਰਬਾਰ।* *(ਅਗਲਾ ਕਦਮ, ਕਾਵਿ ਨਾਟਕ, ਪੰਨਾ ੨੧੬)*

ਸਮੁੱਚੇ ਰੂਪ ਵਿਚ ਹੋਲਾ ਮਹੱਲਾ, ਖਾਲਸੇ ਦੇ ਇਤਿਹਾਸਿਕ ਕਿਰਦਾਰ ਨੂੰ ਪ੍ਰਤੱਖ ਕਰਦਾ ਹੈ। ਸਿੱਖ ਇਤਿਹਾਸ ਦੀ ਬੀਰ-ਪਰੰਪਰਾ ਨੂੰ ਸੰਭਾਲਦਾ ਹੈ। ਬਦੇਸ਼ੀ ਰਾਜ ਦੇ ਵਿਨਾਸ਼ ਲਈ ਸਿੱਖ ਧਰਮ ਦੀ ਜੁਝਾਰੂ ਸਪਿਰਿਟ ਦੀ ਪ੍ਰਦਰਸ਼ਨੀ ਕਰਦਾ ਹੈ। ਗੁਰਬਾਣੀ ਤੇ ਸਿੱਖ ਇਤਿਹਾਸ ਰਾਹੀਂ ਮਾਨਵ ਤਬਦੀਲੀ ਦੇ ਦ੍ਰਿਸ਼ ਪੇਸ਼ ਕਰਦਾ ਹੈ। ਹੋਲਾ ਮਹੱਲਾ ਜੰਗੀ ਚੜ੍ਹਤਲਾਂ ਰਾਹੀਂ ਸਿੱਖ ਕੌਮ ਦੇ ਸੁਤੰਤਰ ਆਚਰਨ ਦੇ ਸੰਘਰਸ਼ਸ਼ੀਲ ਬਿੰਬ ਉਸਾਰਦਾ ਹੈ ਤੇ ਸ਼ਕਤੀਸ਼ਾਲੀ ਖਾਲਸੇ ਦੀ ਉਸਾਰੀ ਦੇ ਪ੍ਰਤੀਕ ਵਜੋਂ ਸਾਹਮਣੇ ਆਉਂਦਾ ਹੈ। ਅਜੋਕੇ ਯੁੱਗ ਵਿਚ ਵੀ ਦੇਸ਼ਾਂ-ਵਿਦੇਸ਼ਾਂ ਦੀ ਧਰਤੀ 'ਤੇ ਗਤਕਾਬਾਜ਼ੀ (ਮਾਰਸ਼ਲ ਆਰਟ) ਦੇ ਮੁਕਾਬਲੇ ਕਰਵਾ ਕੇ ਇਸ ਖਾਲਸਾ ਸਪਿਰਿਟ ਨੂੰ ਉਜਾਗਰ ਕੀਤਾ ਜਾਂਦਾ ਹੈ। ■

# ਸੂਰਬੀਰ ਬਚਨ ਕਾ ਬਲੀ : ਅਕਾਲੀ ਫੂਲਾ ਸਿੰਘ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਕੁਦਰਤ ਦੀ ਰਚੀ ਹਰ ਚੀਜ਼ ਵਿਚ ਸਮੇਂ-ਸਮੇਂ ਤਬਦੀਲੀ ਆਉਂਦੀ ਰਹਿੰਦੀ ਹੈ ਜੋ ਮਨੁੱਖ ਦੀ ਜ਼ਿੰਦਗੀ ਨੂੰ ਹਰ ਪੱਖੋਂ ਪ੍ਰਭਾਵਿਤ ਕਰਦੀ ਰਹਿੰਦੀ ਹੈ। ਦੇਸ਼ਾਂ ਅਤੇ ਕੌਮਾਂ ਦੀਆਂ ਜ਼ਿੰਦਗੀਆਂ ਵਿਚ, ਕੌਮੀ ਤਥਾ ਕੌਮਾਂਤਰੀ ਲਹਿਰਾਂ ਵਿਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ। ਪੁਰਾਣੇ ਵਿਚਾਰ ਪਿੱਛੇ ਰਹਿੰਦੇ ਜਾਂਦੇ ਹਨ ਅਤੇ ਨਵੀਆਂ ਵਿਚਾਰਧਾਰਾਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਕਾਰਨ ਮਨੁੱਖੀ ਜ਼ਿੰਦਗੀ, ਸੁਭਾਅ, ਸੱਭਿਆਚਾਰ, ਰਹਿਣ-ਸਹਿਣ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਇਸ ਵਰਤਾਰੇ ਦੌਰਾਨ ਜੋ ਚੰਗਾ ਜਾਂ ਮਾੜਾ ਇਤਿਹਾਸ ਰਚਿਆ ਜਾਂਦਾ ਹੈ, ਉਹ ਭਵਿੱਖ ਵਿਚ ਮਨੁੱਖੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਇਸੇ ਕਾਨੂੰਨ-ਏ-ਕੁਦਰਤ ਅਨੁਸਾਰ ਸੋਨੇ ਦੀ ਚਿੜੀਆ ਮੰਨੀ ਜਾਂਦੀ ਮਹਾਂਬਲੀ ਸੂਰਮਿਆਂ, ਰਿਸ਼ੀਆਂ, ਮੁਨੀਆਂ, ਫਕੀਰਾਂ ਦੀ ਧਰਤੀ ਭਾਰਤ ਦੀ ਜ਼ਿੰਦਗੀ ਵਿਚ ਇਕ ਅਜਿਹਾ ਸਮਾਂ ਆਇਆ ਜਦੋਂ ਇੱਥੋਂ ਦੇ ਲੋਕ ਸਾਹ-ਸਤ ਹੀਣ ਅਤੇ ਬੇਗੈਰਤ, ਅਣਖ ਅਤੇ ਸਵੈਮਾਣ ਤੋਂ ਸੱਖਣੇ, ਆਪਣੇ ਮਹਾਨ ਸਿਧਾਂਤਾਂ ਤੋਂ ਕੋਰੇ, ਅਗਿਆਨਤਾ, ਭਰਮਾਂ-ਭੁਲੇਖਿਆਂ ਅਤੇ ਵਹਿਮਾਂ ਵਿਚ ਮਸਤ ਹੋਏ ਹੋਣ ਕਰ ਕੇ ਗ਼ੁਲਾਮੀ ਨੂੰ ਹੀ ਕਬੂਲ ਕਰ ਬੈਠੇ। ਰਾਜਿਆਂ, ਅਹਿਲਕਾਰਾਂ, ਨੌਕਰਸ਼ਾਹੀ, ਧਾਰਮਿਕ ਖੇਤਰ ਵਿਚ ਵਿਚਰਨ ਵਾਲਿਆਂ ਨੇ ਆਪਣਾ ਧਰਮ ਤਥਾ ਫਰਜ਼ ਛੱਡ ਦਿੱਤਾ, ਆਪਣੀ ਬੋਲੀ, ਆਪਣਾ ਸੱਭਿਆਚਾਰ ਤਿਆਗ ਦਿੱਤਾ। ਇਸ ਸਥਿਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਉਂ ਬਿਆਨ ਕੀਤਾ ਹੈ:

*ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ (ਪੰਨਾ ੭੨੨)*

ਅਜਿਹੇ ਸਮੇਂ ਗੁਰੂ ਨਾਨਕ ਪਾਤਸ਼ਾਹ ਦਾ ਇਸ ਘੁੱਪ ਹਨੇਰੇ ਵਿਚ ਪ੍ਰਕਾਸ਼ ਹੋਇਆ ਅਤੇ ਉਨ੍ਹਾਂ ਨੇ ਭਾਰਤ ਦੀ ਸਾਰੀ ਸਥਿਤੀ ਨੂੰ ਵੇਖ ਕੇ ਇਕ ਵਿਚਾਰਧਾਰਕ, ਸੱਭਿਆਚਾਰਕ ਅਤੇ ਸਦਾਚਾਰਕ ਇਨਕਲਾਬ ਦੀ ਨੀਂਹ ਰੱਖੀ ਸੀ ਜਿਸ ਲਈ ਜੀਵਨ-ਜੁਗਤ ਅਤੇ ਫ਼ਲਸਫ਼ਾ ਪੂਰੀ ਤਰ੍ਹਾਂ ਕ੍ਰਾਂਤੀਕਾਰੀ ਕਰ ਦਿੱਤਾ। ਅਤੇ ਭਾਰਤੀ ਸੱਭਿਅਤਾ ਦੀ ਪੁਨਰ-ਸੁਰਜੀਤੀ ਦਾ ਅਮਲ ਸ਼ੁਰੂ ਕਰ ਦਿੱਤਾ ਇਸ ਅਨੁਸਾਰ ਵੱਡਿਆਂ ਨੂੰ ਨੀਵੇਂ ਕਰਨਾ ਨਹੀਂ ਸੀ ਸਗੋਂ ਨੀਵਿਆਂ ਦਾ ਉਥਾਨ ਕਰ ਕੇ ਉਨ੍ਹਾਂ ਨੂੰ ਉੱਚੇ ਕਰਨਾ ਤਥਾ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਬਰਾਬਰੀ ਲਿਆਉਣਾ ਸੀ, ਜਿਵੇਂ ਭਗਤ ਰਵਿਦਾਸ ਜੀ ਨੇ ਫੁਰਮਾਇਆ ਹੈ:

*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ (ਪੰਨਾ ੧੧੦੬)*

---

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦*

ਅਜਿਹੀ ਕ੍ਰਾਂਤੀ ਲਿਆਉਣ ਲਈ ਸਦਗੁਣ ਭਰਪੂਰ ਮਨੁੱਖ ਤਥਾ ਸੰਤ-ਸਿਪਾਹੀ ਪੈਦਾ ਕਰਨ ਦੀ ਲੋੜ ਸੀ। ਸੰਤ-ਸਿਪਾਹੀ ਦੀ ਘਾੜਤ, ਸੰਪੂਰਨਤਾ ਅਤੇ ਨਮੂਨਾ ੧੬੯੯ ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਜਗਤ ਦੇ ਸਾਹਮਣੇ ਪੇਸ਼ ਕਰ ਦਿੱਤਾ। ਇਹ ਧਾਰਮਿਕ ਅਤੇ ਸਮਾਜਿਕ ਤੌਰ ਉੱਤੇ ਇਕ ਮੁਕੰਮਲ ਇਨਕਲਾਬ ਸੀ। ਇਸ ਮੁਕੰਮਲ ਕ੍ਰਾਂਤੀ ਨੂੰ ਸਿਖਰ ਉੱਤੇ ਪਹੁੰਚਾਉਣ ਹਿੱਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਹੀ ਕੁਰਬਾਨ ਕਰ ਦਿੱਤਾ। ਲਿਹਾਜ਼ਾ ਸਿੱਖ ਕੌਮ ਦਾ ਇਤਿਹਾਸ ਹਰ ਪੱਖੋਂ ਸੰਸਾਰ ਦੇ ਇਤਿਹਾਸ ਨਾਲੋਂ ਬੇਜੋੜ, ਨਿਰਾਲਾ, ਅਦੁੱਤੀ ਅਤੇ ਲਾਮਿਸਾਲ ਹੈ।

ਅਕਾਲੀ ਫੂਲਾ ਸਿੰਘ ਇਕ ਸੱਚਾ-ਸੁੱਚਾ ਗੁਰੂ ਕਾ ਸਿੱਖ, ਮਰਜੀਵੜਾ, ਪਰਉਪਕਾਰੀ, ਨੇਕ, ਤਿਆਗੀ, ਧੁੰਨ ਦਾ ਪੱਕਾ, ਫੌਜਾਂ ਦਾ ਜਰਨੈਲ, ਗੁਰੂ-ਘਰ ਦਾ ਅਨਿੰਨ ਸੇਵਕ, ਆਤਮਕ ਤੌਰ 'ਤੇ ਸੁਤੰਤਰ, ਨਿਰਭੈ ਅਤੇ ਨਿਰਵੈਰ ਯੋਧਾ ਅਤੇ ਆਪਣਾ ਧਰਮ-ਫਰਜ਼ ਪਾਲਣ ਵਾਲਾ, ਅਰਦਾਸ ਉੱਤੇ ਸਾਬਤ-ਕਦਮੀ ਹੋ ਕੇ ਪਹਿਰਾ ਦੇਣ ਵਾਲਾ ਸੀ। ਅਕਾਲੀ ਫੂਲਾ ਸਿੰਘ ਨੇ ਆਪਣੇ ਕਰਤੱਬਾਂ ਅਤੇ ਕਾਰਨਾਮਿਆਂ ਰਾਹੀਂ ਅਜਿਹਾ ਇਤਿਹਾਸ ਸਿਰਜਿਆ ਜਿਹੜਾ ਹਮੇਸ਼ਾਂ-ਹਮੇਸ਼ਾਂ ਲਈ ਵੱਖ-ਵੱਖ ਖੇਤਰਾਂ ਵਿਚ ਵਿਚਰਨ ਵਾਲੇ ਸਿੱਖ ਰਾਜਤੰਤਰ ਤੇ ਧਾਰਮਿਕ ਨੇਤਾਵਾਂ ਅਤੇ ਸਮਾਜ-ਸੇਵਕਾਂ ਲਈ ਚਾਨਣ-ਮੁਨਾਰੇ ਦਾ ਕੰਮ ਦਿੰਦਾ ਰਹੇਗਾ।

ਅਕਾਲੀ ਫੂਲਾ ਸਿੰਘ ਦਾ ਜਨਮ ੧੮੧੮ ਬਿਕ੍ਰਮੀ (ਸੰਨ ੧੭੬੧) ਵਿਚ ਹੋਇਆ ਮੰਨਿਆ ਜਾਂਦਾ ਹੈ। ਆਪ ਦੇ ਪਿਤਾ ਸ. ਈਸ਼ਰ ਸਿੰਘ ਨਿਸ਼ਾਨਾਂ ਵਾਲੀ ਮਿਸਲ ਦੇ ਨਾਲ ਸੰਬੰਧਿਤ ਯੋਧੇ ਸਨ। ਇਹ ਲਹਿਰਾਗਾਗਾ ਅਤੇ ਮੂਣਕ ਦੇ ਵਿਚਕਾਰ ਲੇਲ੍ਹ ਕਲਾਂ ਦੇ ਕੋਲ ਇਕ ਛੋਟੇ ਜਿਹੇ ਪਿੰਡ ਸ਼ੀਹਾਂ ਦੇ ਰਹਿਣ ਵਾਲੇ ਸਨ। ਉਨ੍ਹਾਂ ਦੀ ਅਰਧੰਗਣੀ (ਅਕਾਲੀ ਫੂਲਾ ਸਿੰਘ ਜੀ ਦੀ ਮਾਤਾ) ਵੀ ਸਿੱਖੀ ਸਿਦਕ ਵਾਲੀ ਅਤੇ ਪੰਥਕ ਸੇਵਾ ਵਿਚ ਤਤਪਰ ਰਹਿਣ ਵਾਲੀ ਸੀ ਜਿਨ੍ਹਾਂ ਦੀ ਕੁੱਖੋਂ ਅਕਾਲੀ ਫੂਲਾ ਸਿੰਘ ਦਾ ਜਨਮ ਹੋਇਆ। ਅਜੇ ੧ ਸਾਲ ਹੀ ਬੀਤਿਆ ਸੀ ਕਿ ਬਿਕ੍ਰਮੀ ੧੮੧੯ (ਸੰਨ ੧੭੬੨) ਵਿਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਅਠਵਾਂ ਹਮਲਾ ਕਰ ਦਿੱਤਾ। ਇਹ ਹਮਲਾ ਉਸ ਨੇ ਵਿਸ਼ੇਸ਼ ਕਰ ਕੇ ਸਿੱਖ ਸ਼ਕਤੀ ਨੂੰ ਕੁਚਲਣ ਲਈ ਹੀ ਕੀਤਾ ਸੀ। ਸਿੰਘਾਂ ਦੇ ਸਾਰੇ ਜਥੇ ਉਸ ਵੇਲੇ ਮਲੇਰਕੋਟਲੇ ਦੇ ਨੇੜੇ ਕੁੱਪ ਰੋਹੀੜਾ ਵਿਖੇ ਇਕੱਠੇ ਹੋਏ ਸਨ ਜੋ ਰਾਜਸਥਾਨ ਨੂੰ ਵਹੀਰ ਰੂਪ ਵਿਚ ਜਾਂਦਿਆਂ ਰਸਤੇ ਵਿਚ ਵਿਸ਼ਰਾਮ ਲਈ ਰੁਕੇ ਸਨ। ਇੱਥੇ ਅਬਦਾਲੀ, ਸੂਬਾ ਸਰਹੰਦ, ਮਲੇਰਕੋਟਲਾ, ਰਾਏਕੋਟ ਅਤੇ ਲੁਧਿਆਣਾ ਦੇ ਨਵਾਬਾਂ ਦੀਆਂ ਫੌਜਾਂ ਦੀ ਸਾਂਝੀ ਭਾਰੀ ਕੁਮਕ ਨੇ ਸਿੱਖਾਂ ਨੂੰ ਆ ਘੇਰਿਆ। ਖੂਨ-ਡੋਲ੍ਹਵੀਂ ਗਹਿਗੱਚ ਲੜਾਈ ਹੋਈ ਜਿਸ ਵਿਚ ਤਕਰੀਬਨ ੩੦ ਹਜ਼ਾਰ ਸਿੰਘ, ਸਿੰਘਣੀਆਂ ਅਤੇ ਭੁਝੰਗੀ ਸ਼ਹੀਦ ਹੋ ਗਏ। ਸਿੱਖ ਇਤਿਹਾਸ ਵਿਚ ਇਸ ਨੂੰ 'ਵੱਡਾ ਘੱਲੂਘਾਰਾ' ਕਰ ਕੇ ਜਾਣਿਆ ਜਾਂਦਾ ਹੈ। ਇਸੇ ਜੰਗ ਵਿਚ ਹੀ ਅਕਾਲੀ ਫੂਲਾ ਸਿੰਘ ਦੇ ਪਿਤਾ ਜਥੇਦਾਰ ਈਸ਼ਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਸਮੇਂ ਸਿਰ ਇਲਾਜ ਨਾ ਹੋਣ ਕਰਕੇ ਉਹ ਕੁਝ ਦਿਨਾਂ ਬਾਅਦ ਅਕਾਲ ਚਲਾਣਾ

ਕਰ ਗਏ ਪਰੰਤੂ ਆਪਣੀ ਹਾਲਤ ਨੂੰ ਭਾਪਦਿਆਂ ਉਨ੍ਹਾਂ ਨੇ ਸਰੀਰ ਛੱਡਣ ਤੋਂ ਪਹਿਲਾਂ ਹੀ ਅਕਾਲੀ ਫੂਲਾ ਸਿੰਘ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਆਪਣੇ ਇਕ ਸਾਥੀ ਭਾਈ ਨਰੈਣ ਸਿੰਘ ਨੂੰ ਸੌਂਪ ਦਿੱਤੀ।

ਭਾਈ ਨਰੈਣ ਸਿੰਘ ਨੇ ਬਾਲਕ ਫੂਲਾ ਸਿੰਘ ਨੂੰ ਬਚਪਨ ਵਿਚ ਧਾਰਮਿਕ ਵਿੱਦਿਆ ਦੇਣੀ ਅਰੰਭ ਕੀਤੀ। ਉਹ ਵਿਲੱਖਣ ਤੇ ਤੀਖਣ ਬੁੱਧੀ ਵਾਲਾ ਬਾਲਕ ਸੀ। ੧੦ ਸਾਲ ਦੀ ਉਮਰ ਵਿਚ ਹੀ ਉਸ ਨੇ ਨਿੱਤਨੇਮ ਦੀਆਂ ਬਾਣੀਆਂ, ਸਵੱਈਏ ਤੇ ਅਕਾਲ ਉਸਤਤਿ ਆਦਿ ਬਾਣੀਆਂ ਕੰਠ ਕਰ ਲਈਆਂ ਸਨ। ਜਿੰਨਾ ਵੀ ਸਮਾਂ ਉਸ ਨੂੰ ਮਿਲਦਾ ਸੀ ਉਹ ਗੁਰਬਾਣੀ ਦਾ ਪਾਠ ਕਰਨ ਵਿਚ ਹੀ ਖਰਚ ਕਰਦਾ ਸੀ।

ਅਕਾਲੀ ਫੂਲਾ ਸਿੰਘ ਨੇ ਅਜੇ ਜਵਾਨੀ ਵਿਚ ਪੈਰ ਧਰਿਆ ਹੀ ਸੀ ਕਿ ਉਸ ਦੀ ਬਿਰਧ ਮਾਤਾ ਪੌੜੀ ਤੋਂ ਡਿੱਗ ਕੇ ਅਕਾਲ ਚਲਾਣਾ ਕਰ ਗਈ। ਮਾਤਾ ਨੇ ਆਖਰੀ ਸਮੇਂ ਆਪਣੇ ਪੁੱਤਰ ਦਾ ਹੱਥ ਫੜ ਕੇ ਉਸ ਨੂੰ ਸਿੱਖੀ ਵਿਚ ਪਰਪੱਕ ਰਹਿਣ ਦੀ ਤੇ ਤਨ-ਮਨ-ਧਨ ਨਾਲ ਪੰਥ ਦੀ ਸੇਵਾ ਵਿਚ ਲੱਗੇ ਰਹਿਣ ਦੀ ਤਾਕੀਦ ਕੀਤੀ। ਅੱਜ ਖਾਲਸਾ ਪੰਥ ਵਿਚ ਅਜਿਹੀਆਂ ਵਿਰਲੀਆਂ ਹੀ ਮਾਂਵਾਂ ਹਨ। ਅਕਾਲੀ ਫੂਲਾ ਸਿੰਘ ਨੇ ਆਪਣੀ ਪੂਜਨੀਕ ਮਾਤਾ ਦੇ ਅੰਤਮ ਸਸਕਾਰ ਤੋਂ ਵਿਹਲੇ ਹੋ ਕੇ ਆਪਣਾ ਜੀਵਨ ਪੰਥ ਦੀ ਸੇਵਾ ਵਿਚ ਲਾਉਣ ਦਾ ਫੈਸਲਾ ਕਰ ਲਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਬਾਬਾ ਨਰੈਣ ਸਿੰਘ ਦੇ ਡੇਰੇ ਜਾ ਕੇ ਅਕਾਲੀ ਸ਼ਸਤਰ-ਬਸਤਰ ਪਹਿਨ ਲਏ ਤੇ ਸਿੰਘ ਸਜ ਕੇ ਤਿਆਰ-ਬਰ-ਤਿਆਰ ਹੋ ਗਏ। ਇਸ ਸੰਪ੍ਰਦਾ ਦੀ ਮਰਯਾਦਾ ਅਨੁਸਾਰ ਉਨ੍ਹਾਂ ਨੇ ਆਪਣਾ ਘਰ-ਬਾਰ ਤੇ ਜ਼ਮੀਨ-ਜਾਇਦਾਦ ਪਿੰਡ ਵਾਲਿਆਂ ਦੇ ਹਵਾਲੇ ਕਰ ਦਿੱਤੀ ਅਤੇ ਪੰਥ ਦੀ ਸੇਵਾ ਹਿੱਤ ਸਭ ਝੰਜਟਾਂ ਤੋਂ ਵਿਹਲੇ ਹੋ ਗਏ। ਉਨ੍ਹਾਂ ਅੱਗੇ ਇਹ ਸਿਧਾਂਤ ਸਪੱਸ਼ਟ ਸੀ ਕਿ ਸਿਰ ਦਿੱਤੇ ਬਗੈਰ ਧਰਮ ਨੂੰ ਬਚਾਇਆ ਨਹੀਂ ਜਾ ਸਕਦਾ। ਇਹ ਪਰੰਪਰਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਹੀ ਅਰੰਭ ਹੋਈ ਸੀ। ਬਾਬਾ ਨਰੈਣ ਸਿੰਘ ਦੇ ਜਥੇ ਨਾਲ ਰਲ ਕੇ ਆਪ ਸ੍ਰੀ ਅਨੰਦਪੁਰ ਸਾਹਿਬ ਆ ਬਿਰਾਜੇ। ਬਾਬਾ ਨਰੈਣ ਸਿੰਘ ਦਾ ਜਥਾ ਸ਼ਹੀਦਾਂ ਦੀ ਮਿਸਲ ਦਾ ਅੰਸ਼ ਸੀ ਇਸ ਲਈ ਅਕਾਲੀ ਫੂਲਾ ਸਿੰਘ ਵੀ ਸ਼ਹੀਦਾਂ ਦੀ ਮਿਸਲ ਵਿਚ ਸ਼ਾਮਲ ਹੋ ਗਏ ਸਨ। ਇਸ ਮਿਸਲ ਵਿਚ ਰਹਿੰਦਿਆਂ ਆਪ ਨੂੰ ਕਈ ਵਾਰ ਕਰਤੱਬ ਵਿਖਾਉਣ ਦਾ ਸਮਾਂ ਮਿਲਿਆ। ਅਕਾਲੀ ਫੂਲਾ ਸਿੰਘ ਦੀ ਸਿਆਣਪ, ਦ੍ਰਿੜ੍ਹਤਾ, ਦਲੇਰੀ ਅਤੇ ਸਿੱਖੀ ਸਿਦਕ ਕਾਰਨ ਬਾਬਾ ਨਰੈਣ ਸਿੰਘ ਤੋਂ ਬਾਅਦ ਅਕਾਲੀ ਫੂਲਾ ਸਿੰਘ ਉਨ੍ਹਾਂ ਦੇ ਜਥੇ ਦੇ ਜਥੇਦਾਰ ਥਾਪੇ ਗਏ। ਉਦੋਂ ਇਨ੍ਹਾਂ ਦੀ ਉਮਰ ਲੱਗਭਗ ੩੦ ਕੁ ਵਰ੍ਹਿਆਂ ਦੀ ਹੋਵੇਗੀ। ਇਹ ਉਹ ਸਮਾਂ ਸੀ ਜਦੋਂ ਮਿਸਲਾਂ ਨੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਆਪਣਾ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ ਸੀ। ਸ਼ਹੀਦਾਂ ਦੀ ਮਿਸਲ ਦੇ ਕਬਜ਼ੇ ਵਿਚ ਸ਼ਾਹਜਾਦਪੁਰ, ਮਾਜਰੀ, ਕੇਸਰੀ ਆਦਿ ਦੇ ਇਲਾਕੇ ਸਨ। ਇਸ ਮਿਸਲ ਦਾ ਸਰਦਾਰ ਭਾਈ ਕਰਮ ਸਿੰਘ ਸੀ। ੧੮੫੧ ਬਿਕ੍ਰਮੀ ਵਿਚ ਉਸ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਸ. ਗੁਲਾਬ ਸਿੰਘ ਮਿਸਲਦਾਰ ਬਣਿਆ। ੧੭੯੯ ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰ ਕੇ ਸਿੱਖ ਰਾਜ ਦੀ ਬੁਨਿਆਦ

ਰੱਖੀ। ਸ਼ਹੀਦਾਂ ਦੀ ਮਿਸਲ ਦਾ ਸਰਦਾਰ ਗੁਲਾਬ ਸਿੰਘ ਬਹੁਤ ਚੰਗਾ ਸੂਝਵਾਨ ਪ੍ਰਬੰਧਕ ਨਹੀਂ ਸੀ। ਅਕਾਲੀ ਫੂਲਾ ਸਿੰਘ ਆਪਣੇ ਆਪ ਨੂੰ ਸਮੁੱਚੇ ਪੰਥ ਦੇ ਸੇਵਾਦਾਰ ਸਮਝਦੇ ਸਨ ਇਸ ਲਈ ੧੮੫੭ ਬਿਕ੍ਰਮੀ ਅਰਥਾਤ ੧੮੦੦ ਈਸਵੀ ਵਿਚ ਉਹ ਆਪਣੇ ਜਥੇ ਸਮੇਤ ਸ੍ਰੀ ਅੰਮ੍ਰਿਤਸਰ ਦੀ ਸੇਵਾ ਵਿਚ ਪਹੁੰਚ ਗਏ। ੧੮੫੮ ਬਿਕ੍ਰਮੀ ਅਰਥਾਤ ੧੮੦੧ ਈਸਵੀ ਨੂੰ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅੰਮ੍ਰਿਤਸਰ 'ਤੇ ਚੜ੍ਹਾਈ ਕੀਤੀ ਤਾਂ ਅਕਾਲੀ ਫੂਲਾ ਸਿੰਘ ਦੋਵਾਂ ਧਿਰਾਂ ਦੇ ਵਿਚਕਾਰ ਖੜ੍ਹੇ ਹੋ ਗਏ। ਸਿੱਖਾਂ ਨੂੰ ਸਿੱਖਾਂ ਨਾਲ ਲੜਨ ਤੋਂ ਰੋਕਿਆ ਅਤੇ ਮਿਸਲ ਦੇ ਸਰਦਾਰਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸੁਲ੍ਹਾ ਕਰਵਾ ਦਿੱਤੀ। ਮਹਾਰਾਜਾ ਸਾਹਿਬ ਨੇ ਜਿੱਥੇ ਭੰਗੀ ਸਰਦਾਰਾਂ ਨੂੰ ਬਹੁਤ ਸਾਰੀ ਜਾਗੀਰ ਦੇ ਦਿੱਤੀ ਉੱਥੇ ਅਕਾਲੀ ਜਥੇ ਦੇ ਨਾਂ ਵੀ ਜਾਗੀਰ ਲਾਈ। ੧੮੬੪ ਬਿਕ੍ਰਮੀ ਅਰਥਾਤ ੧੮੦੭ ਈਸਵੀ ਵਿਚ ਅਕਾਲੀ ਫੂਲਾ ਸਿੰਘ ਨੇ ਆਪਣੇ ਜਥੇ ਸਮੇਤ ਕਸੂਰ ਦੀ ਜੰਗ ਵਿਚ ਮਹਾਰਾਜਾ ਸਾਹਿਬ ਦੀ ਸਹਾਇਤਾ ਕੀਤੀ। ਅਕਾਲੀ ਫੂਲਾ ਸਿੰਘ ਦੀ ਅਗਵਾਈ ਵਿਚ ਨਿਹੰਗ ਸਿੰਘਾਂ ਨੇ ਕਸੂਰ ਦੀ ਜੰਗ ਵਿਚ ਜੋ ਜੌਹਰ ਵਿਖਾਏ ਉਸ ਨਾਲ ਮਹਾਰਾਜਾ ਸਾਹਿਬ ਦੇ ਮਨ ਉਤੇ ਅਕਾਲੀ ਸਿੰਘਾਂ ਦੀ ਬਹਾਦਰੀ ਦਾ ਸਿੱਕਾ ਬੈਠ ਗਿਆ। ਉਨ੍ਹਾਂ ਨੇ ਅਕਾਲੀ ਜਥੇ ਦੇ ਲੰਗਰ ਦੀ ਸੇਵਾ ਲਈ ਹੋਰ ਜਾਗੀਰ ਵਧਾ ਦਿੱਤੀ। ਇਸ ਕਰ ਕੇ ਉਨ੍ਹਾਂ ਦੇ ਜਥੇ ਦੀ ਗਿਣਤੀ ਵਿਚ ਦਿਨੋ-ਦਿਨ ਵਾਧਾ ਹੋਣ ਲੱਗ ਪਿਆ। ਹੁਣ ਇਹ ਮਿਸਲ ਇਕ ਮਜ਼ਬੂਤ ਬਾਹੂਬਲ ਵਾਲੀ ਅਤੇ ਸ਼ਕਤੀਸ਼ਾਲੀ ਫੌਜ ਹੀ ਬਣ ਗਈ ਸੀ ਜਿਸ ਤੋਂ ਸਾਰੇ ਹੀ ਭੈ ਖਾਣ ਲੱਗ ਪਏ ਸਨ।

ਸਤਲੁਜ ਦੇ ਦੱਖਣ ਵੱਲ ਦੀਆਂ ਫੂਲਕੀਆਂ ਸਿੱਖ ਰਿਆਸਤਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀ ਨੂੰ ਵਧਦਿਆਂ ਦੇਖ ਕੇ ਅੰਗਰੇਜ਼ ਸਰਕਾਰ ਦੀ ਸ਼ਰਨ ਲੈ ਲਈ। ਅੰਗਰੇਜ਼ ਸਰਕਾਰ ਮਹਾਰਾਜਾ ਰਣਜੀਤ ਸਿੰਘ ਨੂੰ ਦੱਖਣੀ ਸੀਮਾ ਸਤਲੁਜ ਤਕ ਹੀ ਸੀਮਤ ਰੱਖਣਾ ਚਾਹੁੰਦੀ ਸੀ। ਇਸ ਮੰਤਵ ਲਈ ਮਹਾਰਾਜੇ ਨਾਲ ਗੱਲਬਾਤ ਕਰਨ ਵਾਸਤੇ ਮਿਸਟਰ ਮਿਟਕਾਫ਼ ਨੂੰ ਭੇਜਿਆ ਗਿਆ। ੧੧ ਸਤੰਬਰ, ੧੮੦੮ ਈ: ਨੂੰ ਮਿਸਟਰ ਮਿਟਕਾਫ਼ ਮਹਾਰਾਜਾ ਸਾਹਿਬ ਨੂੰ ਕਸੂਰ ਵਿਖੇ ਮਿਲਿਆ। ਮਹਾਰਾਜਾ ਰਣਜੀਤ ਸਿੰਘ ਸਤਲੁਜ ਪਾਰ ਪੂਰਬ-ਦੱਖਣ ਵੱਲ ਦਰਿਆ ਜਮਨਾ ਨੂੰ ਸਿੱਖ ਰਾਜ ਦੀ ਹੱਦ ਬਣਾਉਣਾ ਚਾਹੁੰਦੇ ਸਨ। ਇਸ ਲਈ ਉਹ ਕਾਫੀ ਦੇਰ ਤਕ ਮਿਸਟਰ ਮਿਟਕਾਫ਼ ਨਾਲ ਕੋਈ ਪੱਕਾ ਸਮਝੌਤਾ ਕਰਨ ਤੋਂ ਟਲਦੇ ਰਹੇ। ਉਨ੍ਹਾਂ ਨੇ ਸਤਲੁਜ ਤੋਂ ਪਾਰ ਹਮਲਾ ਕਰ ਕੇ ਕਈ ਇਲਾਕੇ ਵੀ ਆਪਣੇ ਕਬਜ਼ੇ ਵਿਚ ਕਰ ਲਏ ਸਨ। ਉੱਧਰ ਯੂਨਾਨੀ ਸ਼ਕਤੀਸ਼ਾਲੀ ਜਰਨੈਲ ਨੈਪੋਲੀਅਨ ਦੀ ਨਿੱਤ ਵਧਦੀ ਸ਼ਕਤੀ ਤੋਂ ਵੀ ਅੰਗਰੇਜ਼ ਭੈਭੀਤ ਸਨ, ਇਸ ਲਈ ਕੂਟਨੀਤੀ ਅਧੀਨ ਅੰਗਰੇਜ਼ ਵਕਤੀ ਤੌਰ ਉੱਤੇ ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕਰ ਕੇ ਉਸ ਨੂੰ ਅੱਗੇ ਵਧਣ ਤੋਂ ਰੋਕਣ ਅਤੇ ਉਸ ਦਾ ਸਹਿਯੋਗ ਪ੍ਰਾਪਤ ਕਰ ਕੇ ਨੈਪੋਲੀਅਨ ਦਾ ਮੁਕਾਬਲਾ ਕਰਨ ਲਈ ਵਿਉਂਤਬੰਦੀ ਕਰ ਰਹੇ ਸਨ। ਅਚਾਨਕ ਨੈਪੋਲੀਅਨ ਦੇ ਮਰਨ ਤੋਂ ਬਾਅਦ ਅੰਗਰੇਜ਼ਾਂ ਦੇ ਹੌਂਸਲੇ ਵਧ ਗਏ ਸਨ। ਉੱਧਰ ਪੂਰਬੀ ਰਿਆਸਤਾਂ (ਫੂਲਕੀਆਂ) ਆਪਣੇ ਭਰਾਵਾਂ ਨਾਲ ਰਲ ਕੇ ਰਾਜ ਕਰਨ ਦੀ ਥਾਂ ਅੰਗਰੇਜ਼ਾਂ

ਦੀ ਗ਼ੁਲਾਮੀ ਕਬੂਲ ਕਰ ਬੈਠੀਆਂ ਸਨ ਜਿਸ ਫਲਸਰੂਪ ਮਹਾਰਾਜਾ ਰਣਜੀਤ ਸਿੰਘ ਨੂੰ ਆਪਣਾ ਇਰਾਦਾ ਬਦਲਣਾ ਪਿਆ ਤੇ ਉਹ ਸਤਲੁਜ ਪਾਰ ਕਰ ਕੇ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਇੱਥੇ ਹੀ ਮਿਟਕਾਫ਼ ਉਨ੍ਹਾਂ ਨੂੰ ਫਿਰ ਆ ਕੇ ਮਿਲਿਆ। ਇਹ ਮੁਸਲਮਾਨਾਂ ਦੇ ਤਾਜੀਆ ਦੇ ਦਿਨ ਸਨ। ਮਿਟਕਾਫ ਦੇ ਸਿਪਾਹੀਆਂ ਵਿਚ ਇਕ ਪਲਟਨ ਸ਼ੀਆ ਮੁਸਲਮਾਨਾਂ ਦੀ ਵੀ ਸੀ। ਉਨ੍ਹਾਂ ਨੇ ਧੂਮ-ਧਾਮ ਨਾਲ ਸ੍ਰੀ ਅੰਮ੍ਰਿਤਸਰ ਵਿਚ ਤਾਜੀਆ ਕੱਢਿਆ। ਜਦੋਂ ਉਹ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਆਏ ਤਾਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ-ਸੇਵਾਦਾਰਾਂ ਨੇ ਉਨ੍ਹਾਂ ਨੂੰ ਸ਼ੋਰ ਮਚਾਉਣ ਤੋਂ ਰੋਕਿਆ ਕਿਉਂਕਿ ਉਸ ਸਮੇਂ ਸ੍ਰੀ ਅਕਾਲ ਤਖਤ ਉੱਤੇ ਧਾਰਮਿਕ ਸਮਾਗਮ ਚੱਲ ਰਿਹਾ ਸੀ। ਤਾਜੀਆ ਦੇ ਸ਼ੋਰ ਕਾਰਨ ਇਸ ਵਿਚ ਵਿਘਨ ਪੈਂਦਾ ਸੀ। ਇਸ 'ਤੇ ਸਿੱਖਾਂ ਨਾਲ ਉਨ੍ਹਾਂ ਦਾ ਝਗੜਾ ਹੋ ਗਿਆ। ਅਕਾਲੀ ਫੂਲਾ ਸਿੰਘ ਨੂੰ ਜਦੋਂ ਖ਼ਬਰ ਹੋਈ ਤਾਂ ਉਹ ਵੀ ਕੁਝ ਅਕਾਲੀਆਂ ਨੂੰ ਨਾਲ ਲੈ ਕੇ ਪਹੁੰਚ ਗਏ। ਦੋਵੇਂ ਪਾਸਿਓਂ ਤਲਵਾਰਾਂ ਤੇ ਗੋਲੀਆਂ ਚੱਲਣ ਲੱਗੀਆਂ। ਮਹਾਰਾਜਾ ਰਣਜੀਤ ਸਿੰਘ ਨੂੰ ਇਸ ਘਟਨਾ ਦੀ ਸੂਚਨਾ ਦਿੱਤੀ ਗਈ ਤਾਂ ਉਨ੍ਹਾਂ ਨੇ ਆਪ ਆ ਕੇ ਲੜਾਈ ਬੰਦ ਕਰਵਾਈ ਅਤੇ ਮਿਸਟਰ ਮਿਟਕਾਫ਼ ਨੂੰ ਸਿੱਖਾਂ ਦੀ ਧਾਰਮਿਕ ਭਾਵਨਾ ਤੋਂ ਜਾਣੂ ਕਰਵਾ ਕੇ ਸ਼ਾਂਤ ਕੀਤਾ। ਉਸ ਸਮੇਂ ਸਤਲੁਜ ਪਾਰ ਦੀਆਂ ਫੂਲਕੀਆਂ ਰਿਆਸਤਾਂ ਜੇ ਅੰਗਰੇਜ਼ਾਂ ਦੀ ਅਧੀਨਗੀ ਕਬੂਲਣ ਦੀ ਥਾਂ ਆਪਣੇ ਭਰਾਵਾਂ ਨਾਲ ਮਿਲ ਕੇ ਅਜ਼ਾਦੀ ਦਾ ਅਨੰਦ ਮਾਣਦੀਆਂ ਤਾਂ ਪੰਜਾਬ ਦਾ ਹੀ ਨਹੀਂ ਸਗੋਂ ਭਾਰਤ ਦਾ ਇਤਿਹਾਸ ਹੋਰ ਹੋਣਾ ਸੀ।

ਅੰਗਰੇਜ਼ਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸੰਧੀ ਤੋਂ ਬਾਅਦ ਅਕਾਲੀ ਫੂਲਾ ਸਿੰਘ ੧੮੦੯ ਈ: ਵਿਚ ਦਮਦਮਾ ਸਾਹਿਬ ਆ ਗਏ। ਇਸ ਇਲਾਕੇ ਵਿਚ ਕੈਪਟਨ ਵਾਈਟ ਹੱਦਬੰਦੀ ਕਾਇਮ ਕਰਨ ਲਈ ਕਛਾਈ ਕਰ ਰਿਹਾ ਸੀ। ਲੋਕਾਂ ਵਿਚ ਅਫਵਾਹ ਫੈਲ ਗਈ ਕਿ ਅੰਗਰੇਜ਼ ਪੰਜਾਬ ਦਾ ਨਕਸ਼ਾ ਤਿਆਰ ਕਰ ਰਹੇ ਹਨ। ਉਹ ਥੋੜ੍ਹੇ ਚਿਰ ਵਿਚ ਹੀ ਪੰਜਾਬ 'ਤੇ ਕਬਜ਼ਾ ਕਰ ਲੈਣਗੇ। ਇਸ ਦੀ ਪੜਤਾਲ ਕਰਨ ਲਈ ਅਕਾਲੀ ਜੀ ਆਪਣੇ ਜਥੇ ਸਮੇਤ ਤੁਰ ਪਏ। ਪਿੰਡ ਚਾਉਂਕੇ ਦੇ ਨੇੜੇ ਉਨ੍ਹਾਂ ਨੇ ਕੈਪਟਨ ਵਾਈਟ ਦਾ ਕੈਂਪ ਲੱਗਿਆ ਵੇਖਿਆ ਤਾਂ ਇਸ 'ਤੇ ਹਮਲਾ ਕਰ ਦਿੱਤਾ। ਇਸ ਵਿਚ ਕਈ ਅੰਗਰੇਜ਼ ਮਾਰੇ ਗਏ। ਦਮਦਮਾ ਸਾਹਿਬ ਰਹਿੰਦਿਆਂ ਉਨ੍ਹਾਂ ਨੇ ਮਾਲਵੇ ਦੇ ਪਿੰਡਾਂ ਦਾ ਦੌਰਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਲੋਕਾਂ ਤੋਂ ਜਥੇ ਦੀ ਲੋੜ ਲਈ ਉਹ ਰਸਦ-ਪਾਣੀ ਦੀ ਉਗਰਾਹੀ ਕਰਦੇ। ਅੰਗਰੇਜ਼ਾਂ ਨੂੰ ਉਨ੍ਹਾਂ ਦਾ ਇਸ ਤਰ੍ਹਾਂ ਆਪਣੇ ਇਲਾਕੇ ਵਿਚ ਫਿਰਨਾ ਚੰਗਾ ਨਹੀਂ ਸੀ ਲੱਗਦਾ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ 'ਤੇ ਜ਼ੋਰ ਪਾਇਆ ਕਿ ਅਕਾਲੀ ਫੂਲਾ ਸਿੰਘ ਨੂੰ ਉਨ੍ਹਾਂ ਹਵਾਲੇ ਕੀਤਾ ਜਾਵੇ। ਮਹਾਰਾਜੇ ਨੇ ਉਨ੍ਹਾਂ ਦੀ ਮੰਗ ਪੂਰੀ ਕਰਨ ਦੀ ਥਾਂ ਅਕਾਲੀ ਜੀ ਨੂੰ ਬੇਨਤੀ ਕੀਤੀ ਕਿ ਉਹ ਸਿੱਖ ਰਾਜ ਦੇ ਇਲਾਕੇ ਵਿਚ ਹੀ ਰਹਿਣ ਅਤੇ ਇਸ ਰਾਜ ਦੀ ਮਜ਼ਬੂਤੀ ਲਈ ਸ਼ਕਤੀ ਕੇਂਦ੍ਰਿਤ ਕੀਤੀ ਜਾਵੇ। ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਸਰਕਾਰ ਕਰੇਗੀ। ਇਸ 'ਤੇ ਅਕਾਲੀ ਫੂਲਾ ਸਿੰਘ ਸ੍ਰੀ ਅੰਮ੍ਰਿਤਸਰ ਜਾ ਬਿਰਾਜੇ। ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਅਕਾਲੀ ਸਿੰਘਾਂ ਦਾ ਮੁਖੀ ਮੰਨ ਲਿਆ

ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਸਾਰਾ ਪ੍ਰਬੰਧ ਉਨ੍ਹਾਂ ਨੂੰ ਸੌਂਪ ਦਿੱਤਾ। ਇਸ ਦੇ ਬਾਵਜੂਦ ਵੀ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਸਾਹਿਬ ਦੀ ਅਧੀਨਗੀ ਕਬੂਲ ਨਹੀਂ ਕੀਤੀ। ਉਹ ਆਪਣੇ ਆਪ ਨੂੰ ਪੰਥ ਦਾ ਸੁਤੰਤਰ ਸੇਵਕ ਹੀ ਸਮਝਦੇ ਸਨ। ਡੋਗਰਿਆਂ ਨੂੰ ਅਹੁਦੇ ਦੇਣ ਕਰਕੇ ਅਤੇ ਮੋਰਾਂ ਨਾਲ ਸੰਬੰਧ ਰੱਖਣ ਕਰਕੇ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕੀਤਾ ਅਤੇ ਉਨ੍ਹਾਂ ਨੂੰ ਤਾੜਨਾ ਕੀਤੀ। ਇਕ ਬਾਦਸ਼ਾਹ ਜਿਸ ਤੋਂ ਸਾਰਾ ਪੰਜਾਬ ਕੰਬਦਾ ਸੀ ਉਸ ਨੂੰ ਇਕ ਜਥੇਦਾਰ ਦਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕਰਨਾ ਆਤਮਿਕ ਉਚਤਾ ਦੀ ਅਦੁੱਤੀ ਮਿਸਾਲ ਸੀ। ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਇਕ ਬਾਦਸ਼ਾਹ ਹੁੰਦੇ ਹੋਏ ਉਨ੍ਹਾਂ ਦੇ ਹੁਕਮ ਨੂੰ ਸਿਰ-ਮੱਥੇ ਮੰਨਿਆ ਅਤੇ ਆਪਣੇ ਆਪ ਨੂੰ ਇਕ ਨਿਮਾਣੇ ਸਿੱਖ ਵਜੋਂ ਗੁਰੂ ਸਾਹਿਬ ਦੇ ਤਖਤ ਦੇ ਸਨਮੁੱਖ ਪੇਸ਼ ਕੀਤਾ। ਇਹ ਦੋਵੇਂ ਰੂਪ ਸਿੱਖੀ ਆਦਰਸ਼ ਦੀਆਂ ਉੱਤਮ ਉਦਾਹਰਨਾਂ ਹਨ।

ਮੁਲਤਾਨ 'ਤੇ ਕਬਜ਼ਾ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਪਿਸ਼ਾਵਰ ਤੇ ਕਸ਼ਮੀਰ ਨੂੰ ਆਪਣੇ ਰਾਜ ਵਿਚ ਮਿਲਾਉਣਾ ਚਾਹੁੰਦਾ ਸੀ। ਪਿਸ਼ਾਵਰ ਇਲਾਕੇ ਦੇ ਪੂਰਬ ਵੱਲ ਸਿੰਧ ਦਰਿਆ ਵਗਦਾ ਹੈ ਤੇ ਦੱਖਣ ਵੱਲ ਲੁੰਡਾ ਦਰਿਆ ਪੱਛਮ ਤੋਂ ਪੂਰਬ ਵੱਲ ਵਗਦਾ ਹੈ। ਨਵੰਬਰ, ੧੮੧੮ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ 'ਤੇ ਚੜ੍ਹਾਈ ਕਰ ਦਿੱਤੀ। ਅਟਕ ਦਰਿਆ 'ਤੇ ਬੇੜੀਆਂ ਦਾ ਪੁਲ ਬਣਾਇਆ ਗਿਆ। ਹਮਲੇ ਦੀ ਖ਼ਬਰ ਸੁਣ ਕੇ ਪਠਾਣਾਂ ਨੇ ਖੈਰਾਬਾਦ ਦੀਆਂ ਪਹਾੜੀਆਂ ਵਿਚ ਮੋਰਚੇ ਲਾ ਲਏ ਸਨ। ਮਹਾਰਾਜਾ ਸਾਹਿਬ ਨੇ ਪਹਿਲਾਂ ਅਕਾਲੀ ਫੂਲਾ ਸਿੰਘ ਅਤੇ ਸਰਦਾਰ ਮਹਿਤਾਬ ਸਿੰਘ ਨਾਖੇਰੀਆ ਦਾ ਜਥਾ ਅਟਕ ਤੋਂ ਪਾਰ ਭੇਜਿਆ। ਉਨ੍ਹਾਂ ਦੇ ਅੱਗੇ ਪਠਾਣ ਟਿਕ ਨਾ ਸਕੇ ਅਤੇ ਈਨ ਮੰਨ ਲਈ। ਇਸ ਤੋਂ ਬਾਅਦ ਉਨ੍ਹਾਂ ਨੇ ਚਮਕਾਣੀਆਂ ਦੇ ਸਥਾਨ 'ਤੇ ਰਸਤਾ ਰੋਕਣ ਦਾ ਯਤਨ ਕੀਤਾ। ਅਕਾਲੀ ਫੂਲਾ ਸਿੰਘ ਨੇ ਰਾਤੋ-ਰਾਤ ਉਨ੍ਹਾਂ 'ਤੇ ਧਾਵਾ ਬੋਲ ਦਿੱਤਾ ਤੇ ਉਹ ਸਾਰੇ ਡਰਦੇ ਮਾਰੇ ਇਧਰ-ਉਧਰ ਨੱਸ ਗਏ। ਹੁਣ ਬਾਕੀ ਸਿੱਖ ਫੌਜਾਂ ਅਟਕ ਤੋਂ ਪਾਰ ਹੋ ਕੇ ਖੈਰਾਬਾਦ ਅਤੇ ਜਹਾਂਗੀਰੇ ਦੇ ਕਿਲ੍ਹਿਆਂ 'ਤੇ ਕਬਜ਼ਾ ਕਰ ਕੇ ਪਿਸ਼ਾਵਰ ਵੱਲ ਵਧਣ ਲੱਗੀਆਂ। ਪਿਸ਼ਾਵਰ ਦਾ ਗਵਰਨਰ ਯਾਰ ਮੁਹੰਮਦ ਖਾਨ ਜੋ ਕਿ ਫਤਹਿ ਖਾਨ ਦਾ ਭਰਾ ਸੀ, ਖਾਲਸੇ ਦੇ ਪਹੁੰਚਣ ਤੋਂ ਪਹਿਲਾਂ ਹੀ ਸ਼ਹਿਰ ਖਾਲੀ ਕਰ ਕੇ ਦੌੜ ਗਿਆ। ੨੦ ਨਵੰਬਰ, ੧੮੧੮ ਈ. ਨੂੰ ਖਾਲਸਾ ਫੌਜ ਨੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ। ਅਗਲੇ ਦਿਨ ਮਹਾਰਾਜਾ ਰਣਜੀਤ ਸਿੰਘ ਉੱਥੇ ਪਹੁੰਚੇ ਤੇ ਕਈ ਦਿਨ ਉੱਥੇ ਠਹਿਰ ਕੇ ਦਰਬਾਰ ਲਾਉਂਦੇ ਰਹੇ ਤੇ ਲੋਕਾਂ ਨੂੰ ਮਿਲਦੇ ਰਹੇ। ਪਿਸ਼ਾਵਰ ਵਿਚ ਹੀ ਯਾਰ ਮੁਹੰਮਦ ਖਾਨ ਦੇ ਭਰਾ ਦੋਸਤ ਮੁਹੰਮਦ ਖਾਨ ਨੇ ਆਪਣੇ ਵਕੀਲਾਂ ਰਾਹੀਂ ੫੦,੦੦੦ ਰੁਪਿਆ, ਕਾਬਲੀ ਮੇਵੇ ਅਤੇ ੧੦੦ ਪਹਾੜੀ ਘੋੜੇ ਮਹਾਰਾਜਾ ਸਾਹਿਬ ਨੂੰ ਨਜ਼ਰਾਨਾ ਭੇਜਿਆ ਅਤੇ ਤਿੰਨ ਲੱਖ ਰੁਪਿਆ ਸਾਲਾਨਾ ਮਾਲੀਆ ਦੇਣ ਦਾ ਇਕਰਾਰ ਕਰ ਕੇ ਪਿਸ਼ਾਵਰ ਦੀ ਹਕੂਮਤ ਬਖ਼ਸ਼ਣ ਲਈ ਬੇਨਤੀ- ਪੱਤਰ ਭੇਜਿਆ। ਮਹਾਰਾਜਾ ਸਾਹਿਬ ਨੇ ਉਨ੍ਹਾਂ ਦੀ ਇਹ ਮੰਗ ਮੰਨ ਲਈ ਤੇ ਫੌਜਾਂ ਸਮੇਤ ਲਾਹੌਰ ਵਾਪਸ ਆ ਗਏ।

ਇਸ ਤੋਂ ਅਗਲੇ ਸਾਲ ੧੮੧੯ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ 'ਤੇ ਹਮਲੇ ਦੀ ਯੋਜਨਾ ਬਣਾਈ। ਇਕ ਜਥਾ ਦੀਵਾਨ ਚੰਦ ਦੀ ਅਗਵਾਈ ਹੇਠ ਅੱਗੇ ਭੇਜਿਆ ਗਿਆ ਤੇ ਦੂਜਾ ਜਥਾ ਸ਼ਹਿਜ਼ਾਦਾ ਖੜਕ ਸਿੰਘ ਤੇ ਅਕਾਲੀ ਫੂਲਾ ਸਿੰਘ ਦੀ ਕਮਾਨ ਹੇਠ ਘੱਲਿਆ ਗਿਆ। ਰਾਜੌਰੀ ਦੇ ਹਾਕਮ ਨੇ ਤਾਂ ਲੜਾਈ ਤੋਂ ਬਿਨਾਂ ਹੀ ਖਾਲਸੇ ਦੀ ਈਨ ਮੰਨ ਲਈ। ਪੁਣਛ ਦੇ ਹਾਕਮ ਜ਼ਬਰਦਸਤ ਖਾਨ ਨੇ ਤਰੀ ਦੇ ਕਿਲ੍ਹੇ ਵਿਚ ਫੌਜ ਇਕੱਠੀ ਕਰ ਲਈ ਤੇ ਸਿੱਖਾਂ ਦਾ ਮੁਕਾਬਲਾ ਕੀਤਾ। ਅਕਾਲੀ ਫੂਲਾ ਸਿੰਘ ਦੇ ਜਥੇ ਨੇ ਕਿਲ੍ਹੇ ਨੂੰ ਘੇਰ ਲਿਆ ਤੇ ਬਾਰੂਦ ਨਾਲ ਇਕ ਬਾਹੀ ਉਡਾ ਕੇ ਜਬਰਦਸਤ ਖਾਨ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ। ਫੌਜਾਂ ਜਦੋਂ ਪੀਰ ਪੰਜਾਲ ਦੀ ਚੋਟੀ ਵੱਲ ਜਾਣ ਲਈ ਦਰਿਆ ਵਿੱਚੋਂ ਲੰਘਣ ਲੱਗੀਆਂ ਤਾਂ ਪਠਾਣਾਂ ਨੂੰ ਖ਼ਬਰ ਹੋ ਗਈ। ਉਨ੍ਹਾਂ ਨੇ ਦੋਵੇਂ ਪਾਸਿਓਂ ਪਹਾੜੀਆਂ 'ਤੇ ਚੜ੍ਹ ਕੇ ਸਿੱਖਾਂ 'ਤੇ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਕੋਈ ਵਾਹ ਨਾ ਜਾਂਦੀ ਵੇਖ ਕੇ ਅਕਾਲੀ ਫੂਲਾ ਸਿੰਘ ਨੇ ਆਪਣੇ ਜਥੇ ਨੂੰ ਪਹਾੜੀਆਂ ਦੀਆਂ ਚੋਟੀਆਂ 'ਤੇ ਚੜ੍ਹ ਕੇ ਮੋਰਚੇ ਛਡਾਉਣ ਦਾ ਹੁਕਮ ਦਿੱਤਾ। ਤੀਜੇ ਪਹਿਰ ਤਕ ਇਹ ਜਥਾ ਪਹਾੜੀਆਂ ਦੇ ਉੱਪਰ ਪਹੁੰਚਿਆ ਤੇ ਹੱਥੋ-ਹੱਥ ਲੜਾਈ ਕਰ ਕੇ ਮੋਰਚੇ ਛੁਡਵਾਏ। ਬਹੁਤ ਸਾਰੇ ਪਠਾਣ ਮਾਰੇ ਗਏ ਤੇ ਬਾਕੀ ਦੌੜ ਗਏ। ਅਕਾਲੀਆਂ ਨੇ ਇਨ੍ਹਾਂ ਸਾਰੇ ਲੱਕੜ ਦੇ ਬਣੇ ਮੋਰਚਿਆਂ ਨੂੰ ਅੱਗ ਲਾ ਕੇ ਫੂਕ ਦਿੱਤਾ। ਇਸ ਤਰ੍ਹਾਂ ਜਿੱਥੇ ਵੀ ਕੋਈ ਖ਼ਤਰੇ ਵਾਲੀ ਥਾਂ ਹੁੰਦੀ ਸੀ ਉੱਥੇ ਨਿਹੰਗ ਸਿੰਘਾਂ ਦਾ ਜਥਾ ਹੀ ਅੱਗੇ ਹੋ ਕੇ ਵਾਰ ਝੱਲਦਾ ਸੀ। ਨਾਂ ਭਾਵੇਂ ਇਤਿਹਾਸ ਵਿਚ ਜਰਨੈਲਾਂ ਦਾ ਹੀ ਹੋਵੇ ਪਰ ਅਸਲ ਵਿਚ ਜਿੱਤ ਉਨ੍ਹਾਂ ਯੋਧਿਆਂ ਦੀ ਹੀ ਹੁੰਦੀ ਹੈ ਜਿਹੜੇ ਮਰਨ ਤੋਂ ਨਹੀਂ ਡਰਦੇ ਤੇ ਅੱਗੇ ਹੋ ਕੇ ਵੈਰੀ ਨਾਲ ਲੋਹਾ ਲੈਂਦੇ ਹਨ। ਮੁਲਤਾਨ ਦੀ ਜੰਗ ਸਮੇਂ ਵੀ ਇਤਿਹਾਸਕਾਰਾਂ ਅਨੁਸਾਰ ਇਕ ਅਕਾਲੀ ਸਿੰਘ ਕੰਧ ਦੇ ਪਾੜ ਵਿੱਚੋਂ ਸਭ ਤੋਂ ਪਹਿਲਾਂ ਅੰਦਰ ਵੜਿਆ ਸੀ। ਕਈਆਂ ਨੇ ਇਸ ਦਾ ਨਾਂ ਸਾਧੂ ਸਿੰਘ ਲਿਖਿਆ ਹੈ ਕਿਸੇ ਨੇ ਜੱਸਾ ਸਿੰਘ ਤੇ ਕਿਸੇ ਨੇ ਮਾਲਾ ਸਿੰਘ। ਨਾਂ ਭਾਵੇਂ ਕੋਈ ਵੀ ਹੋਵੇ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਅਕਾਲੀ ਫੂਲਾ ਸਿੰਘ ਦੇ ਜਥੇ ਦਾ ਹੀ ਇਕ ਸਿੰਘ ਸੀ। ਗੁਰਬਾਣੀ ਦਾ ਮਹਾਂਵਾਕ ਹੈ:

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥* *(ਪੰਨਾ ੧੦੯੬)*

ਪਿਸ਼ਾਵਰ ਦੇ ਗਵਰਨਰ ਯਾਰ ਮੁਹੰਮਦ ਖਾਨ ਨੇ ਲਾਹੌਰ ਨੂੰ ਨਜ਼ਰਾਨਾ ਦੇਣਾ ਅਰੰਭ ਕਰ ਦਿੱਤਾ ਸੀ। ਕਾਬਲ ਦੇ ਹਾਕਮ ਮੁਹੰਮਦ ਅਜ਼ੀਮ ਖਾਨ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗਦੀ, ਇਸ ਲਈ ਉਸ ਨੇ ੧੮੨੩ ਈ: ਵਿਚ ਪਿਸ਼ਾਵਰ 'ਤੇ ਹਮਲਾ ਕਰ ਦਿੱਤਾ। ਹਮਲੇ ਦੀ ਖ਼ਬਰ ਸੁਣ ਕੇ ਉਸ ਦਾ ਭਰਾ ਯਾਰ ਮੁਹੰਮਦ ਖਾਨ ਪਿਸ਼ਾਵਰ ਛੱਡ ਕੇ ਯੂਸਫਜ਼ਈ ਦੇ ਪਹਾੜਾਂ ਵਿਚ ਜਾ ਲੁਕਿਆ। ਮੁਹੰਮਦ ਅਜ਼ੀਮ ਖਾਨ ਨੇ ਬਿਨਾਂ ਕਿਸੇ ਮੁਕਾਬਲੇ ਦੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ ਅਤੇ ਸਾਰੇ ਇਲਾਕੇ ਵਿਚ ਜੇਹਾਦ ਦਾ ਐਲਾਨ ਕਰ ਦਿੱਤਾ। ਮੌਲਵੀਆਂ ਦੇ ਪ੍ਰੇਰੇ ਹੋਏ ਸਾਰੇ ਸਰਹੱਦੀ ਪਠਾਣ ਸਿੱਖਾਂ ਵਿਰੁੱਧ ਜੰਗ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਗਏ। ਮੁਹੰਮਦ ਅਜ਼ੀਮ ਖਾਨ ਅਟਕ ਤਕ ਦਾ

ਇਲਾਕਾ ਸਿੱਖ ਰਾਜ ਤੋਂ ਅਜ਼ਾਦ ਕਰਵਾ ਲੈਣਾ ਚਾਹੁੰਦਾ ਸੀ। ਉਸ ਨੇ ਨੁਸ਼ਹਿਰਾ ਤੇ ਹਿਸ਼ਤ ਨਗਰ ਦੇ ਖੁੱਲ੍ਹੇ ਮੈਦਾਨਾਂ ਵਿਚ ਬਹੁਤ ਵੱਡਾ ਲਸ਼ਕਰ ਜਮ੍ਹਾਂ ਕਰ ਲਿਆ। ਇਕ ਹਫਤੇ ਵਿਚ ਇਹ ਗਿਣਤੀ ੨੫੦੦੦ ਤਕ ਪਹੁੰਚ ਗਈ। ਦੂਜੇ ਪਾਸੇ ਉਸ ਨੇ ਆਪਣੇ ਭਤੀਜੇ ਜ਼ਮਾਨ ਖਾਨ ਤੇ ਸਮੁੰਦ ਖਾਨ ਦੀ ਅਗਵਾਈ ਵਿਚ ਅਫਰੀਦੀਆਂ ਅਤੇ ਖਟਕਾਂ ਦਾ ਇਕ ਵੱਡਾ ਲਸ਼ਕਰ ਜਹਾਂਗੀਰੇ ਦੇ ਕਿਲ੍ਹੇ 'ਤੇ ਕਬਜ਼ਾ ਕਰਨ ਲਈ ਭੇਜ ਦਿੱਤਾ। ਇਸ ਲਸ਼ਕਰ ਦੇ ਇਕ ਹਿੱਸੇ ਨੇ ਜਾ ਕੇ ਕਿਲ੍ਹੇ ਨੂੰ ਘੇਰਾ ਪਾ ਲਿਆ ਤੇ ਬਹੁਤ ਸਾਰੇ ਗਾਜ਼ੀਆਂ ਨੇ ਅਟਕ ਦਰਿਆ ਦੇ ਪਾਰ ਖੈਰਾਬਾਦ ਦੀਆਂ ਪਹਾੜੀਆਂ ਵਿਚ ਮੋਰਚੇ ਲਾ ਲਏ ਤਾਂ ਜੋ ਅਟਕ ਨੂੰ ਪਾਰ ਕਰਨ ਦਾ ਰਸਤਾ ਬੰਦ ਕਰ ਕੇ ਇਸ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਜਾਵੇ। ਉਨ੍ਹਾਂ ਦੀ ਮਨਸ਼ਾ ਸੀ ਕਿ ਸਿੱਖ ਫੌਜਾਂ ਨੂੰ ਅਟਕ ਤੋਂ ਪਾਰ ਹੀ ਰੋਕਿਆ ਜਾਵੇ।

ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਇਸ ਹਲਚਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਦੋ ਹਜ਼ਾਰ ਘੋੜ-ਸਵਾਰ ਸ਼ਹਿਜ਼ਾਦਾ ਸ਼ੇਰ ਸਿੰਘ, ਸਰਦਾਰ ਹਰੀ ਸਿੰਘ ਨਲੂਆ ਤੇ ਦੀਵਾਨ ਕਿਰਪਾ ਰਾਮ ਦੀ ਅਗਵਾਈ ਵਿਚ ਜਹਾਂਗੀਰੇ ਦੇ ਕਿਲ੍ਹੇ ਨੂੰ ਗਾਜ਼ੀਆਂ ਤੋਂ ਮੁਕਤ ਕਰਵਾਉਣ ਲਈ ਭੇਜ ਦਿੱਤੇ। ਦੂਜੇ ਦਿਨ ਆਪ ਖ਼ੁਦ ਅਕਾਲੀ ਫੂਲਾ ਸਿੰਘ, ਸਰਦਾਰ ਦੇਸਾ ਸਿੰਘ ਮਜੀਠੀਆ, ਸਰਦਾਰ ਫਤਹਿ ਸਿੰਘ ਆਹਲੂਵਾਲੀਆ ਆਦਿ ਸਰਦਾਰਾਂ ਨਾਲ ਭਾਰੀ ਫੌਜ ਲੈ ਕੇ ਅਟਕ ਵੱਲ ਕੂਚ ਕਰ ਦਿੱਤਾ। ਦੋ-ਦੋ, ਤਿੰਨ-ਤਿੰਨ ਮੰਜ਼ਲਾਂ ਤੈਅ ਕਰਦੇ ਹੋਏ ਪੰਜਵੇਂ ਦਿਨ ਅਟਕ ਦੇ ਕਿਨਾਰੇ ਪਹੁੰਚ ਗਏ। ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਸ਼ਹਿਜ਼ਾਦਾ ਸ਼ੇਰ ਸਿੰਘ ਤੇ ਸਰਦਾਰ ਹਰੀ ਸਿੰਘ ਦਰਿਆ ਪਾਰ ਕਰ ਕੇ ਖੈਰਾਬਾਦ ਵੱਲ ਵਧਣ ਲੱਗੇ। ਪਹਾੜੀਆਂ ਵਿਚ ਬਣਾਏ ਮੋਰਚਿਆਂ ਤੋਂ ਪਠਾਣਾਂ ਨੇ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਸਿੱਖ ਫੌਜਾਂ ਨੇ ਵੀ ਸਖਤ ਜਵਾਬ ਦਿੱਤਾ। ਇਸ ਦੌਰਾਨ ਜ਼ਮਾਨ ਖਾਨ ਨੇ ਕੁਝ ਜਵਾਨ ਭੇਜ ਕੇ ਬੇੜੀਆਂ ਦਾ ਪੁਲ ਕਟਵਾ ਦਿੱਤਾ ਤਾਂ ਕਿ ਹੋਰ ਸਿੱਖ ਫੌਜ ਅਟਕ ਪਾਰ ਨਾ ਕਰ ਸਕੇ।

ਮਹਾਰਾਜਾ ਰਣਜੀਤ ਸਿੰਘ ਦੇ ਅਟਕ ਦਰਿਆ 'ਤੇ ਪਹੁੰਚਣ ਤੋਂ ਪਹਿਲਾਂ ਬੇੜੀਆਂ ਦਾ ਪੁਲ ਰੁੜ੍ਹ ਚੁੱਕਾ ਸੀ। ਨਵਾਂ ਪੁਲ ਸ਼ਾਮ ਤੋਂ ਪਹਿਲਾਂ ਨਹੀਂ ਬਣ ਸਕਦਾ ਸੀ। ਪਰਲੇ ਪਾਸਿਓਂ ਗੋਲੀਆਂ ਦੀ ਆਵਾਜ਼ ਆ ਰਹੀ ਸੀ। ਇੰਨੇ ਨੂੰ ਇਕ ਸੂਹੀਏ ਨੇ ਆ ਕੇ ਖ਼ਬਰ ਦਿੱਤੀ ਕਿ ਸਿੱਖ ਫੌਜਾਂ ਅਟਕ ਪਾਰ ਬੁਰੀ ਤਰ੍ਹਾਂ ਘਿਰ ਗਈਆਂ ਹਨ। ਅਕਾਲੀ ਫੂਲਾ ਸਿੰਘ ਦੀਆਂ ਰਗਾਂ ਵਿਚ ਖੂਨ ਖੌਲਣ ਲੱਗਾ। ਉਨ੍ਹਾਂ ਨੇ ਮਹਾਰਾਜਾ ਸਾਹਿਬ ਨੂੰ ਉਸੇ ਵੇਲੇ ਅਟਕ ਨੂੰ ਪਾਰ ਕਰ ਕੇ ਆਪਣੇ ਭਰਾਵਾਂ ਦੀ ਮਦਦ ਲਈ ਜਾਣ ਦੀ ਸਲਾਹ ਦਿੱਤੀ। ਮਹਾਰਾਜਾ ਸਾਹਿਬ ਤੇ ਹੋਰ ਸਰਦਾਰਾਂ ਨੇ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਅਤੇ ਘੋੜਿਆਂ 'ਤੇ ਬੈਠ ਕੇ ਅਟਕ ਦਰਿਆ ਵਿਚ ਠਿਲ੍ਹ ਪਏ। ਇਸ ਕਾਰਵਾਈ ਵਿਚ ਕੁਝ ਜਾਨਾਂ ਅਟਕ ਦਰਿਆ ਦੀ ਭੇਟ ਵੀ ਹੋ ਗਈਆਂ, ਪਰ ਮਹਾਰਾਜਾ ਰਣਜੀਤ ਸਿੰਘ, ਅਕਾਲੀ ਫੂਲਾ ਸਿੰਘ ਤੇ ਸਾਰੇ ਸਿੱਖ ਸਰਦਾਰ ਫੌਜ ਸਮੇਤ ਦਰਿਆ ਤੋਂ ਪਾਰ ਹੋ ਗਏ। ਪੰਜਾਬ ਦੇ ਇਤਿਹਾਸ ਵਿਚ ਇਹ ਇਕ ਯਾਦਗਾਰੀ ਸ਼ਾਨਾਂਮੱਤੀ ਘਟਨਾ ਹੋ ਨਿੱਬੜੀ ਜਿਸ

ਦੀ ਮਿਸਾਲ ਅੱਜ ਹਰ ਯੋਧਾ ਦਿੰਦਾ ਹੈ। ਇਹ ਸਿੱਖਾਂ ਦੀ ਦ੍ਰਿੜ੍ਹਤਾ, ਨਿਰਭੈਤਾ ਅਤੇ ਅਦਭੁਤ ਦਲੇਰੀ ਦੀ ਨਿਸ਼ਾਨੀ ਸੀ।

ਸਿੱਖ ਫੌਜਾਂ ਦੇ ਦਰਿਆ ਪਾਰ ਕਰਨ ਦੀ ਖ਼ਬਰ ਸੁਣ ਕੇ ਹੀ ਖਟਕਾਂ ਦੇ ਪੈਰ ਹਿੱਲ ਗਏ। ਅਕਾਲੀ ਫੂਲਾ ਸਿੰਘ ਦੇ ਜਥੇ ਨੇ ਅੱਗੇ ਵਧ ਕੇ ਹੱਲਾ ਕੀਤਾ। ਗਾਜ਼ੀ ਨੱਠ ਉਠੇ। ਇੰਨੇ ਵਿਚ ਸ. ਹਰੀ ਸਿੰਘ ਨਲੂਆ ਨੇ ਹੱਲਾ ਬੋਲ ਕੇ ਜਹਾਂਗੀਰੇ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਇੱਥੋਂ ਭੱਜ ਕੇ ਸਾਰੇ ਗਾਜ਼ੀ ਨੁਸ਼ਹਿਰੇ ਦੇ ਲਸ਼ਕਰ ਵਿਚ ਸ਼ਾਮਲ ਹੋ ਗਏ। ਉੱਥੇ ਸਿੱਖਾਂ ਦੇ ਖ਼ਿਲਾਫ਼ ਜੰਗ ਦੀਆਂ ਤਿਆਰੀਆਂ ਹੋਣ ਲੱਗੀਆਂ। ਜਹਾਂਗੀਰੇ ਤੇ ਖੈਰਾਬਾਦ ਦੇ ਕਿਲ੍ਹਿਆਂ ਵਿਚ ਆਪਣੀ ਕੁਝ ਨਫਰੀ ਛੱਡ ਕੇ ਸਿੱਖ ਫੌਜਾਂ ਨੁਸ਼ਹਿਰੇ ਵੱਲ ਵਧਣ ਲਗੀਆਂ। ਅਕੌੜੇ ਦੇ ਮੈਦਾਨ ਵਿਚ ਇਕੱਠੇ ਹੋ ਕੇ ਸਿੱਖ ਫੌਜਾਂ ਨੇ ਡੇਰਾ ਲਾ ਲਿਆ। ਰਸਦ-ਪੱਠੇ ਦਾ ਪ੍ਰਬੰਧ ਕੀਤਾ ਜਾਣ ਲੱਗਾ। ਕਈ ਸੂਹੀਏ ਨੁਸ਼ਹਿਰੇ ਦੇ ਹਾਲ ਜਾਣਨ ਲਈ ਭੇਜੇ ਗਏ। ਰਾਤ ਨੂੰ ਆ ਕੇ ਸੂਹੀਆਂ ਨੇ ਖ਼ਬਰ ਦਿੱਤੀ ਕਿ ਗਾਜ਼ੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਉਨ੍ਹਾਂ ਨੇ ਲੁੰਡੇ ਦਰਿਆ ਤੋਂ ਪਾਰ ਤਰਕਈ ਦੀਆਂ ਪਹਾੜੀਆਂ ਵਿਚ ਮੋਰਚੇ ਕਾਇਮ ਕਰ ਲਏ ਹਨ।

ਦੂਜੇ ਦਿਨ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖਾਲਸਾ ਫੌਜ ਦੇ ਸਰਦਾਰਾਂ ਨੇ ਅਰਦਾਸਾ ਸੋਧਿਆ ਅਤੇ ਦੀਰਘ ਵਿਚਾਰ ਉਪਰੰਤ ਗੁਰਮਤਾ ਪਾਸ ਕੀਤਾ ਕਿ ਗਾਜ਼ੀਆਂ 'ਤੇ ਛੇਤੀ ਹਮਲਾ ਕਰ ਦੇਣਾ ਚਾਹੀਦਾ ਹੈ ਨਹੀਂ ਤਾਂ ਉਨ੍ਹਾਂ ਦੇ ਹੌਂਸਲੇ ਵਧ ਜਾਣਗੇ। ਦੂਜਾ, ਜੇਕਰ ਮੁਹੰਮਦ ਅਜ਼ੀਮ ਖਾਨ ਆਪਣੀਆਂ ਤੋਪਾਂ ਲੈ ਕੇ ਪਹੁੰਚ ਗਿਆ ਤਾਂ ਇਸ ਵਿਚ ਸਿੱਖਾਂ ਲਈ ਨੁਕਸਾਨ ਦਾ ਡਰ ਵਧੇਰੇ ਹੈ ਤੇ ਅੱਗੇ ਵਧਣਾ ਮੁਸ਼ਕਲ ਹੋ ਜਾਏਗਾ। ਇਸ ਲਈ ਗੁਰਮਤੇ ਅਨੁਸਾਰ ਅਰਦਾਸਾ ਸੋਧ ਕੇ ਫੌਜਾਂ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਚੜ੍ਹਾਈ ਦਾ ਹੁਕਮ ਦੇ ਦਿੱਤਾ ਗਿਆ। ਅਜੇ ਫੌਜਾਂ ਨੇ ਕੂਚ ਕਰਨਾ ਹੀ ਸੀ ਕਿ ਇਕ ਹੋਰ ਸੂਹੀਏ ਨੇ ਆ ਕੇ ਮਹਾਰਾਜਾ ਸਾਹਿਬ ਨੂੰ ਖ਼ਬਰ ਦਿੱਤੀ ਕਿ ਮੁਹੰਮਦ ਅਜ਼ੀਮ ਖਾਨ ਤਰਕਈ ਦੀਆਂ ਪਹਾੜੀਆਂ 'ਤੇ ਗਾਜ਼ੀਆਂ ਨਾਲ ਮਿਲਣ ਲਈ ਲੁੰਡੇ ਦਰਿਆ ਤੋਂ ਫੌਜਾਂ ਅਤੇ ਤੋਪਖਾਨਾ ਪਾਰ ਕਰ ਰਿਹਾ ਹੈ। ਲੁੰਡਾ ਦਰਿਆ ਕਾਬਲ ਦਰਿਆ ਨੂੰ ਕਿਹਾ ਜਾਂਦਾ ਹੈ। ਇਹ ਦਰਿਆ ਕਾਬਲ ਤੋਂ ਚੱਲ ਕੇ ਪਿਸ਼ਾਵਰ ਵਿੱਚੋਂ ਵਗਦਾ ਹੋਇਆ ਅਟਕ ਦੇ ਕੋਲ ਦਰਿਆ ਸਿੰਧ ਵਿਚ ਰਲ ਜਾਂਦਾ ਹੈ। ਦੁਸ਼ਮਣ ਦੀ ਵਧਦੀ ਤਾਕਤ ਨੂੰ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਜੰਗ ਦੇ ਹਾਲਾਤ ਬਾਰੇ ਸੋਚਣ ਲੱਗੇ। ਉਨ੍ਹਾਂ ਦਾ ਤੋਪਖਾਨਾ ਅਜੇ ਪਿੱਛੇ ਆ ਰਿਹਾ ਸੀ। ਮਹਾਰਾਜਾ ਸਾਹਿਬ ਦਾ ਵਿਚਾਰ ਬਣ ਗਿਆ ਕਿ ਇਕ ਦਿਨ ਹੋਰ ਅਜੇ ਹਮਲਾ ਨਹੀਂ ਕਰਨਾ ਚਾਹੀਦਾ। ਤੋਪਖਾਨੇ ਦੇ ਪਹੁੰਚਣ 'ਤੇ ਹੀ ਹਮਲਾ ਕਰਨਾ ਯੋਗ ਹੋਵੇਗਾ। ਇਸ ਲਈ ਉਨ੍ਹਾਂ ਨੇ ਫੌਜਾਂ ਨੂੰ ਕੂਚ ਕਰਨ ਤੋਂ ਰੋਕ ਦਿੱਤਾ।

ਅਕਾਲੀ ਫੂਲਾ ਸਿੰਘ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਮਹਾਰਾਜਾ ਰਣਜੀਤ ਸਿੰਘ ਗੁਰਮਤੇ ਵਿਚ ਤਬਦੀਲੀ ਕਰਨਾ ਚਾਹੁੰਦੇ ਹਨ ਤਾਂ ਉਹ ਬੜੇ ਜੋਸ਼ ਵਿਚ ਆ ਗਏ। ਹੁਣ ਵਾਰੀ ਵੀ ਉਨ੍ਹਾਂ ਦੇ ਜਥੇ ਦੇ ਕੂਚ ਕਰਨ ਦੀ ਸੀ। ਉਨ੍ਹਾਂ ਨੇ ਕਿਹਾ ਕਿ ਗੁਰਮਤੇ ਦੇ

ਉਲਟ ਫੈਸਲਾ ਕਰਨਾ ਅਤੇ ਅਰਦਾਸ ਕਰ ਕੇ ਚੜ੍ਹਾਈ ਨਾ ਕਰਨਾ ਸਿੱਖੀ ਅਸੂਲਾਂ ਦੇ ਵਿਰੁੱਧ ਹੈ। ਉਨ੍ਹਾਂ ਨੇ ਕੂਚ ਕਰਨ ਦੀ ਤਿਆਰੀ ਕਰ ਲਈ। ਮਹਾਰਾਜਾ ਰਣਜੀਤ ਸਿੰਘ ਘੋੜੇ ਉੱਤੇ ਚੜ੍ਹ ਕੇ ਖ਼ੁਦ ਅਕਾਲੀ ਫੂਲਾ ਸਿੰਘ ਦੇ ਕੈਂਪ ਵਿਚ ਗਏ ਅਤੇ ਉਨ੍ਹਾਂ ਨੂੰ ਸਾਰੀ ਸਥਿਤੀ ਦੱਸ ਕੇ ਰੁਕ ਜਾਣ ਲਈ ਕਿਹਾ, ਪਰ ਅਕਾਲੀ ਫੂਲਾ ਸਿੰਘ ਦਾ ਸਿੱਖੀ ਸਿਦਕ ਅਤੇ ਜੋਸ਼ ਤਾਂ ਉਬਾਲੇ ਖਾ ਰਿਹਾ ਸੀ। ਮਹਾਰਾਜਾ ਸਾਹਿਬ ਨੇ ਜਦੋਂ ਇਸ ਗੱਲ 'ਤੇ ਜ਼ਿਆਦਾ ਜ਼ੋਰ ਦਿੱਤਾ ਤਾਂ ਬੜੀ ਦ੍ਰਿੜ੍ਹਤਾ ਅਤੇ ਸਿੱਖੀ ਜਜ਼ਬੇ ਨਾਲ ਅਕਾਲੀ ਫੂਲਾ ਸਿੰਘ ਨੇ ਜੁਆਬ ਦਿੱਤਾ ਕਿ ਤੁਸੀਂ ਰਾਜੇ ਹੋ, ਜਿਵੇਂ ਮਰਜ਼ੀ ਕਰੋ। ਤੁਹਾਨੂੰ ਆਪਣੇ ਤੋਪਖਾਨੇ 'ਤੇ ਭਰੋਸਾ ਹੈ ਪਰ ਮੈਨੂੰ ਆਪਣੇ ਗੁਰੂ ਉੱਤੇ ਅਟੁੱਟ ਭਰੋਸਾ ਹੈ। ਅਰਦਾਸਾ ਸੋਧਣ ਉਪਰੰਤ ਗੁਰਸਿੱਖ ਦਾ ਰੁਕਣਾ ਗੁਰੂ ਦੀ ਸ਼ਾਨ ਦੇ ਖ਼ਿਲਾਫ਼ ਹੈ, ਗੁਰੂ ਦੀ ਬੇਅਦਬੀ ਹੈ ਅਤੇ ਖਾਲਸਾਈ ਸਿਧਾਂਤ ਦੇ ਉਲਟ ਹੈ, ਇਸ ਲਈ ਮੈਂ ਇਕ ਪਲ ਖਾਤਰ ਵੀ ਰੁਕ ਨਹੀਂ ਸਕਦਾ। ਇਹ ਕਹਿ ਕੇ ਅਕਾਲੀ ਫੂਲਾ ਸਿੰਘ ਜਥੇ ਸਮੇਤ ਜੈਕਾਰੇ ਗੁੰਜਾਉਂਦੇ ਹੋਏ ਰਣ-ਤੱਤੇ ਵੱਲ ਤੁਰ ਪਏ। ਘੋੜਿਆਂ ਦੀ ਮਦਦ ਨਾਲ ਲੁੰਡੇ ਦਰਿਆ ਨੂੰ ਪਾਰ ਕਰ ਕੇ ਤਰਕਈ ਦੀਆਂ ਪਹਾੜੀਆਂ 'ਤੇ ਚੜ੍ਹ ਕੇ ਅੱਗੇ ਵਧਣ ਲੱਗੇ। ਸਾਹਮਣੇ ੩੦ ਹਜ਼ਾਰ ਗਾਜ਼ੀ ਮੋਰਚੇ ਬੰਨ੍ਹੀ ਬੈਠੇ ਸਨ। ਉਨ੍ਹਾਂ ਨੇ ਜਦੋਂ ਗਿਣਤੀ ਵਿਚ ਥੋੜ੍ਹੇ ਜਿਹੇ ਅਕਾਲੀ ਸਿੰਘਾਂ ਨੂੰ ਆਉਂਦਿਆਂ ਵੇਖਿਆ ਤਾਂ ਉਤੋਂ ਗੋਲੀਆਂ ਦਾ ਮੀਂਹ ਵਰਸਾ ਦਿੱਤਾ। *ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥* ਅਕਾਲੀਆਂ ਦਾ ਜਥਾ ਅੱਗੇ ਹੀ ਅੱਗੇ ਵਧਦਾ ਜਾ ਰਿਹਾ ਸੀ। ਉਨ੍ਹਾਂ ਨੂੰ ਬੰਦੂਕਾਂ-ਤੋਪਖ਼ਾਨਿਆਂ ਤੋਂ ਵਧ ਕੇ ਆਪਣੇ ਗੁਰੂ 'ਤੇ ਭਰੋਸਾ ਸੀ ਜਿਵੇਂ ਕਿ ਬਾਬਾ ਨਿਹਾਲ ਸਿੰਘ ਨੇ ਲਿਖਿਆ ਹੈ:

*ਕਾਹੂੰ ਕੋ ਭਰੋਸੋ ਹੈ ਜ਼ਮੀਨ ਕੋ ਜ਼ਮਾਨੇ ਬੀਚ ਕਾਹੂੰ ਕੋ ਭਰੋਸੋ ਜ਼ੋਰ ਚਾਕਰੀ ਜਹਾਜ਼ ਪੈ।*
*ਕਾਹੂੰ ਕੋ ਭਰੋਸੋ ਚਾਰੁ ਚਾਤੁਰੀ ਚਲਾਕੀ ਚੋਖ ਮੋਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ।*

ਅਕਾਲੀਆਂ ਦਾ ਕਾਮਯਾਬ ਹੋਣ ਦਾ ਰਾਜ਼ ਇਹ ਸੀ ਕਿ ਇਹ ਬੰਦੂਕਾਂ ਆਦਿ ਦੀ ਥਾਂ ਵੈਰੀ ਦੇ ਮੋਰਚੇ 'ਤੇ ਸਿੱਧਾ ਹਮਲਾ ਕਰ ਕੇ ਉਸ ਨੂੰ ਹੱਥੋ-ਹੱਥ ਲੜਾਈ ਵਿਚ ਖਤਮ ਕਰ ਦਿੰਦੇ ਸਨ ਜਾਂ ਭਜਾ ਦਿੰਦੇ ਸਨ। ਅੱਜ ਦਾ ਹੱਲਾ ਵੀ ਇਸੇ ਪ੍ਰਕਾਰ ਦਾ ਸੀ ਪਰ ਅੱਜ ਇਕ ਤਾਂ ਫਾਸਲਾ ਬਹੁਤ ਸੀ ਤੇ ਦੂਜੇ, ਦੁਸ਼ਮਣ ਦੀ ਗਿਣਤੀ ਕਿਤੇ ਜ਼ਿਆਦਾ ਸੀ। ਇਸ ਲਈ ਮੋਰਚਿਆਂ ਤਕ ਪਹੁੰਚਣ ਵਿਚ ਦੇਰੀ ਹੋ ਰਹੀ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਖ਼ਬਰ ਪਹੁੰਚੀ ਤਾਂ ਉਨ੍ਹਾਂ ਨੇ ਸਾਰੀਆਂ ਫੌਜਾਂ ਨੂੰ ਹੀ ਕੂਚ ਕਰਨ ਦਾ ਹੁਕਮ ਦੇ ਦਿੱਤਾ।

ਅਕਾਲੀ ਫੂਲਾ ਸਿੰਘ ਆਪਣੇ ਘੋੜੇ 'ਤੇ ਬੈਠ ਕੇ ਸਭ ਤੋਂ ਅੱਗੇ ਹੋ ਕੇ ਜੂਝ ਰਹੇ ਸਨ ਕਿ ਅਚਾਨਕ ਇਕ ਗੋਲੀ ਉਨ੍ਹਾਂ ਦੇ ਘੋੜੇ ਦੇ ਪੇਟ ਵਿਚ ਲੱਗੀ। ਘੋੜਾ ਉੱਥੇ ਹੀ ਲੇਟ ਗਿਆ। ਅਕਾਲੀ ਫੂਲਾ ਸਿੰਘ ਇਕ ਹਾਥੀ ਮੰਗਵਾ ਕੇ ਉਸ ਉੱਪਰ ਚੜ੍ਹ ਕੇ ਬੈਠ ਗਏ ਤੇ ਦੁਸ਼ਮਣ ਵੱਲ ਵਧਣ ਲਗੇ। ਮੋਰਚਿਆਂ ਦੇ ਕੋਲ ਜਾ ਕੇ ਅਕਾਲੀਆਂ ਨੇ ਘੋੜੇ ਛੱਡ ਦਿੱਤੇ ਅਤੇ ਥੱਲੇ ਉਤਰ ਕੇ ਜਹਾਦੀਆਂ 'ਤੇ ਟੁੱਟ ਪਏ। ਦੋਵੇਂ ਪਾਸਿਓਂ ਤਲਵਾਰਾਂ ਚੱਲਣ ਲੱਗੀਆਂ। ਖਾਲਸੇ ਦੀ ਕਿਰਪਾਨ ਦੀ ਤਾਬ ਨਾ ਝੱਲਦੇ ਹੋਏ ਗਾਜ਼ੀ ਮੈਦਾਨ ਵਿੱਚੋਂ ਨੱਠਣ ਲੱਗੇ ਪਰ ਜੋਸ਼ ਵਿਚ ਆਏ ਨਿਹੰਗ ਸਿੰਘਾਂ ਨੇ ਉਸ ਲਸ਼ਕਰ ਨੂੰ ਅੱਗੋਂ ਹੋ ਕੇ ਘੇਰ ਲਿਆ

ਤੇ ਫੇਰ ਲੜਾਈ ਹੋਣ ਲੱਗੀ। ਅਕਾਲੀ ਫੂਲਾ ਸਿੰਘ ਵੀ ਹਾਥੀ 'ਤੇ ਬੈਠ ਕੇ ਇਸ ਕਟਾਵੱਢੀ ਵਿਚ ਆ ਵੜੇ। ਇਕ ਤਰ੍ਹਾਂ ਨਾਲ ਕਿਲ੍ਹਾ ਫਤਹਿ ਹੋ ਗਿਆ। ਖਾਲਸਾ ਫੌਜਾ ਦੀ ਜਿੱਤ ਹੋ ਗਈ। ਭੱਜੇ ਜਾਂਦੇ ਇਕ ਪਠਾਣ ਨੇ ਚਟਾਨ ਦੇ ਉਹਲੇ ਬੈਠ ਕੇ ਅਕਾਲੀ ਫੂਲਾ ਸਿੰਘ ਉਤੇ ੪ ਗੋਲੀਆਂ ਦਾਗ ਦਿੱਤੀਆਂ। ਤਿੰਨ ਗੋਲੀਆਂ ਮਹਾਵਤ ਨੂੰ ਲੱਗੀਆਂ, ਇਕ ਅਕਾਲੀ ਫੂਲਾ ਸਿੰਘ ਨੂੰ ਛਾਤੀ ਵਿਚ ਵੱਜੀ। ਇਸ ਦਾ ਜ਼ਖ਼ਮ ਡੂੰਘਾ ਨਹੀਂ ਸੀ, ਸੰਜੋਅ ਕਰ ਕੇ ਬਚਾਅ ਹੋ ਗਿਆ ਸੀ। ਹੁਣ ਗਾਜ਼ੀ ਘਬਰਾ ਗਏ ਤੇ ਜਿੱਧਰ ਮੂੰਹ ਆਇਆ ਉਧਰ ਨੱਠ ਤੁਰੇ। ਇਕ ਹੋਰ ਨੱਸਦੇ ਜਾਂਦੇ ਪਠਾਣ ਨੇ ਅਕਾਲੀ ਜੀ ਦੇ ਹਾਥੀ ਦੇ ਕੋਲੋਂ ਹੀ ਆਪਣੀ ਬੰਦੂਕ ਵਿੱਚੋਂ ਫਾਇਰ ਕੀਤਾ। ਇਹ ਗੋਲੀਆਂ ਅਕਾਲੀ ਜੀ ਦੇ ਲੱਗੀਆਂ ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਤੇ ਹਾਥੀ ਦੇ ਹੌਦੇ ਵਿਚ ਢੋਅ ਲਾ ਕੇ ਬੈਠ ਗਏ। ਅਕਾਲੀ ਜੀ ਦੇ ਹਾਥੀ ਨੂੰ ਇਕ ਪਾਸੇ ਲਿਜਾ ਕੇ ਬਿਠਾਇਆ ਗਿਆ ਤਾਂ ਵੇਖਿਆ ਕਿ ਅਕਾਲੀ ਫੂਲਾ ਸਿੰਘ ਸ਼ਹੀਦੀ ਪਾ ਚੁੱਕੇ ਸਨ। ਉਨ੍ਹਾਂ ਨੇ ਪੰਥ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਪਰ ਕਦਮ ਪਿੱਛੇ ਨਹੀਂ ਹਟਾਇਆ। ਗੁਰਬਾਣੀ ਦਾ ਮਹਾਂਵਾਕ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)*

ਨੁਸ਼ਹਿਰੇ ਦੀ ਜੰਗ ਜਿੱਤੀ ਜਾ ਚੁੱਕੀ ਸੀ ਅਤੇ ਜਹਾਂਗੀਰੇ ਦੇ ਕਿਲ੍ਹੇ ਉੱਤੇ ਖਾਲਸਾ ਫੌਜਾਂ ਦਾ ਕਬਜ਼ਾ ਹੋ ਗਿਆ ਸੀ। ਅਕਾਲੀ ਫੂਲਾ ਸਿੰਘ ਦੀ ਅਗਵਾਈ ਵਿਚ ਅਜਿੱਤ ਸਮਝੇ ਜਾਂਦੇ ਗਾਜ਼ੀਆਂ-ਪਠਾਣਾਂ ਨੂੰ ਨਾਨੀ ਚੇਤੇ ਕਰਾ ਦਿੱਤੀ ਸੀ। ਸਿੰਘ ਦੀ ਅਰਦਾਸ ਪਰਵਾਨ ਚੜ੍ਹੀ, *ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥* ਅਕਾਲੀ ਫੂਲਾ ਸਿੰਘ ਨੇ ਸਿੱਖੀ ਸਿਧਾਂਤ ਉੱਤੇ ਪਹਿਰਾ ਦਿੰਦਿਆਂ ਮਹਾਨ ਇਤਿਹਾਸ ਸਿਰਜ ਕੇ ਸਿੰਘ ਪਰੰਪਰਾ ਨੂੰ ਚਾਰ ਚੰਨ ਲਾ ਦਿੱਤੇ। ਅਕਾਲੀ ਫੂਲਾ ਸਿੰਘ ਨੇ ਆਪਣਾ ਸਿੱਖੀ ਸਿਦਕ ਕੇਸਾਂ-ਸੁਆਸਾਂ ਨਾਲ ਨਿਭਾ ਦਿੱਤਾ। ਅਕਾਲੀ ਜੀ ਦੇ ਸ਼ਹੀਦੀ ਪਾ ਜਾਣ 'ਤੇ ਜਦ ਮਹਾਰਾਜਾ ਰਣਜੀਤ ਸਿੰਘ ਉਨ੍ਹਾਂ ਦੇ ਮ੍ਰਿਤਕ ਸਰੀਰ ਪਾਸ ਗਏ ਤਾਂ ਮਹਾਂਬਲੀ ਮਹਾਰਾਜਾ ਆਪਣੇ ਹੰਝੂ ਨਾ ਰੋਕ ਸਕਿਆ ਅਤੇ ਫੁੱਟ-ਫੁੱਟ ਕੇ ਰੋਇਆ। ਅਸਲ ਵਿਚ ਸਰਦਾਰ ਹਰੀ ਸਿੰਘ ਨਲੂਆ ਅਤੇ ਅਕਾਲੀ ਫੂਲਾ ਸਿੰਘ ਦਾ ਸਦੀਵੀ ਵਿਛੋੜਾ ਅਤੇ ਘਾਟ ਹੀ ਮਹਾਰਾਜਾ ਰਣਜੀਤ ਸਿੰਘ ਦੇ ਜਲਦੀ ਕਾਲਵੱਸ ਹੋਣ ਦਾ ਕਾਰਨ ਬਣੇ। ਢੇਰ ਸਾਰੀਆਂ ਜ਼ਿੰਮੇਵਾਰੀਆਂ ਪੈ ਜਾਣ ਕਾਰਨ ਅਤੇ ਮਾਨਸਿਕ ਤਣਾਅ ਕਾਰਨ ਪਹਿਲਾਂ ਮਹਾਰਾਜਾ ਸਾਹਿਬ ਨੂੰ ਅਧਰੰਗ ਦਾ ਦੌਰਾ ਪਿਆ ਜੋ ਪਿੱਛੋਂ ਜਾ ਕੇ ਉਨ੍ਹਾਂ ਦੀ ਮੌਤ ਦਾ ਕਾਰਨ ਬਣਿਆ।

ਦੂਜੇ ਦਿਨ ਸਵੇਰੇ ਅਕਾਲੀ ਫੂਲਾ ਸਿੰਘ ਦਾ ਸਸਕਾਰ ਦਰਿਆ ਲੁੰਡੇ ਦੇ ਕਿਨਾਰੇ ਬੜੀ ਭਾਰੀ ਫੌਜੀ ਧੂਮ-ਧਾਮ ਨਾਲ ਕੀਤਾ ਗਿਆ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਆਪ ਅਤੇ ਕੁੱਲ ਫੌਜ ਦੇ ਸਾਰੇ ਸਰਦਾਰ ਸ਼ਾਮਲ ਸਨ। ਅਕਾਲੀ ਫੂਲਾ ਸਿੰਘ ਦੀ ਇਹ ਯਾਦਗਾਰ ਅਜੇ ਵੀ ਨੁਸ਼ਹਿਰਾ ਸ਼ਹਿਰ ਵਿਚ ਲੁੰਡੇ ਦਰਿਆ ਦੇ ਕਿਨਾਰੇ ਕਾਇਮ ਹੈ। ਅੰਗਰੇਜ਼ਾਂ ਦੇ ਰਾਜ ਸਮੇਂ ਸਿੱਖ ਫੌਜਾਂ ਇਸ ਯਾਦਗਾਰ ਉੱਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਜਾਇਆ ਕਰਦੀਆਂ ਸਨ। ■

# ਧਰਮ ਪ੍ਰਚਾਰ ਲਹਿਰ ਦੇ ਅਰਥ ਤੇ ਪ੍ਰਚਾਰੀ ਸਰੋਕਾਰ

*-ਸ. ਦਿਲਜੀਤ ਸਿੰਘ**

ਪੰਜਾਬ ਜਿਉਂਦਾ ਗੁਰਾਂ ਦੇ ਨਾਮ ’ਤੇ, ਇਸ ਦਾ ਅੰਮ੍ਰਿਤ ਵਰਗਾ ਪਾਣੀ ਜਾਂ ਸਾਰੀ ਦੁਨੀਆ ਵੇਖੀ ਵਰਗਾ ਹਰਿਮੰਦਰ ਕਿਤੇ ਨਹੀਂ, ਧਰਮੀ ਤੇ ਸੂਰਵੀਰ ਇਸ ਧਰਤੀ ਵਰਗੇ ਕਿਤੇ ਨਹੀਂ, ਪੰਜਾਬ ਦੀ ਸੂਰਬੀਰਤਾ ਦੀ ਯਾਦ ਦਿਵਾਉਂਦਾ ਹੈ। ਦੁਨੀਆ ਦੀ ਸਭ ਤੋਂ ਪੁਰਾਣੀ ਤੇ ਅਮੀਰ ਸਭਿਅਤਾ ਦਾ ਦੇਸ਼ ਪੰਜਾਬ ਅੱਜ ਅਨੇਕਾਂ ਦੁਸ਼ਵਾਰੀਆਂ ਨਾਲ ਝੂਜ ਰਿਹਾ ਹੈ। ਇੱਥੋਂ ਦੇ ਬਾਸ਼ਿੰਦਿਆਂ ਨੂੰ ਇਸ ਦੀ ਸਾਂਭ-ਸੰਭਾਲ ਲਈ ਵੱਡੀਆਂ ਚੁਣੌਤੀਆਂ ਤੇ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਇਹ ਵਿਸ਼ਾ ਵਿਸਥਾਰੀ ਹੈ ਪਰ ਮੈਂ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿੱਢੀ ਪ੍ਰਚਾਰ ਲਹਿਰ ਬਾਰੇ ਹੀ ਗੱਲ ਕਰਾਂਗਾ।

ਹੁਣ ਜਦੋਂ ਅਸੀਂ ੨੧ਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਵੱਲ ਜਾ ਰਹੇ ਹਾਂ ਤਾਂ ਦੋ ਚੀਜ਼ਾਂ ਸਪਸ਼ਟ ਰੂਪ ਵਿਚ ਉਜਾਗਰ ਹੋਈਆਂ ਹਨ ਕਿ ਪ੍ਰਚਾਰ ਤੇ ਪ੍ਰਸਾਰ ਇਸ ਵੇਲੇ ਬਿਜਲਈ ਮੀਡੀਆ ਦੀ ਗ੍ਰਿਫਤ ਵਿਚ ਹੈ। ਜਿਸ ਤਰ੍ਹਾਂ ਵਿਸ਼ਵ ਭਰ ਦੇ ਚੈਨਲ ਟੀ.ਵੀ. ਰਾਹੀਂ ਆਪਣੀ ਇੱਛਾ ਤੇ ਚੋਣ ਅਨੁਸਾਰ ਬੈਠੇ ਵੇਖ ਸਕਦੇ ਹਾਂ, ਉਵੇਂ ਹੀ ਸੋਸ਼ਲ ਮੀਡੀਆ ਉੱਤੇ ਸੂਚਨਾ ਦਾ ਪ੍ਰਸਾਰਨ ਇੰਨੀ ਤੇਜ਼ ਗਤੀ ਨਾਲ ਹੁੰਦਾ ਹੈ, ਤੇ ਹੋ ਰਿਹਾ ਹੈ ਜਿਸ ਦਾ ਕਈ ਵਾਰ ਅਨੁਮਾਨ ਲਗਾਉਣਾ ਮੁਸ਼ਕਿਲ ਹੋ ਜਾਂਦਾ ਹੈ। ਗਿਆਨ, ਵਿਗਿਆਨ, ਮਸ਼ੀਨ ਤੇ ਸੰਚਾਰ ਦੇ ਪ੍ਰਭਾਵ ਦੇ ਅੰਤਰਗਤ ਹਰ ਵਿਅਕਤੀ ਇਸ ਵੇਲੇ ਪ੍ਰਚਾਰ ਦੀਆਂ ਤਕਨੀਕੀ ਜੁਗਤਾਂ ਦੇ ਅਸਰ ਅਨੁਸਾਰ ਵਿਚਰਨ ਲਈ ਮਜ਼ਬੂਰ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਰਤਮਾਨ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਪਣੇ ਪਲੇਠੇ ਸੰਬੋਧਨ ਵਿਚ ਹੀ ਇਹ ਗੱਲ ਕਹੀ ਸੀ ਕਿ ਧਰਮ ਪ੍ਰਚਾਰ ਉਨ੍ਹਾਂ ਦੀਆਂ ਮੁੱਢਲੀਆਂ ਤਰਜੀਹਾਂ ਵਿਚ ਹੈ, ਕਿਉਂਕਿ ਉਹ ਅਹਿਸਾਸ ਕਰਦੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿੱਦਿਆ, ਸਿੱਖਿਆ, ਗਿਆਨ ਤੇ ਹੋਰਨਾਂ ਕਈ ਦਾਰਸ਼ਨਿਕਤਾ ਤੇ ਲੋਕ ਸੇਵਾ ਖੇਤਰ ਵਿਚ ਯਾਦਗਾਰੀ ਭੂਮਿਕਾ ਨਿਭਾਈ ਹੈ, ਪਰ ਆਮ ਸਿੱਖ ਦੇ ਮਨ ਵਿਚ ਸੰਸਾ ਹੀ ਰਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਿਚ ਓਨੀ ਵੱਡੀ ਪੱਧਰ ’ਤੇ ਕੰਮ ਨਹੀਂ ਕਰਦੀ ਜਿੰਨੀ ਉਹ ਆਸ ਕਰਦੇ ਹਨ। ਹਾਲਾਂ ਕਿ ਪ੍ਰਚਾਰ ਦਾ ਕੰਮ ਨਿਰੰਤਰ ਜਾਰੀ ਹੈ, ਪਰ ਵਿਡੰਬਣਾ ਇਹ ਹੈ ਕਿ ਸਿੱਖੀ ਦੇ ਪ੍ਰਚਾਰ ਨੂੰ ਪ੍ਰਚਾਰ ਦਾ ਪਾਤਰ ਨਹੀਂ ਬਣਾਇਆ ਜਾ ਸਕਿਆ। ਇਸ ਸਮੱਸਿਆ ਨੂੰ ਸਮਝਦੇ ਹੋਏ ਏਥੇ ਗੰਭੀਰ ਵਿਚਾਰ ਚਰਚਾ ਕਰਦੇ ਹੋਏ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਨਵੀਂ ਵਿਉਂਤਬੰਦੀ ਕੀਤੀ ਹੈ। ਇਸ ਯੋਜਨਾਬੰਦੀ ਵਿਚ ਉਨ੍ਹਾਂ ਨੇ ਕਈ ਨੁਕਤੇ ਇੱਕੋ ਪ੍ਰਬੰਧਕੀ ਯੋਜਨਾ ਵਿਚ ਸ਼ਾਮਲ ਕਰ ਲਏ ਹਨ।

੧੦ ਜਨਵਰੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਕ ਵਿਸ਼ੇਸ਼ ਇਕੱਤਰਤਾ ਕਰ ਕੇ

**ਐਡੀ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ: +੯੧੯੮੧੪੮-੯੮੫੭੦*

ਧਰਮ ਪ੍ਰਚਾਰ ਕਮੇਟੀ ਵੱਲੋਂ ਅਰੰਭ ਕੀਤੀ ਗਈ ਇਸ ਲਹਿਰ ਨੂੰ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ੫੫੦-ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਨ ਦਾ ਫੈਸਲਾ ਕਰਦਿਆਂ, ਇਸ ਦੀ ਅਰੰਭਤਾ ੨੧ ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ, ੨੭ ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ (ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ) ਅਤੇ ੧੧ ਫਰਵਰੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਇਸ ਲਹਿਰ ਦੀ ਅਰੰਭਤਾ ਹਫਤਾਵਾਰੀ ਸਮਾਗਮਾਂ ਨਾਲ ਕੀਤੀ ਗਈ।

ਇਸ ਲਹਿਰ ਰਾਹੀਂ ਘਰ-ਘਰ ਤਕ ਪਹੁੰਚ ਕਰਨ ਲਈ ਪੰਜਾਬ ਅਤੇ ਹਰਿਆਣਾ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ, ਜਿਸ ਨਾਲ ਰਾਜਸਥਾਨ, ਹਿਮਾਚਲ ਅਤੇ ਜੰਮੂ-ਕਸ਼ਮੀਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਬਣਾਏ ਗਏ ਕੇਂਦਰਾਂ ਨੂੰ ਮਾਝਾ, ਮਾਲਵਾ, ਦੁਆਬਾ ਅਤੇ ਹਰਿਆਣਾ ਰਾਜ ਦਾ ਕੁਰੁਕਸ਼ੇਤਰ ਜ਼ੋਨ ਨਾਮ ਦਿੱਤਾ ਗਿਆ ਹੈ।

ਮਾਝਾ ਖੇਤਰ ਦਾ ਮੁੱਖ ਕੇਂਦਰ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬਣਾਇਆ ਗਿਆ ਹੈ, ਜਿਸ ਵਿਚ ਸ੍ਰੀ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ, ਫਿਰੋਜ਼ਪੁਰ, ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਦੇ ਨਾਲ-ਨਾਲ ਜੰਮੂ-ਕਸ਼ਮੀਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਇਸੇ ਤਰ੍ਹਾਂ ਮਾਲਵਾ ਖੇਤਰ ਦਾ ਮੁੱਖ ਕੇਂਦਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਬਣਾਇਆ ਗਿਆ ਹੈ, ਜਿਸ ਵਿਚ ਬਠਿੰਡਾ, ਮਾਨਸਾ, ਮੋਗਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫ਼ਾਜ਼ਿਲਕਾ, ਪਟਿਆਲਾ, ਬਰਨਾਲਾ, ਸੰਗਰੂਰ, ਜ਼ਿਲ੍ਹੇ ਅਤੇ ਰਾਜਸਥਾਨ ਦੇ ਕੁਝ ਖੇਤਰਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਸੇ ਤਰ੍ਹਾਂ ਦੁਆਬਾ ਦਾ ਕੇਂਦਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਇਆ ਗਿਆ ਹੈ ਜਿਸ ਵਿਚ ਰੋਪੜ, ਮੋਹਾਲੀ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਨਵਾਂ ਸ਼ਹਿਰ ਤੇ ਲੁਧਿਆਣਾ ਜ਼ਿਲ੍ਹੇ ਅਤੇ ਨਾਲ ਹੀ ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਨੂੰ ਸ਼ਾਮਲ ਕੀਤਾ ਗਿਆ ਹੈ। ਇਸੇ ਤਰ੍ਹਾਂ ਚੌਥਾ ਕੇਂਦਰ ਕੁਰੁਕਸ਼ੇਤਰ ਵਿਖੇ ਬਣਾ ਕੇ ਪੂਰੇ ਹਰਿਆਣਾ ਰਾਜ ਵਿਚ ਧਰਮ ਪ੍ਰਚਾਰ ਲਹਿਰ ਪ੍ਰਚੰਡ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਹਰੇਕ ਪ੍ਰਚਾਰ ਖੇਤਰ ਵਿਚ ੪੦ ਦੇ ਕਰੀਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਵਿਚ ੨੦ ਪ੍ਰਚਾਰ ਜਥੇ ਹੋਣਗੇ। ਇਸ ਲਹਿਰ ਦਾ ਮਿਸ਼ਨ ਪਾਵਨ ਪਵਿੱਤਰ ਗੁਰਬਾਣੀ, ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ, ਸਿੱਖ ਇਤਿਹਾਸ ਦੀ ਜਾਣਕਾਰੀ, ਸਿੱਖ ਰਹਿਤ ਮਰਯਾਦਾ ਦਾ ਗਿਆਨ, ਭਰੂਣ ਹੱਤਿਆ ਦੀ ਰੋਕਥਾਮ, ਕੁਦਰਤੀ ਵਾਤਾਵਰਨ ਦੀ ਸਵੱਛਤਾ ਅਤੇ ਸਿੱਖ ਕੌਮ ਦੀ ਵਿਲੱਖਣ ਹੋਂਦ ਹਸਤੀ ਦੀ ਪਹਿਚਾਣ ਸਥਾਪਿਤ ਕਰਨਾ ਹੈ। ਇਸ ਲਹਿਰ ਵਿਚ ਜਿੱਥੇ ਗੁਰਮਤਿ ਸਮਾਗਮ ਕੀਤੇ ਜਾਣਗੇ, ਉੱਥੇ ਧਾਰਮਿਕ ਨਾਟਕਾਂ ਅਤੇ ਫਿਲਮਾਂ ਰਾਹੀਂ ਵੀ ਪ੍ਰਚਾਰ ਕੀਤਾ ਜਾਵੇਗਾ। ਨੌਜਵਾਨਾਂ ਅਤੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਧਾਰਮਿਕ ਸਾਹਿਤ ਅਤੇ ਸਚਿੱਤਰ ਪੁਸਤਕਾਂ ਘਰ-ਘਰ ਤਕ ਪਹੁੰਚਾਉਣ ਲਈ ਵਿਸ਼ੇਸ ਉਪਰਾਲਾ ਕੀਤਾ ਜਾਵੇਗਾ।

ਪਰਿਵਾਰ ਵਿਚ ਇਸਤਰੀ ਦਾ ਅਹਿਮ ਸਥਾਨ ਹੈ। ਬੱਚਿਆਂ ਅੰਦਰ ਗੁਰਮਤਿ ਦੀ ਭਾਵਨਾ ਭਰਨ ਅਤੇ ਚੰਗੇ ਸਮਾਜ ਦੀ ਸਿਰਜਣਾ ਲਈ ਇਸਤਰੀਆਂ ਅਹਿਮ ਰੋਲ ਅਦਾ ਕਰ

ਸਕਦੀਆਂ ਹਨ। ਇਸ ਲਹਿਰ ਦਾ ਇਕ ਪੱਖ ਇਹ ਵੀ ਹੋਵੇਗਾ ਕਿ ਪ੍ਰਚਾਰਕ ਬੀਬੀਆਂ ਪਿੰਡਾਂ ਅੰਦਰ ਇਸਤਰੀਆਂ ਨਾਲ ਸੰਵਾਦ ਰਚਾ ਕੇ ਘਰਾਂ ਵਿਚ ਗੁਰਮਤਿ ਅਨੁਸਾਰੀ ਵਾਤਾਵਰਨ ਸਿਰਜਣ ਲਈ ਪ੍ਰੇਰਤ ਕਰਨਗੀਆਂ।

ਜਿਵੇਂ ਅਸੀਂ ਪਹਿਲਾਂ ਦੱਸ ਆਏ ਹਾਂ ਕਿ ਧਰਮ ਪ੍ਰਚਾਰ ਲਹਿਰ ਦੇ ਬਹੁ ਦਿਸ਼ਾਵੀ ਪੜਾਅ ਹਨ। ਉਨ੍ਹਾਂ ਵਿਚ ਹੀ ਦਲਿਤ ਭਾਈਚਾਰੇ ਨੂੰ ਗੁਰੂ-ਘਰਾਂ ਨਾਲ ਜੋੜਣਾ ਵੀ ਇਸ ਲਹਿਰ ਦਾ ਹਿੱਸਾ ਹੈ। ਗੁਰੂ ਸਾਹਿਬ ਨੇ ਜਾਤਾਂ-ਪਾਤਾਂ ਨੂੰ ਖਤਮ ਕਰ ਕੇ ਇਕ ਨਿਰੋਏ ਸਮਾਜ ਦੀ ਸਿਰਜਣਾ ਕੀਤੀ ਸੀ ਪਰ ਅੱਜ ਫਿਰ ਕੁਝ ਲੋਕ ਗੁਰੂ ਸਿਧਾਂਤਾਂ ਤੋਂ ਪਾਸੇ ਜਾ ਸਮਾਜ ਵਿਚ ਵੰਡੀਆਂ ਪਾਉਣ ਦਾ ਜਤਨ ਕਰ ਰਹੇ ਹਨ। ਧਰਮ ਪ੍ਰਚਾਰ ਦੀ ਇਹ ਲਹਿਰ ਸਿੱਖ ਕੌਮ ਵਿਰੋਧੀ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਾਰਥਕ ਭੂਮਿਕਾ ਨਿਭਾਏਗੀ।

ਇਨ੍ਹਾਂ ਸਮਾਗਮਾਂ ਸਬੰਧੀ ਪਹਿਲਾਂ ਵੱਖ-ਵੱਖ ਥਾਵਾਂ 'ਤੇ ਮੀਟਿੰਗਾਂ ਕੀਤੀਆਂ ਗਈਆਂ, ਜਿਸ ਵਿਚ ਬੜੇ ਚਿਰ ਪਿੱਛੋਂ ਮੈਂਬਰਾਂ ਅਤੇ ਹੋਰਾਂ ਨੇ ਖੁੱਲ੍ਹ ਕੇ ਸੰਸਥਾ ਦੀ ਬੇਹਤਰੀ ਲਈ ਵਿਚਾਰ ਦਿੱਤੇ। ਇਹ ਵੀ ਹਕੀਕਤ ਹੈ ਕਿ ਬੜੇ ਲੰਬੇ ਸਮੇਂ ਤੋਂ ਸਿੱਖ ਆਪਸੀ ਵਿਚਾਰ-ਵਿਟਾਂਦਰੇ ਤੋਂ ਪਛੜੇ ਰਹੇ ਸਨ। ਬੇਸ਼ੱਕ ਕੁਝ ਤਿਖੇ ਵਿਚਾਰ ਵੀ ਸਾਹਮਣੇ ਆਏ ਪਰ ਸਾਰਿਆਂ ਦਾ ਸਿੱਖ ਪੰਥ ਦੇ ਪ੍ਰਚਾਰ, ਪ੍ਰਸਾਰ ਲਈ ਅੱਗੇ ਆਉਣਾ ਇਸ ਲਹਿਰ ਦੀ ਕਾਮਯਾਬੀ ਦੇ ਰਸਤੇ ਖੋਲ੍ਹੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਜਿਸ ਨਿਮਰਤਾ ਨਾਲ ਮੈਂਬਰਾਂ ਵੱਲੋਂ ਮਿਲੇ ਸੁਝਾਵਾਂ ਨੂੰ ਸੁਣਿਆ ਅਤੇ ਅਮਲ ਕਰਨ ਦੀ ਗੱਲ ਕਹੀ ਇਸ ਨਾਲ ਸਾਰਿਆਂ ਅੰਦਰ ਇਕ ਨਵਾਂ ਉਤਸ਼ਾਹ ਵੇਖਣ ਨੂੰ ਮਿਲਿਆ ਜੋ ਪ੍ਰਧਾਨ ਦੇ ਕੱਦ ਨੂੰ ਹੋਰ ਉੱਚਾ ਕਰਦਾ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਇਸ ਲਹਿਰ ਨੂੰ ਜ਼ਮੀਨੀ ਪੱਧਰ ਤੋਂ ਸ਼ੁਰੂ ਕਰਨ ਲਈ ਜਿੱਥੇ ਇਸ ਦੀ ਅਗਵਾਈ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ ਸੌਂਪੀ ਗਈ ਹੈ, ਉੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਵੀ ਆਪਣੇ ਹਲਕਿਆਂ ਵਿਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਆ ਗਿਆ ਹੈ। ਧਰਮ ਪ੍ਰਚਾਰ ਕਮੇਟੀ ਦੇ ਇਹ ਪ੍ਰਚਾਰ ਜਥੇ ਜਿੱਥੇ ਪਿੰਡਾਂ ਅੰਦਰ ਗੁਰਮਤਿ ਸਮਾਗਮ ਕਰਨਗੇ, ਉੱਥੇ ਨੌਜਵਾਨਾਂ ਨਾਲ ਸੰਵਾਦ ਰਚਾ ਕਿ ਨਸ਼ੇ, ਪਤਿਤਪੁਣੇ ਅਤੇ ਸਮਾਜਿਕ ਕੁਰੀਤੀਆਂ ਖ਼ਿਲਾਫ਼ ਜ਼ੋਰਦਾਰ ਮੁਹਿੰਮ ਅਰੰਭੀ ਜਾਵੇਗੀ। ਇਸ ਕਾਰਜ ਲਈ ਸਕੂਲਾਂ, ਕਾਲਜਾਂ ਦੇ ਨਾਲ ਨਾਲ ਪਿੰਡਾਂ ਦੀਆਂ ਸੱਥਾਂ, ਕਲੱਬਾਂ ਵਿਚ ਜਾ ਕੇ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਕ ਮੁਖੀਆਂ ਨੂੰ ਸਿੱਖ ਧਰਮ ਦੇ ਇਤਿਹਾਸ, ਸਿੱਖ ਸਿਧਾਂਤਾਂ ਅਤੇ ਬਹੁਮੁੱਲੀਆਂ ਪ੍ਰੰਪਰਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਦੇ ਇਨ੍ਹਾਂ ਕਾਰਜਾਂ ਨੂੰ ਸਫਲਤਾ-ਪੂਰਵਕ ਅਤੇ ਨਿਰੰਤਰ ਜਾਰੀ ਰੱਖਣ ਲਈ ਹਰ ਪਿੰਡ ਅੰਦਰ ੫ ਤੋਂ ੧੦ ਮੈਂਬਰੀ ਤਾਲਮੇਲ ਕਮੇਟੀਆਂ ਵੀ ਬਣਾਈਆਂ ਜਾਣਗੀਆਂ। ਰਾਜਨੀਤਿਕ ਗਲਿਆਰਿਆਂ ਵਿੱਚੋਂ ਨਿਕਲ ਕੇ ਧਰਮ ਦੀ ਬਿਹਤਰੀ ਤੇ ਚੜ੍ਹਦੀ ਕਲਾ ਲਈ ਹਰੇਕ ਸਿੱਖ ਨੂੰ ਇਸ ਲਹਿਰ ਦਾ ਸਹਿਯੋਗੀ ਹੋਣਾ ਚਾਹੀਦਾ ਹੈ। ਭਾਵੇਂ ਬਹੁਤ ਸੰਤਪੁਰਸ਼ ਤੇ ਹੋਰ ਲੋਕ ਧਰਮ ਪ੍ਰਚਾਰਕ ਵਜੋਂ ਭੂਮਿਕਾ ਨਿਭਾ ਰਹੇ ਹਨ, ਪਰ ਇਸ ਸੰਸਥਾ ਦੀ ਜੋ ਜ਼ਿੰਮੇਵਾਰੀ ਬਣਦੀ ਹੈ ਉਸ ਲਈ ਤੁਹਾਡਾ ਸਹਿਯੋਗ ਜ਼ਰੂਰੀ ਹੈ।

ਇਸ ਪ੍ਰਚਾਰ ਮੁਹਿੰਮ ਦੀ ਇਕ ਅਹਿਮ ਕੜੀ ਵਜੋਂ ਇਨ੍ਹਾਂ ਪ੍ਰਚਾਰ ਜਥਿਆਂ ਨੂੰ ਇਕ

ਪ੍ਰੋਫਾਰਮਾ ਦਿੱਤਾ ਗਿਆ ਹੈ ਜਿਸ ਵਿਚ ਜਿੱਥੇ ਪਿੰਡ ਦੀ ਕੁੱਲ ਵਸੋਂ ਬਾਰੇ ਜਾਣਕਾਰੀ ਹੋਵੇਗੀ, ਉੱਥੇ ਨਾਲ ਹੀ ਪਿੰਡ ਵਿਚ ਵਸਦੇ ਸਿੱਖ ਪਰਵਾਰਾਂ ਵਿੱਚੋਂ ਅੰਮ੍ਰਿਤਧਾਰੀ ਅਤੇ ਪਤਿਤ ਵਿਅਕਤੀਆਂ ਬਾਰੇ ਜਾਣਕਾਰੀ ਵੀ ਹੋਵੇਗੀ। ਇਸ ਪ੍ਰੋਫਾਰਮੇ ਅਨੁਸਾਰ ਪਿੰਡ ਵਿਚ ਗੁਰਦੁਆਰਾ ਸਾਹਿਬਾਨ ਦੀ ਗਿਣਤੀ, ਗੁਰਦੁਆਰਾ ਸਾਹਿਬਾਨਾਂ ਦੇ ਨਾਵਾਂ ਬਾਰੇ ਜਾਣਕਾਰੀ, ਗੁਰਦੁਆਰਾ ਕਮੇਟੀਆਂ ਦੇ ਆਹੁਦੇਦਾਰਾਂ, ਮੈਂਬਰਾਂ, ਗ੍ਰੰਥੀ ਸਿੰਘਾਂ ਦੀ ਯੋਗਤਾ ਅਤੇ ਰਹਿਣ-ਸਹਿਣ ਦੇ ਨਾਲ-ਨਾਲ ਧਰਮ ਪ੍ਰਚਾਰ ਲਈ ਯਤਨਸ਼ੀਲ ਸਭਾ ਸੁਸਾਇਟੀਆਂ ਦਾ ਵੇਰਵਾ ਵੀ ਇਕੱਤਰ ਹੋਵੇਗਾ। ਇਸ ਦੇ ਨਾਲ ਹੀ ਗੁਰਦੁਆਰਾ ਸਾਹਿਬਾਨ ਅੰਦਰ ਅੰਮ੍ਰਿਤ ਵੇਲੇ ਅਤੇ ਸ਼ਾਮ ਨੂੰ ਹੁੰਦੇ ਨਿਤਨੇਮ ਅਤੇ ਕਥਾ-ਵੀਚਾਰ ਬਾਰੇ ਵੀ ਜਾਣਕਾਰੀ ਹੋਵੇਗੀ। ਇਨ੍ਹਾਂ ਜਥਿਆਂ ਵੱਲੋਂ ਇਹ ਜਾਣਕਾਰੀ ਵੀ ਇਕੱਤਰ ਕੀਤੀ ਜਾਵੇਗੀ ਕਿ ਗੁਰਦੁਆਰਾ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿੰਨੇ ਪਾਵਨ ਸਰੂਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਆਸਨ ਅਸਥਾਨ ਦੀ ਸਥਿਤੀ ਦੇ ਨਾਲ-ਨਾਲ ਬਿਜਲੀ ਫਿਟਿੰਗ ਜਿਸ ਵਿਚ- ਏ.ਸੀ., ਕੂਲਰ, ਪੱਖੇ ਅਤੇ ਲਾਈਟਾਂ ਸ਼ਾਮਲ ਹਨ, ਬਾਰੇ ਵੀ ਜਾਣਕਾਰੀ ਲਈ ਜਾਵੇਗੀ ਤਾਂ ਕਿ ਕੋਈ ਅਣਹੋਣੀ ਨਾ ਵਾਪਰੇ। ਇਨ੍ਹਾਂ ਵੇਰਵਿਆਂ ਵਿਚ ਪਿੰਡਾਂ ਅੰਦਰ ਸਥਾਪਤ ਲਾਇਬ੍ਰੇਰੀਆਂ ਅਤੇ ਵਿੱਦਿਅਕ ਅਦਾਰਿਆਂ ਬਾਰੇ ਵੀ ਜਾਣਕਾਰੀ ਹੋਵੇਗੀ। ਇਹ ਸਾਰੇ ਵੇਰਵੇ ਭਵਿੱਖ-ਮੁਖੀ ਵਿਉਂਤਬੰਦੀ ਲਈ ਸਹਾਈ ਹੋਣਗੇ।

ਅੱਜ ਤੋਂ ਪੰਜ-ਸਤ ਦਹਾਕੇ ਪਹਿਲਾਂ ਸਕੂਲਾਂ, ਕਾਲਜਾਂ ਵਿਚ ਫੈਡਰੇਸ਼ਨ, ਸ਼੍ਰੋਮਣੀ ਅਕਾਲੀ ਦਲ ਦੇ ਹਰਿਆਵਲ ਦਸਤੇ ਵਜੋਂ ਕੰਮ ਕਰਦੀ ਸੀ। ਫੈਡਰੇਸ਼ਨ ਨੇ ਬੜੀਆਂ ਹੀ ਨਾਮਵਰ ਸਿੱਖ ਸ਼ਖ਼ਸੀਅਤਾਂ ਪੈਦਾ ਕੀਤੀਆਂ ਜਿਨ੍ਹਾਂ ਨੇ ਕੌਮ ਦੀ ਅਗਵਾਈ ਕਰ ਕੇ ਸਿੱਖ ਪੰਥ ਦਾ ਰੁਤਬਾ ਵਧਾਇਆ। ਅੱਜ ਉਹ ਪ੍ਰਪੇਖ ਸਕੂਲਾਂ, ਕਾਲਜਾਂ ਵਿਚੋਂ ਖਤਮ ਹੋ ਚੁੱਕਾ ਹੈ। ਗੁਰੂ ਸਾਹਿਬਾਨ ਦੇ ਨਾਮ 'ਤੇ ਚੱਲ ਰਹੀਆਂ ਸੰਸਥਾਵਾਂ ਨੂੰ ਸਿੱਖੀ ਵਿਚਾਰਧਾਰਾ ਨੂੰ ਲਾਜ਼ਮੀ ਅਪਣਾਉਣਾ ਚਾਹੀਦਾ ਹੈ। ਅਜਿਹੇ ਕਾਰਜਾਂ ਲਈ ਧਾਰਮਿਕ ਸੰਸਥਾਵਾਂ ਦੇ ਨਾਲ-ਨਾਲ ਸਕੂਲਾਂ, ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਮੁੜ ਊਰਜਾਸ਼ਾਲੀ ਹੋਣਾ ਪਵੇਗਾ।

ਨੁਕਤਾਚੀਨੀ ਬੰਦੇ ਨੂੰ ਬਹੁਤ ਕੁਝ ਸਿਖਾਉਂਦੀ ਹੈ, ਪਰ ਜੇਕਰ ਉਹ ਸਾਰਥਕ ਤੇ ਤਰਕ ਦੇ ਆਧਾਰ 'ਤੇ ਹੋਵੇ। ਧਾਰਮਿਕ ਸੰਸਥਾਵਾਂ ਦੀ ਕਾਰਜਸ਼ੈਲੀ 'ਤੇ ਬਾਜ਼ ਅੱਖ ਰੱਖਣ ਵਾਲੇ ਵੀਰਾਂ ਨੂੰ ਵੀ ਬੇਨਤੀ ਹੈ ਕਿ ਉਹ ਵਿਰੋਧ ਖਾਤਰ ਹੀ ਵਿਰੋਧ ਦੀ ਨਿਰਾਰਥਕ ਪਹੁੰਚ ਨਾ ਅਪਣਾਉਣ ਸਗੋਂ ਕੌਮ ਦੀ ਬੇਹਤਰੀ ਲਈ ਹੋ ਰਹੇ ਕਾਰਜਾਂ ਦਾ ਹਿੱਸਾ ਬਣਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕੌਮੀ ਜਥੇਬੰਦੀ ਦੀ ਸੇਵਾ ਸੰਭਾਲਦਿਆਂ ਹੀ ਸਿੱਖੀ ਦੇ ਪ੍ਰਚਾਰ, ਪ੍ਰਸਾਰ ਨੂੰ ਨਿਸ਼ਚਿਤ ਟੀਚਿਆਂ ਨਾਲ ਜੋੜ ਕੇ ਸਮਾਬੱਧ ਯੋਜਨਾਬੰਦੀ ਕੀਤੀ ਹੈ। ਇਸ ਵਿਉਂਤਬੰਦੀ ਦੇ ਕਈ ਲਾਭ ਹੋਣਗੇ, ਕਿਉਂਕਿ ਉਨ੍ਹਾਂ ਨੇ ਪਿੰਡਾਂ ਨੂੰ ਇਕਾਈ ਮੰਨ ਲਿਆ ਹੈ। ਹਰ ਪਿੰਡ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ, ਧਰਮ ਪ੍ਰਚਾਰ ਕਮੇਟੀ ਦੇ ਜਥੇ ਦੀ ਸਾਂਝੀ ਟੀਮ ਦੇ ੧੦-੧੫ ਵਿਅਕਤੀਆਂ ਦਾ ਜਾਣਾ, ਉੱਥੋਂ ਦੀਆਂ ਧਾਰਮਿਕ ਸ਼ਖ਼ਸੀਅਤਾਂ ਨਾਲ ਤਾਲਮੇਲ ਕਰਨਾ, ਪਿੰਡ ਦੇ ਪ੍ਰਬੁੱਧ ਤੇ ਵਿਸ਼ੇਸ਼ ਵਿਅਕਤੀਆਂ ਨੂੰ ਇਸ ਮੁਹਿੰਮ ਨਾਲ ਜੋੜਨਾ, ਸਾਰੇ ਪਿੰਡਾਂ ਦਾ ਸਰਵੇਖਣ ਕਰਨਾ, ਨਵੀਂ ਪੀੜ੍ਹੀ ਦੇ ਪਤਿਤਪੁਣੇ ਦੇ ਕਾਰਨ ਲੱਭਣੇ, ਉਨ੍ਹਾਂ ਦੇ ਸਮਾਧਾਨ ਲਈ ਸੰਭਵ ਜਤਨ

ਕਰਦੇ ਹੋਏ ਬੱਚਿਆਂ ਨੂੰ ਪ੍ਰੇਰ ਕੇ ਸਿੱਖੀ ਦੀ ਮੂਲਧਾਰਾ ਵੱਲ ਮੋੜਨਾ ਹੀ ਬਨਿਆਦੀ ਮਨੋਰਥ ਹੈ। ਇਹ ਟੀਮ ਜਿੱਥੇ ਪਿੰਡ ਦੀ ਸਮੁੱਚੀ ਧਾਰਮਿਕ ਬਣਤਰ ਤੇ ਬੁਣਤਰ ਦਾ ਅਧਿਐਨ ਕਰੇਗੀ, ਉੱਥੇ ਪਿੰਡ ਦੇ ਗੁਰਦੁਆਰੇ ਤੇ ਭਾਈ ਸਾਹਿਬ (ਗ੍ਰੰਥੀ) ਦੀ ਸਾਂਭ-ਸੰਭਾਲ, ਮਰਯਾਦਾ ਤੇ ਲੋੜਾਂ ਬਾਰੇ ਵੀ ਵਿਚਾਰ ਕਰੇਗੀ। ਪ੍ਰਚਾਰ ਲਈ ਸਾਹਿਤ ਵੀ ਵੰਡੇਗੀ। ਪਿੰਡਾਂ ਵਿਚ ਦੀਵਾਨ ਵੀ ਲੱਗਣਗੇ, ਢਾਡੀ, ਰਾਗੀ, ਕਵੀਸ਼ਰ ਸਿੰਘਾਂ ਦੇ ਜਥੇ ਇਤਿਹਾਸ ਨੂੰ ਪੁਨਰ-ਸੁਰਜੀਤ ਕਰਨ ’ਤੇ ਬਲ ਦੇਣਗੇ। ਜਿਹੜੇ ਬੱਚੇ ਇਨ੍ਹਾਂ ਦੀ ਪ੍ਰੇਰਨਾ ਸਦਕਾ ਸਾਬਤ ਸੂਰਤ ਬਣਨ ਲਈ ਤਿਆਰ ਹੋਣਗੇ, ਉਨ੍ਹਾਂ ਨੂੰ ਸੰਬੰਧਿਤ ਤਖਤ ਸਾਹਿਬਾਨ ਤੇ ਵਿਧੀਵਤ ਰੂਪ ’ਚ ਅੰਮ੍ਰਿਤ-ਪਾਨ ਕਰਾਇਆ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦਾ ਹਰ ਮੈਂਬਰ ਇਕ ਸਾਲ ਅੰਦਰ ਪ੍ਰੇਰਨਾ ਕਰਕੇ ਘੱਟੋ-ਘੱਟ ੫੫੦ ਪ੍ਰਾਣੀਆਂ ਨੂੰ ਅੰਮ੍ਰਿਤਧਾਰੀ ਬਣਾਏਗਾ। ਹਰ ਮਹੀਨੇ ਇਸ ਲਹਿਰ ਵੱਲੋਂ ਕੀਤੀ ਕਾਰਗੁਜ਼ਾਰੀ ਦੀ ਸਵੈ-ਪੜਚੋਲ ਹੋਵੇਗੀ ਅਤੇ ਉਸ ਵਿਚ ਆਈਆਂ ਮੁਸ਼ਕਿਲਾਂ ਅਤੇ ਨਵੇਂ ਸੁਝਾਵਾਂ ਨੂੰ ਘੋਖ ਕੇ ਸੋਧਾਂ ਹੋਣਗੀਆਂ।

ਆਸ ਕੀਤੀ ਜਾਂਦੀ ਹੈ ਕਿ ਧਰਮ ਪ੍ਰਚਾਰ ਦੀਆਂ ਬਾਕੀ ਗਤੀਵਿਧੀਆਂ ਤੋਂ ਇਲਾਵਾ ਇਹ ਲਹਿਰ ਜਿਸ ਨੂੰ ਅਸੀਂ “੫੫੦ ਸਾਲ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਦੇ ਨਾਲ” ਦਾ ਨਾਂ ਦੇ ਸਕਦੇ ਹਾਂ, ਜੋ ੨੦੧੯ ਵਿਚ ਸਾਲ ਭਰ ਲਈ ਮਨਾਈ ਜਾਣੀ ਹੈ। ਇਸ ਦੇ ਸਬੰਧ ਵਿਚ ਪ੍ਰਧਾਨ ਜੀ ਦਾ ਟੀਚਾ ਘੱਟੋ-ਘੱਟ ਇੱਕ ਲੱਖ ਤੋਂ ਵੱਧ ਨੌਜਵਾਨਾਂ ਨੂੰ ਅੰਮ੍ਰਿਤਧਾਰੀ ਬਣਾ ਕੇ ਮੁੜ ਗੁਰੂ-ਘਰ ਨਾਲ ਜੋੜਨ ਦੀ ਯੋਜਨਾ ਹੈ। ਇਸ ਟੀਚੇ ਨੂੰ ਗਿਣਨਾਤਮਿਕ ਪੱਖੋਂ ਨਹੀਂ ਬਲਕਿ ਗੁਣਨਾਤਮਿਕ ਪੱਖੋਂ ਵੇਖਣਾ ਜ਼ਰੂਰੀ ਹੋਵੇਗਾ। ਗੁਰੂ ਕਿਰਪਾ ਕਰੇ ਜੇ ਇਹ ਉੱਦਮ ਏਵੇਂ ਹੀ ਸਦਭਾਵਨਾ ਤੇ ਸਾਰੇ ਸਹਿਯੋਗੀਆਂ ਦੀ ਇਮਾਨਦਾਰੀ ਵਾਲੀ ਭਾਵਨਾ ਨਾਲ ਸਿਰੇ ਚੜ੍ਹ ਜਾਂਦਾ ਹੈ ਤਾਂ ਨਿਸ਼ਚੇ ਹੀ ਇਹ ਇਕ ਬਹੁਤ ਵੱਡੀ ਪ੍ਰਾਪਤੀ ਹੋਵੇਗੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਭਵਿੱਖ-ਮੁਖੀ ਵਿਚਾਰ ਪ੍ਰਬੰਧ ਨੂੰ ਵਿਉਂਤਣ ਲਈ ਠੋਸ ਜ਼ਮੀਨ ਮੁਹੱਈਆ ਕਰੇਗੀ, ਇਸ ਦਾ ਸਿਹਰਾ ਸਾਂਝੇ ਤੌਰ ’ਤੇ ਸਾਰੀਆਂ ਟੀਮਾਂ ਦਾ ਹੋਵੇਗਾ, ਪਰ ਇਸ ਵਿਚਾਰ ਨੂੰ ਯੋਜਨਾਬੱਧ ਕਰਨ ਲਈ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਤੇ ਉਨ੍ਹਾਂ ਦੀ ਸਹਿਯੋਗੀ ਟੀਮ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੂੰ ਦੇਣਾ ਬਣਦਾ ਹੈ, ਜਿਨ੍ਹਾਂ ਨੇ ਆਪਣੀਆਂ ਸਾਰੀਆਂ ਸਰਗਰਮੀਆਂ ਦਾ ਕੇਂਦਰ ਧਰਮ ਪ੍ਰਚਾਰ ਨੂੰ ਬਣਾਉਣ ਲਈ ਪ੍ਰਤੀਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਸਾਨੂੰ ਸਾਰਿਆਂ ਨੂੰ ਰਲ ਕੇ ਇਸ ਮੁਹਿੰਮ ਵਿਚ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਅਸੀਂ ਸਿੱਖੀ ਦੇ ਪ੍ਰਚਾਰ, ਪ੍ਰਸਾਰ ਲਈ ਜਿੱਥੇ-ਜਿੱਥੇ ਵੀ ਹਾਂ, ਜਿੰਨੇ ਜੋਗੇ ਹਾਂ, ਜੋ ਕੁਝ ਕਰਨ ਦੀ ਸਮਰੱਥਾ ਰੱਖਦੇ ਹਾਂ, ਉਹ ਕਰੀਏ! ਗੁਰੂ ਦੇ ਇਸ ਪੁਰਬ ਨੂੰ ਸਮਰਪਿਤ ਹੋ ਕੇ ਗੁਰੂ ਨਾਲ ਜੁੜਨ ਦਾ ਉਪਰਾਲਾ ਕਰੀਏ ਕਿਉਂ ਕਿ ਅਸੀਂ ਵਡਭਾਗੇ ਹਾਂ ਕਿ ਸਿੱਖਾਂ ਦੇ ਪ੍ਰਥਮ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ੫੫੦-ਵਾਂ ਪ੍ਰਕਾਸ਼ ਪੁਰਬ ਸਾਡੇ ਜੀਵਨ-ਕਾਲ ਵਿਚ ਆ ਰਿਹਾ ਹੈ। ਇਸ ਦਿਹਾੜੇ ਨੂੰ ਆਪਣੇ ਜੀਵਨ ਵਿਚ ਤਾਂ ਹੀ ਠੀਕ ਥਾਂ ਦਿੱਤੀ ਜਾ ਸਕਦੀ ਹੈ, ਜੇਕਰ ਗੁਰੂ ਆਸ਼ੇ ਅਨੁਸਾਰ ਜੀਵਨ ਦੀ ਸੋਚ ਤੇ ਵਿਹਾਰ ਨੂੰ ਵਿਉਂਤ ਸਕੀਏ।

■

# ਹੋਲੀ ਦੇ ਦਿਨ ਬੱਬਰ ਅਕਾਲੀਆਂ ਦੀ ਸ਼ਹੀਦੀ

*-ਸ. ਸਿਮਰਜੀਤ ਸਿੰਘ**

ਭਾਰਤ ਨੂੰ ਅੰਗਰੇਜ਼ੀ ਹਕੂਮਤ ਤੋਂ ਅਜ਼ਾਦ ਕਰਵਾਉਣ ਵਿਚ 'ਬੱਬਰ ਅਕਾਲੀ ਲਹਿਰ' ਦਾ ਅਹਿਮ ਯੋਗਦਾਨ ਹੈ। ਪਹਿਲੀ ਵਿਸ਼ਵ-ਜੰਗ ਦੌਰਾਨ ਗ਼ਦਰੀ ਅਜ਼ਾਦੀ ਘੁਲਾਟੀਆਂ ਵੱਲੋਂ ਮਾਰਿਆ ਹੰਭਲਾ ਸਿਰੇ ਨਹੀਂ ਸੀ ਚੜ੍ਹ ਸਕਿਆ। ਪਰੰਤੂ ਇਸ ਲਹਿਰ ਨੇ ਪੰਜਾਬੀਆਂ ਦੇ ਮਨਾਂ ਵਿਚ ਅੰਗਰੇਜ਼ਾਂ ਤੋਂ ਅਜ਼ਾਦ ਹੋਣ ਲਈ ਜਾਗ੍ਰਿਤੀ ਪੈਦਾ ਕਰ ਦਿੱਤੀ ਸੀ। ਇਸ ਲਹਿਰ ਨੇ ਪੰਜਾਬੀਆਂ ਨੂੰ ਆਪਣਾ ਪਿਛੋਕੜ ਯਾਦ ਕਰਵਾ ਦਿੱਤਾ ਸੀ ਅਤੇ ਦੇਸ਼ ਕੌਮ 'ਤੇ ਮਰ ਮਿਟਣ ਦੀ ਸੁੱਤੀ ਅਣਖ ਨੂੰ ਜਗਾ ਦਿੱਤਾ ਸੀ। ਪੰਜਾਬੀਆਂ ਨੇ ਆਪਣੇ ਦੇਸ਼ ਲਈ ਮੁੜ ਤੋਂ ਕੁਰਬਾਨੀਆਂ ਦੀ ਝੜੀ ਲਗਾ ਦਿੱਤੀ।

ਸੰਨ ੧੯੧੪ ਈ. ਵਿਚ ਅੰਗਰੇਜ਼ਾਂ ਨੇ ਦਿੱਲੀ ਵਿਖੇ ਇਕ ਅੰਗਰੇਜ਼ ਦੇ ਘਰ ਨੂੰ ਜਾਣ ਵਾਲੀ ਸੜਕ ਨੂੰ ਸਿੱਧਾ ਕਰਨ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹ ਦਿੱਤੀ। ਅੰਗਰੇਜ਼ਾਂ ਦੀ ਇਸ ਘਿਣਾਉਣੀ ਕਾਰਵਾਈ ਦਾ ਸਿੱਖਾਂ ਨੇ ਵਧ-ਚੜ੍ਹ ਕੇ ਵਿਰੋਧ ਕੀਤਾ। ਇਸ ਤੋਂ ਬਾਅਦ ਕਾਮਾਗਾਟਾਮਾਰੂ ਜਹਾਜ਼ 'ਤੇ ਹਮਲਾ ਕਰ ਕੇ ਭਾਰਤੀਆਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਕਿ ਉਹ ਅੰਗਰੇਜ਼ਾਂ ਦੇ ਗ਼ੁਲਾਮ ਹਨ। ਦੂਜੀ ਵਿਸ਼ਵ-ਜੰਗ ਦੌਰਾਨ ਅੰਗਰੇਜ਼ਾਂ ਨੇ ਪੰਜਾਬੀਆਂ ਦੀ ਸੂਰਮਗਤੀ ਨੂੰ ਦੇਖਦਿਆਂ ਉਨ੍ਹਾਂ ਨੂੰ ਵੱਧ ਤੋਂ ਵੱਧ ਫੌਜ ਵਿਚ ਭਰਤੀ ਕਰ ਲਿਆ। ਪੰਜਾਬੀਆਂ ਦੇ ਮਨਾਂ ਵਿਚ ਇਹ ਗੱਲ ਪਾ ਦਿੱਤੀ ਗਈ ਕਿ ਜੰਗ ਫਤਿਹ ਹੋ ਜਾਣ ਤੋਂ ਬਾਅਦ ਅੰਗਰੇਜ਼ਾਂ ਦਾ ਰੁਖ਼ ਉਨ੍ਹਾਂ ਪ੍ਰਤੀ ਹਮਦਰਦੀ ਵਾਲਾ ਹੋ ਜਾਵੇਗਾ। ਜੰਗ ਫਤਿਹ ਹੋ ਜਾਣ ਤੋਂ ਬਾਅਦ ਪੰਜਾਬੀਆਂ ਦੇ ਸਾਰੇ ਸੁਪਨੇ ਟੁੱਟ ਗਏ, ਜਦੋਂ ਅੰਗਰੇਜ਼ਾਂ ਦਾ ਰੁਖ਼ ਬਿਲਕੁਲ ਉਲਟ ਹੋ ਗਿਆ। ਭਾਰਤੀਆਂ ਲਈ ਰੋਲਟ ਐਕਟ ਵਰਗੇ ਅਣਮਨੁੱਖੀ ਕਾਨੂੰਨ ਪਾਸ ਕਰ ਕੇ ਅਜ਼ਾਦੀ ਦੀ ਆਸ ਨੂੰ ਖਤਮ ਕਰਨ ਦੇ ਯਤਨ ਸ਼ੁਰੂ ਹੋ ਗਏ। ਪੰਜਾਬੀਆਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ। ਇਸ ਦੇ ਸਿੱਟੇ ਵਜੋਂ ਜਲ੍ਹਿਆਂ ਵਾਲੇ ਬਾਗ ਦਾ ਸ਼ਹੀਦੀ ਸਾਕਾ ਵਾਪਰਿਆ। ਇਨ੍ਹਾਂ ਦਿਨਾਂ ਵਿਚ ਗੁਰਦੁਆਰਾ ਸਾਹਿਬਾਨ ਦਾ ਮਾਮਲਾ ਸਾਹਮਣੇ ਆਇਆ। ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਅੰਗਰੇਜ਼ਾਂ ਦੇ ਝੋਲੀ-ਚੁੱਕ ਮਹੰਤਾਂ ਦੇ ਹੱਥ ਸੀ। ਇਨ੍ਹਾਂ ਮਹੰਤਾਂ ਨੇ ਸਿੱਖ ਰਹਿਤ ਮਰਯਾਦਾ ਦੇ ਉਲਟ ਕੰਮ ਕਰਨੇ ਸ਼ੁਰੂ ਕਰ ਦਿੱਤੇ। ਸਿੱਖਾਂ ਵਿਚ ਗੁਰਦੁਆਰਾ ਸਾਹਿਬਾਨ ਨੂੰ ਇਨ੍ਹਾਂ ਭ੍ਰਿਸ਼ਟ ਮਹੰਤਾਂ ਤੋਂ ਅਜ਼ਾਦ ਕਰਵਾਉਣ ਲਈ ਲਹਿਰ ਚੱਲ ਪਈ। ਮਹੰਤਾਂ ਤੋਂ ਗੁਰਦੁਆਰਾ ਸਾਹਿਬਾਨ ਨੂੰ ਅਜ਼ਾਦ ਕਰਵਾਉਣ ਵਾਲੀ ਲਹਿਰ ਦੇਸ਼ ਨੂੰ ਅਜ਼ਾਦ ਕਰਵਾਉਣ ਵੱਲ ਹੋ ਤੁਰੀ। ਇਸੇ ਲੜੀ ਵਿਚ 'ਗੁਰੂ ਕੇ ਬਾਗ ਦਾ ਮੋਰਚਾ' ਸ਼ੁਰੂ ਹੋਇਆ। ਲੋਕ ਸ਼ਾਂਤਮਈ ਢੰਗ ਨਾਲ ਅੰਗਰੇਜ਼ਾਂ ਦੀ ਧੱਕੇਸ਼ਾਹੀ ਦਾ ਵਿਰੋਧ ਕਰਦਿਆਂ ਗੁਰਦੁਆਰਾ ਸਾਹਿਬ ਦੀ ਜ਼ਮੀਨ ਵਿੱਚੋਂ ਲਕੜੀਆਂ ਕੱਟਣ ਜਾਂਦੇ ਤਾਂ ਅੰਗਰੇਜ਼ ਸਰਕਾਰ ਦਾ ਪੁਲਿਸ ਅਫ਼ਸਰ ਬੀ.ਟੀ. ਉਨ੍ਹਾਂ 'ਤੇ ਲਾਠੀਆਂ ਦੀ ਮਾਰ

**ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।*

ਦੀ ਹੱਦ ਮੁਕਾ ਦਿੰਦਾ। ਉਹ ਜ਼ਖ਼ਮੀ ਹੋਏ ਸਿੱਖਾਂ ਦੇ ਪਾਸ ਜਾ ਕੇ ਗੁਰੂ ਸਾਹਿਬਾਨ ਬਾਰੇ ਬੋਲ-ਕੁਬੋਲ ਬੋਲਦਾ। ਭਾਵੇਂ ਸਿੱਖ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਕਰ ਕੇ ਜਾਂਦੇ ਸਨ, ਪਰੰਤੂ ਸਿੱਖਾਂ ਦੇ ਮਨਾਂ ਵਿਚ ਅੰਗਰੇਜ਼ਾਂ ਵਿਰੁੱਧ ਰੋਸ ਵਧਦਾ ਜਾ ਰਿਹਾ ਸੀ। ਸਿੱਖਾਂ ਨੇ ਅੰਗਰੇਜ਼ਾਂ ਨਾਲ ਹਥਿਆਰਬੰਦ ਟੱਕਰ ਲੈਣ ਦਾ ਮਨ ਬਣਾ ਲਿਆ। ਚਾਰੇ ਪਾਸੇ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਦਾ ਦੌਰ ਚੱਲ ਪਿਆ।

ਸ. ਕਿਸ਼ਨ ਸਿੰਘ ਗੜਗੱਜ ਦਾ ਜਨਮ ਜਲੰਧਰ ਛਾਉਣੀ ਨੇੜੇ ਪਿੰਡ ਬੜਿੰਗ ਵਿਖੇ ਹੋਇਆ। ਇਹ ਖੰਡੇ ਦੀ ਪਾਹੁਲ ਪ੍ਰਾਪਤ ਕਰ ਕੇ ਸਿੰਘ ਸਜ ਗਏ ਸਨ। ਇਨ੍ਹਾਂ ਫੌਜ ਵਿਚ ਨੌਕਰੀ ਕਰ ਕੇ ਹਵਲਦਾਰ ਤਕ ਤਰੱਕੀ ਪ੍ਰਾਪਤ ਕੀਤੀ ਸੀ। ਇਨ੍ਹਾਂ ਨੇ ਫੌਜ ਵਿਚ ਹੁੰਦਿਆਂ ਹੀ ਦੇਸ਼ ਦੀ ਅਜ਼ਾਦੀ ਲਾਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਨਾਲ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਛੋਟੀ ਹਰਿਉ ਦੇ ਸ. ਸੰਤਾ ਸਿੰਘ ਵੀ ਫੌਜ 'ਚੋਂ ਨਾਂ ਕਟਵਾ ਕੇ ਆ ਰਲੇ। ਸ. ਸੰਤਾ ਸਿੰਘ ਨੇ ਸ. ਕਿਸ਼ਨ ਸਿੰਘ ਨੂੰ ਖਾਲਸਾ ਹਾਈ ਸਕੂਲ, ਜਲੰਧਰ ਦੇ ਵਿਦਿਆਰਥੀਆਂ ਨਾਲ ਮਿਲਵਾ ਕੇ ਉਨ੍ਹਾਂ ਅੰਦਰ ਦੇਸ਼-ਭਗਤੀ ਦੀ ਭਾਵਨਾ ਭਰਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਧਾਮੀਆਂ ਕਲਾਂ ਦੇ ਸ. ਦਲੀਪ ਸਿੰਘ ਵੀ ਆਣ ਮਿਲੇ। ਸ. ਦਲੀਪ ਸਿੰਘ ਮਹੰਤਾਂ ਵੱਲੋਂ ਗੁਰਦੁਆਰਾ ਸਾਹਿਬਾਨ ਵਿਚ ਕੀਤੇ ਜਾਂਦੇ ਕੁਕਰਮਾਂ ਤੋਂ ਬਹੁਤ ਦੁਖੀ ਸਨ। ਇਨ੍ਹਾਂ ਨੇ ਗੁਰਦੁਆਰਾ ਸਾਹਿਬਾਨ ਨੂੰ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਪਾਸੋਂ ਅਜ਼ਾਦ ਕਰਵਾਉਣ ਲਈ ਮਰ-ਮਿਟਣ ਦਾ ਪ੍ਰਣ ਕੀਤਾ ਹੋਇਆ ਸੀ। ਇਹ ਆਪਣਾ ਪ੍ਰਣ ਪੂਰਾ ਕਰਨ ਲਈ ਸ. ਕਿਸ਼ਨ ਸਿੰਘ ਗੜਗੱਜ ਪਾਸ ਆ ਗਏ। ਜ਼ਿਲ੍ਹਾ ਜਲੰਧਰ ਦੇ ਹੀ ਪਿੰਡ ਘੁੜਿਆਲ ਦੇ ਸ. ਨੰਦ ਸਿੰਘ ਦੇ ਮਨ 'ਤੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦਾ ਬਹੁਤ ਪ੍ਰਭਾਵ ਪਿਆ। ਇਸ ਸਾਕੇ ਨੇ ਉਨ੍ਹਾਂ ਦੇ ਮਨ ਵਿਚ ਅੰਗਰੇਜ਼ਾਂ ਪ੍ਰਤੀ ਘੋਰ ਨਫ਼ਰਤ ਪੈਦਾ ਕਰ ਦਿੱਤੀ। ਇਨ੍ਹਾਂ ਰੋਸ ਵਜੋਂ ਨੌਕਰੀ ਛੱਡ ਦਿੱਤੀ ਅਤੇ ਸਿੰਘ ਸਜ ਕੇ ਨਾ-ਮਿਲਵਰਤਨ ਲਹਿਰ ਵਿਚ ਸ਼ਾਮਲ ਹੋ ਗਏ। ਇਨ੍ਹਾਂ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਬੱਬਰ ਅਕਾਲੀ ਲਹਿਰ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਇਹ ਬੱਬਰ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ।

੧੯ ਮਾਰਚ ਤੋਂ ੨੧ ਮਾਰਚ, ੧੯੨੧ ਈ. ਤਕ ਹੁਸ਼ਿਆਰਪੁਰ ਵਿਖੇ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਵਿਚ ਮਾਸਟਰ ਮੋਤਾ ਸਿੰਘ (ਪਤਾਰਾ), ਜਥੇਦਾਰ ਕਿਸ਼ਨ ਸਿੰਘ (ਬੜਿੰਗ), ਭਾਈ ਵਤਨ ਸਿੰਘ (ਕਾਹਰੀ) ਅਤੇ ਕੁਝ ਹੋਰ ਉੱਘੇ ਵਰਕਰਾਂ ਨੇ ਇਕ ਅਲੱਗ ਤੋਂ ਮੀਟਿੰਗ ਕਰ ਕੇ ਨਨਕਾਣਾ ਸਾਹਿਬ ਵਾਲੇ ਸਾਕੇ ਵਿਚ ਸ਼ਹੀਦ ਕੀਤੇ ਗਏ ਸਿੰਘਾਂ ਦਾ ਬਦਲਾ ਲੈਣ ਲਈ ਮਤਾ ਪਕਾਇਆ, ਪਰ ਇਹ ਮਤਾ ਸਿਰੇ ਨਾ ਚੜ੍ਹ ਸਕਿਆ, ਕਿਉਂਕਿ ਜਿਨ੍ਹਾਂ ਨੂੰ ਇਹ ਕੰਮ ਸੌਂਪਿਆ ਗਿਆ ਸੀ ਉਹ ੨੩ ਮਈ, ੧੯੨੧ ਈ. ਨੂੰ ਗ੍ਰਿਫਤਾਰ ਕਰ ਲਏ ਗਏ ਸਨ। ਮਾਸਟਰ ਮੋਤਾ ਸਿੰਘ ਅਤੇ ਸ. ਕਿਸ਼ਨ ਸਿੰਘ ਗੜਗੱਜ ਰੂਪੋਸ਼ ਹੋ ਗਏ। ਇਨ੍ਹਾਂ ਨੇ ਅਜ਼ਾਦੀ ਦੀ ਲਹਿਰ ਨੂੰ ਅੱਗੇ ਤੋਰਨ ਤੋਂ ਪਹਿਲਾਂ ਵਿਚਾਰ ਕੀਤਾ ਕਿ ਗ਼ਦਰ ਲਹਿਰ ਦੇ ਸਿਰੇ ਨਾ ਚੜ੍ਹਣ ਦਾ ਇਕ ਕਾਰਨ ਇਹ ਸੀ ਕਿ ਗ਼ਦਰੀਆਂ ਨੂੰ ਆਮ ਲੋਕਾਂ ਦਾ ਮਿਲਵਰਤਨ ਨਹੀਂ ਸੀ ਮਿਲ ਸਕਿਆ, ਇਸ ਲਈ ਅਜ਼ਾਦੀ ਦੀ ਲਹਿਰ ਨੂੰ ਸਿਰੇ

ਚਾੜ੍ਹਨ ਲਈ ਆਮ ਲੋਕਾਂ ਦਾ ਮਿਲਵਰਤਨ ਜ਼ਰੂਰੀ ਹੈ। ਯੋਜਨਾ ਇਹ ਤਿਆਰ ਕੀਤੀ ਗਈ ਕਿ ਲੋਕਾਂ ਵਿਚ ਪ੍ਰਚਾਰ ਲਈ ਇਕ ਜਥਾ ਤਿਆਰ ਕੀਤਾ ਜਾਵੇ ਜੋ ਮੌਕਾ ਪੈਣ 'ਤੇ ਹਥਿਆਰ ਚਲਾਉਣ ਵਿਚ ਵੀ ਮਾਹਿਰ ਹੋਵੇ। ਸਰਕਾਰ ਦੇ ਝੋਲੀ-ਚੁੱਕਾਂ ਨੂੰ ਡਰਾ-ਧਮਕਾ ਕੇ ਸਮਝਾਇਆ ਜਾਵੇ। ਇਸ ਤਰ੍ਹਾਂ ਨਵੰਬਰ, ੧੯੨੧ ਈ. ਵਿਚ ਸ. ਕਿਸ਼ਨ ਸਿੰਘ ਗੜਗੱਜ ਨੇ ਆਪਣਾ ਇੱਕ ਗੁਪਤ ਜਥਾ ਤਿਆਰ ਕੀਤਾ। ਉਸ ਦਾ ਨਾਮ 'ਚਕਰਵਰਤੀ ਜਥਾ' ਰੱਖਿਆ ਗਿਆ। ਇਸ ਜਥੇ ਨੇ ਪਿੰਡ-ਪਿੰਡ ਜਾ ਕੇ ਪ੍ਰਚਾਰ ਸ਼ੁਰੂ ਕਰ ਦਿੱਤਾ। ਇਹ ਜਿਸ ਪਿੰਡ ਵਿਚ ਜਾ ਕੇ ਜਲਸਾ ਕਰਦੇ ਸਨ ਉੱਥੇ ਠਹਿਰਦੇ ਨਹੀਂ ਸਨ, ਅਰਾਮ ਅਗਲੇ ਪਿੰਡ ਵਿਚ ਜਾ ਕੇ ਕਰਦੇ ਸਨ। ਇਸ ਤਰ੍ਹਾਂ ਦਿਨ-ਰਾਤ ਪ੍ਰਚਾਰ ਸ਼ੁਰੂ ਹੋ ਗਿਆ। ਪੁਲਿਸ ਜਦੋਂ ਸੂਹ ਮਿਲਣ 'ਤੇ ਪਹੁੰਚਦੀ ਤਾਂ ਜਥਾ ਅਗਲੇ ਪਿੰਡ ਪਹੁੰਚ ਚੁੱਕਾ ਹੁੰਦਾ ਸੀ। ਫਰਵਰੀ, ੧੯੨੨ ਈ. ਨੂੰ ਘੜਿਆਲ ਪਿੰਡ ਵਿਚ ਦੀਵਾਨ ਸਜਾਇਆ ਗਿਆ। ਇੱਥੇ ਸ. ਕਿਸ਼ਨ ਸਿੰਘ ਗੜਗੱਜ ਅਤੇ ਸ. ਸੰਤਾ ਸਿੰਘ ਨੇ ਪ੍ਰਭਾਵਸ਼ਾਲੀ ਤਕਰੀਰਾਂ ਕੀਤੀਆਂ। ਇਨ੍ਹਾਂ ਤਕਰੀਰਾਂ ਤੋਂ ਪ੍ਰਭਾਵਿਤ ਹੋ ਕੇ ਹਰੀਪੁਰ ਪਿੰਡ ਦੇ ਸ. ਕਰਮ ਸਿੰਘ ਵੀ ਇਨ੍ਹਾਂ ਨਾਲ ਰਲ ਗਏ। ਹੁਸ਼ਿਆਰਪੁਰ ਵਿਚ ਸ. ਕਰਮ ਸਿੰਘ ਦੌਲਤਪੁਰੀਏ ਨੇ ਵੀ ਆਪਣਾ ਇਕ ਜਥਾ ਕਾਇਮ ਕਰ ਲਿਆ। ਅਗਸਤ ੧੯੨੨ ਈ. ਵਿਚ ਇਨ੍ਹਾਂ ਨੇ ਆਪਣੇ ਜਥੇ ਨੂੰ ਵੀ 'ਚੱਕਰਵਰਤੀ ਜਥੇ' ਵਿਚ ਸ਼ਾਮਲ ਕਰ ਦਿੱਤਾ ਅਤੇ ਨਵੇਂ ਜਥੇ ਦਾ ਨਾਂ ਰੱਖਿਆ ਗਿਆ- 'ਬੱਬਰ ਅਕਾਲੀ ਜਥਾ'। ਇਸ ਜਥੇ ਦਾ ਜਥੇਦਾਰ ਸ. ਕਿਸ਼ਨ ਸਿੰਘ ਗੜਗੱਜ ਨੂੰ ਬਣਾਇਆ ਗਿਆ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮਾਹਲਪੁਰ ਵਿਖੇ ਮਾਸਟਰ ਮੋਤਾ ਸਿੰਘ ਨੇ ਇਕ ਭਰਵੀਂ ਤਕਰੀਰ ਕੀਤੀ। ਪੁਲਿਸ ਨੂੰ ਪਤਾ ਲੱਗ ਗਿਆ ਤਾਂ ਮਾਸਟਰ ਜੀ ਦੇ ਵਰੰਟ ਜਾਰੀ ਹੋ ਗਏ। ਮਾਸਟਰ ਜੀ ਨੂੰ ਇਸ ਤਰ੍ਹਾਂ ਜੇਲ੍ਹ ਜਾਣਾ ਮਨਜ਼ੂਰ ਨਹੀਂ ਸੀ। ਉਹ ਰੂਪੋਸ਼ ਹੋ ਗਏ ਅਤੇ ਪਿੰਡ-ਪਿੰਡ ਜਾ ਕੇ ਆਪਣਾ ਪ੍ਰਚਾਰ ਜਾਰੀ ਰੱਖਿਆ। ਬੱਬਰ ਅਕਾਲੀਆਂ ਨੇ ਅਜ਼ਾਦੀ ਦੀ ਲਹਿਰ ਨੂੰ ਘਰ-ਘਰ ਪਹੁੰਚਾਉਣ ਲਈ ਇਕ ਪਰਚਾ ਛਾਪ ਕੇ ਲੋਕਾਂ ਤਕ ਪਹੁੰਚਾਉਣ ਦੀ ਯੋਜਨਾ ਤਿਆਰ ਕੀਤੀ। ਇਸ ਪਰਚੇ ਦਾ ਨਾਂ 'ਬੱਬਰ ਅਕਾਲੀ ਦੁਆਬਾ' ਰੱਖਿਆ ਗਿਆ। ਇਸ ਪਰਚੇ ਦੀ ਸੰਪਾਦਨਾ ਦਾ ਕੰਮ ਸ. ਕਰਮ ਸਿੰਘ ਦੌਲਤਪੁਰ ਨੇ ਸਾਂਭਿਆ। ਇਸ ਪਰਚੇ ਦੇ ਸਭ ਤੋਂ ਉੱਪਰ ਲਿਖਿਆ ਹੁੰਦਾ ਸੀ:

*ਸੂਰਾ ਸੋ ਪਹਿਚਾਨੀਏ ਜੋ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥*

ਸ਼ੁਰੂ-ਸ਼ੁਰੂ ਵਿਚ ਸ. ਦਲੀਪ ਸਿੰਘ ਧਾਮੀਆਂ ਨੇ ਬੱਬਰ ਅਕਾਲੀ ਲਹਿਰ ਦੇ ਅਖ਼ਬਾਰ ਵੰਡਣ ਅਤੇ ਸੂਚਨਾਵਾਂ ਪਹੁੰਚਾਉਣ ਦਾ ਕੰਮ ਬੜੀ ਜ਼ਿੰਮੇਵਾਰੀ ਨਾਲ ਕੀਤਾ। ਇਸ ਪਰਚੇ ਰਾਹੀਂ ਦੇਸ਼-ਵਾਸੀਆਂ ਨੂੰ ਗ਼ੁਲਾਮੀ ਵਿਰੁੱਧ ਹਲੂਣਾ ਦਿੱਤਾ ਜਾਂਦਾ ਸੀ। ਗੁਰਦੁਆਰਾ ਕਿਸ਼ਨਪੁਰ, ਜਸੋਵਾਲ, ਕੋਟ ਫਤੂਹੀ ਵਿਚ ਇਸ ਪਰਚੇ ਦੀ ਛਪਾਈ ਕੀਤੀ ਜਾਂਦੀ ਸੀ।

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੋਟ ਫਤੂਹੀ ਬੱਬਰ ਅਕਾਲੀਆਂ ਦਾ ਗੜ੍ਹ ਬਣ ਗਿਆ। ਉੱਥੇ ਬਹੁਤ ਵਾਰ ਪ੍ਰਚਾਰ ਸਮੇਂ ਜਦੋਂ ਉੱਘੇ ਲੀਡਰਾਂ ਨੇ ਬੋਲਣਾ ਤਾਂ ਪੁਲਿਸ ਨੂੰ ਸੂਚਨਾ ਮਿਲਣ 'ਤੇ ਵੀ ਪੁਲਿਸ ਡਰਦੀ ਉੱਧਰ ਨਹੀਂ ਸੀ ਆਉਂਦੀ। ਜੇਕਰ ਆ ਵੀ

ਜਾਂਦੀ ਤਾਂ ਪੰਡਾਲ ਵਿਚ ਬੈਠੇ ਸਾਰੇ ਲੋਕ ਉੱਠ ਖੜ੍ਹੇ ਹੁੰਦੇ ਅਤੇ ਰੌਲੇ-ਰੱਪੇ ਵਿਚ ਬੱਬਰ ਅਕਾਲੀ ਹਰਨ ਹੋ ਜਾਂਦੇ। ਬੱਬਰ ਅਕਾਲੀਆਂ ਦੇ ਜਥੇ ਨੇ ਅਣਥੱਕ ਪ੍ਰਚਾਰ ਕਰ ਕੇ ਦੇਸ਼ ਦੀ ਅਜ਼ਾਦੀ ਦੀ ਭਾਵਨਾ ਘਰ-ਘਰ ਪਹੁੰਚਾ ਦਿੱਤੀ। ਇਕ ਵਾਰ ਕੋਟ ਫਤੂਹੀ ਵਿਚ ਭਾਰੀ ਦੀਵਾਨ ਸਜਿਆ। ਪੁਲਿਸ ਨੂੰ ਸੂਹ ਮਿਲਣ 'ਤੇ ਪੁਲਿਸ ਨੇ ਚਾਰੇ ਪਾਸੇ ਘੇਰਾ ਪਾ ਲਿਆ। ਮਾਸਟਰ ਮੋਤਾ ਸਿੰਘ ਨੇ ਆਪਣੀ ਭਰਵੀਂ ਤਕਰੀਰ ਕੀਤੀ। ਅਖੀਰ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਨਾਲ ਸਾਰੇ ਸਰੋਤੇ ਉੱਠ ਖੜ੍ਹੇ ਹੋਏ। ਇਸੇ ਸਮੇਂ ਮਾਸਟਰ ਜੀ ਕਿੱਧਰ ਗਏ, ਕਿਸੇ ਨੂੰ ਪਤਾ ਨਾ ਲੱਗ ਸਕਿਆ, ਪੁਲਿਸ ਹੱਥ ਮਲਦੀ ਰਹਿ ਗਈ। ਇਸੇ ਤਰ੍ਹਾਂ ਮਾਸਟਰ ਜੀ ਦੀ ਡੇਢ ਸਾਲ ਤਕ ਪੁਲਿਸ ਨਾਲ ਲੁਕਣ-ਮੀਟੀ ਹੁੰਦੀ ਰਹੀ, ਪਰ ਇਕ ਦਿਨ ਉਨ੍ਹਾਂ ਦੇ ਹੀ ਇਕ ਸਾਥੀ ਨੇ ਧੋਖਾ ਦੇ ਕੇ ਫੜ੍ਹਾ ਦਿੱਤਾ।

ਲੋਕਾਂ ਵਿਚ ਪ੍ਰਚਾਰ ਨੇ ਕਾਫੀ ਅਸਰ ਕੀਤਾ। ਆਮ ਲੋਕ ਅਜ਼ਾਦੀ ਲਈ ਤਿਆਰ ਹੋ ਚੁੱਕੇ ਸਨ। ਸਰਕਾਰ ਵੀ ਬੱਬਰ ਅਕਾਲੀਆਂ ਦੀਆਂ ਗਤੀਵਿਧੀਆਂ ਤੋਂ ਘਬਰਾਈ ਹੋਈ ਸੀ। ਅੰਗਰੇਜ਼ ਸਰਕਾਰ ਵੱਲੋਂ ਜਥੇ ਦੇ ਆਗੂਆਂ ਦੀ ਗ੍ਰਿਫ਼ਤਾਰੀਆਂ ਲਈ ਇਨਾਮਾਂ ਦੀ ਘੋਸ਼ਣਾ ਕੀਤੀ ਜਾ ਰਹੀ ਸੀ। ਸਰਕਾਰ ਅੰਨ੍ਹੇਵਾਹ ਪੈਸੇ ਖਰਚ ਕੇ ਏਜੰਟ ਭਰਤੀ ਕਰ ਰਹੀ ਸੀ। ਬੱਬਰ ਅਕਾਲੀਆਂ ਵੱਲੋਂ ਵੀ ਸਰਕਾਰੀ ਮੁਖਬਰਾਂ ਅਤੇ ਝੋਲੀ-ਚੁੱਕਾਂ ਨੂੰ ਆਪਣੀਆਂ ਕਰਤੂਤਾਂ ਤੋਂ ਬਾਜ ਆ ਜਾਣ ਦੀਆਂ ਚੇਤਾਵਨੀਆਂ ਦਿੱਤੀਆਂ ਜਾ ਰਹੀਆਂ ਸਨ। ਲੋਕ ਵੀ ਇਨ੍ਹਾਂ ਝੋਲੀ-ਚੁੱਕਾਂ ਤੋਂ ਤੰਗ ਆ ਚੁੱਕੇ ਸਨ ਅਤੇ ਬੱਬਰ ਅਕਾਲੀਆਂ ਨੂੰ ਇਨ੍ਹਾਂ ਨੂੰ ਸੋਧ ਦੇਣ ਦੀ ਸਲਾਹ ਦਿੰਦੇ ਸਨ। ਇਸੇ ਯੋਜਨਾ ਅਧੀਨ ਝੋਲੀ-ਚੁੱਕਾਂ ਨੂੰ ਸੋਧਣ ਦਾ ਕੰਮ ਸ਼ੁਰੂ ਹੋ ਗਿਆ। ਜਿੱਥੇ ਵੀ ਕਿਤੇ ਕਿਸੇ ਝੋਲੀ-ਚੁੱਕ ਦਾ ਕਤਲ ਹੁੰਦਾ ਤਾਂ ਉਸ ਪਿੰਡ ਅਤੇ ਨਾਲ ਦੇ ਪਿੰਡ ਦੇ ਬੇਗੁਨਾਹਾਂ ਨੂੰ ਪੁਲਿਸ ਤਸੀਹੇ ਦੇਣ ਵਿਚ ਕੋਈ ਕਸਰ ਬਾਕੀ ਨਾ ਛੱਡਦੀ। ਬੱਬਰ ਅਕਾਲੀਆਂ ਨੇ ਫੈਸਲਾ ਕੀਤਾ ਕਿ ਉਨ੍ਹਾਂ ਵੱਲੋਂ ਕੀਤੇ ਕੰਮਾਂ ਦੀ ਸਜ਼ਾ ਆਮ ਲੋਕਾਂ ਨੂੰ ਨਹੀਂ ਮਿਲਣੀ ਚਾਹੀਦੀ। ਜਥੇ ਦੇ ਆਗੂਆਂ ਨੇ ਫੈਸਲਾ ਕੀਤਾ ਕਿ ਅੱਗੇ ਤੋਂ ਜਦੋਂ ਵੀ ਕਿਸੇ ਝੋਲੀ-ਚੁੱਕ ਨੂੰ ਸੋਧਿਆ ਜਾਵੇ ਤਾਂ ਤਿੰਨ ਆਗੂ ਆਪਣੇ ਨਾਂ ਦਾ ਐਲਾਨ ਕਰਿਆ ਕਰਨਗੇ ਕਿ ਇਹ ਕੰਮ ਉਨ੍ਹਾਂ ਨੇ ਕੀਤਾ ਹੈ।

ਪਹਿਲੀ ਵਾਰ ਸ. ਕਰਮ ਸਿੰਘ ਬਹਿਬਲਪੁਰ ਅਤੇ ਸ. ਉਦੈ ਸਿੰਘ ਰਾਮਗੜ੍ਹ ਦੇ ਨਾਂਵਾਂ ਦਾ ਐਲਾਨ ਕੀਤਾ ਗਿਆ। ਅੰਗਰੇਜ਼ ਸਰਕਾਰ ਨੂੰ ਭਾਜੜਾਂ ਪੈ ਗਈਆਂ। ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਹਾਲਾਤ ਇਹ ਹੋ ਗਏ ਕਿ ਅੰਗਰੇਜ਼ ਅਫ਼ਸਰ ਆਪਣੇ ਨਾਲ ੨੦੦ ਘੋੜਸਵਾਰ ਅੰਗ-ਰੱਖਿਅਕ ਨਾਲ ਲੈ ਕੇ ਹੀ ਬਾਹਰ ਨਿਕਲਦੇ ਸਨ। ਪੁਲਿਸ ਵਿਚ ਇੰਨੀ ਦਹਿਸ਼ਤ ਫੈਲ ਗਈ ਸੀ ਕਿ ਜੇਕਰ ਕਿਸੇ ਬੱਬਰ ਅਕਾਲੀ ਦੀ ਸੂਹ ਮਿਲਦੀ ਤਾਂ ਉਸ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਕਿਸੇ ਨਾ ਕਿਸੇ ਨੂੰ ਲਾਲਚ ਦੇ ਕੇ ਬੱਬਰ ਅਕਾਲੀਆਂ ਦੇ ਹਥਿਆਰ ਨਕਾਰਾ ਕਰ ਦਿੱਤੇ ਜਾਂਦੇ ਜਾਂ ਇੱਧਰ-ਉੱਧਰ ਕਰ ਦਿੱਤੇ ਜਾਂਦੇ ਸਨ।

੧੪ ਫਰਵਰੀ, ੧੯੨੩ ਈ. ਨੂੰ ਸ. ਉਦੈ ਸਿੰਘ ਨੇ ਪੁਲਿਸ ਦੇ ਮੁਖ਼ਬਰ ਹੈਯਤਪੁਰ ਪਿੰਡ ਦੇ ਦੀਵਾਨ ਨੂੰ ਮਾਰ ਦਿੱਤਾ। ੨੭ ਮਾਰਚ, ੧੯੨੩ ਈ. ਸ. ਕਰਮ ਸਿੰਘ ਦੌਲਤਪੁਰ ਅਤੇ ਸ. ਉਦੈ ਸਿੰਘ ਨੇ ਬਹਿਬਲਪੁਰ ਦੇ ਮੁਖ਼ਬਰ ਹਜ਼ਾਰਾ ਸਿੰਘ ਦਾ ਕਤਲ ਕਰ ਦਿੱਤਾ। ਇਸੇ ਤਰ੍ਹਾਂ ਹੋਰ ਕਈ ਪੁਲਿਸ ਦੇ ਮੁਖ਼ਬਰਾਂ ਅਤੇ ਦੇਸ਼ ਦੇ ਗ਼ੱਦਾਰਾਂ ਨੂੰ ਸੋਧਣ ਦਾ ਕੰਮ ਸ਼ੁਰੂ

ਹੋ ਗਿਆ। ਇਕ ਦਿਨ ਚਾਰ ਬੱਬਰ ਅਕਾਲੀ ਸੂਰਮੇ ਕਪੂਰਥਲਾ ਰਿਆਸਤ ਦੇ ਬਮੇਲੀ ਪਿੰਡ ਕੋਲੋਂ ਦੀ ਲੰਘ ਰਹੇ ਸਨ ਤਾਂ ਸੂਹੀਏ ਨੇ ਪਛਾਣ ਕੇ ਪੁਲਿਸ ਪਾਸ ਖ਼ਬਰ ਪਹੁੰਚਾ ਦਿੱਤੀ। ਪੁਲਿਸ ਨੇ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਹ ਚਾਰੇ ਗੁਰਦੁਆਰਾ ਚੌਂਤਾ ਸਾਹਿਬ ਵਿਖੇ ਪਹੁੰਚ ਗਏ ਤਾਂ ਪੁਲਿਸ ਨੇ ਇਨ੍ਹਾਂ ’ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਗੁਰਦੁਆਰਾ ਸਾਹਿਬ ਦੇ ਚਾਰੇ ਪਾਸੇ ਇਕ ਪਾਣੀ ਦਾ ਨਾਲਾ ਸੀ। ਇਹ ਚਾਰੇ ਸੂਰਮੇ ਪੁਲਿਸ ਦਾ ਮੁਕਾਬਲਾ ਕਰਦੇ ਹੋਏ ਨਾਲੇ ਪਾਸ ਪਹੁੰਚ ਗਏ। ਕੁਝ ਦੇਰ ਮੁਕਾਬਲਾ ਕਰਨ ਤੋਂ ਬਾਅਦ ਸ. ਉਦੈ ਸਿੰਘ ਤੇ ਸ. ਮਹਿੰਦਰ ਸਿੰਘ ਪਾਣੀ ਵਿਚ ਡਿੱਗ ਗਏ। ਇਸੇ ਵੇਲੇ ਸ. ਕਰਮ ਸਿੰਘ ਨੇ ਪੁਲਿਸ ਦਾ ਧਿਆਨ ਆਪਣੇ ਵੱਲ ਕਰ ਲਿਆ। ਸ. ਬਿਸ਼ਨ ਸਿੰਘ, ਜੋ ਨਾਲੇ ਦੇ ਕਿਨਾਰੇ ’ਤੇ ਸਨ, ਮੌਕਾ ਤਾੜ ਕੇ ਝਾੜੀਆਂ ਵਿਚ ਜਾ ਲੁਕੇ। ਜਦੋਂ ਝਾੜੀਆਂ ਹਿੱਲਣ ’ਤੇ ਪੁਲਿਸ ਨੂੰ ਸ਼ੱਕ ਹੋਇਆ ਤਾਂ ਕੁਝ ਸਿਪਾਹੀਆਂ ਨੂੰ ਝਾੜੀਆਂ ਦੇਖਣ ਲਈ ਭੇਜਿਆ ਗਿਆ। ਸਿਪਾਹੀਆਂ ਦੇ ਨੇੜੇ ਆਉਂਦਿਆਂ ਹੀ ਸ. ਬਿਸ਼ਨ ਸਿੰਘ ਨੇ ਆਪਣੀ ਕਿਰਪਾਨ ਨਾਲ ਹੱਲਾ ਬੋਲ ਦਿੱਤਾ। ਇਕ ਸਿਪਾਹੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਤਨੇ ਵਿਚ ਇਕ ਹੋਰ ਸਿਪਾਹੀ ਨੇ ਸ਼ਿਸ਼ਤ ਬੰਨ ਕੇ ਸ. ਬਿਸ਼ਨ ਸਿੰਘ ’ਤੇ ਗੋਲੀ ਚਲਾ ਦਿੱਤੀ। ਗੋਲੀ ਲੱਗਦਿਆਂ ਹੀ ਸ. ਬਿਸ਼ਨ ਸਿੰਘ ਵੀ ਆਪਣੇ ਦੂਸਰੇ ਤਿੰਨ ਸਾਥੀਆਂ ਵਾਂਗ ਨਾਲੇ ਵਿਚ ਡਿੱਗ ਪਏ।

੧੨ ਅਪ੍ਰੈਲ, ੧੯੨੩ ਈ. ਨੂੰ ਸ. ਕਰਮ ਸਿੰਘ ਦੌਲਤਪੁਰ, ਸ. ਧੰਨਾ ਸਿੰਘ ਬਹਿਬਲਪੁਰ, ਸ. ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਸ. ਸੰਤਾ ਸਿੰਘ ਹਰਿਉ, ਸ. ਨੰਦ ਸਿੰਘ ਘੁੜਿਆਲ ਅਤੇ ਸ. ਕਰਮ ਸਿੰਘ ਹਰੀਪੁਰ ਨੇ ਝੋਲੀ-ਚੁੱਕ ਸੂਬੇਦਾਰ ਗੇਂਦਾ ਸਿੰਘ ਨੂੰ ਕਤਲ ਕਰ ਦਿੱਤਾ। ਇਸੇ ਤਰ੍ਹਾਂ ਬੱਬਰ ਅਕਾਲੀਆਂ ਨੇ ਬਹੁਤ ਸਾਰੇ ਸਰਕਾਰੀ ਝੋਲੀ-ਚੁੱਕਾਂ ਅਤੇ ਦੇਸ਼-ਧ੍ਰੋਹੀਆਂ ਦਾ ਕਤਲ ਕਰ ਦਿੱਤਾ। ਪੁਲਿਸ ਚਾਰੇ ਪਾਸੇ ਬੱਬਰ ਅਕਾਲੀਆਂ ਦੀ ਭਾਲ ਕਰਨ ਲੱਗ ਪਈ।

ਬਹੁਤ ਸਾਰੇ ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਵਾਰ ਸ. ਕਿਸ਼ਨ ਸਿੰਘ ਗੜਗੱਜ ਰੁੜਕੀ ਕਲਾਂ ਨੂੰ ਗਏ ਤਾਂ ਉਨ੍ਹਾਂ ਨਾਲ ਇਕ ਨੌਜਵਾਨ ਵੀ ਸੀ। ਇਨ੍ਹਾਂ ’ਤੇ ਪੁਲਿਸ ਨੇ ਹਮਲਾ ਕਰ ਦਿੱਤਾ। ਨੌਜਵਾਨ ਉੱਥੇ ਜ਼ਖ਼ਮੀ ਹੋਣ ਕਾਰਨ ਫੜਿਆ ਗਿਆ। ਸ. ਕਿਸ਼ਨ ਸਿੰਘ ਆਪਣੇ ਹਥਿਆਰਾਂ ਦੀ ਮਦਦ ਨਾਲ ਉੱਥੋਂ ਨਿਕਲਣ ਵਿਚ ਸਫਲ ਹੋ ਗਏ। ਇਨ੍ਹਾਂ ਦੀ ਰਸਤੇ ਵਿਚ ਇਕ ਸਾਧ ਨਾਲ ਮੁਲਾਕਾਤ ਹੋ ਗਈ। ਉਸ ਸਾਧ ਨੇ ਆਪ ਨੂੰ ਗੱਲਾਂ ਵਿਚ ਲਗਾ ਕੇ ਆਪਣਾ ਭਰੋਸਾ ਬਣਾ ਲਿਆ। ਇਹ ਸਾਧ ਕਿਸੇ ਜੜ੍ਹੀ-ਬੂਟੀ ਲਿਆਉਣ ਦੇ ਬਹਾਨੇ ਪੁਲਿਸ ਨੂੰ ਬੁਲਾ ਲਿਆਇਆ ਅਤੇ ਸ. ਕਿਸ਼ਨ ਸਿੰਘ ਗੜਗੱਜ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਇਹ ਸਾਧ ਸੀ.ਆਈ.ਡੀ. ਮਹਿਕਮੇ ਦਾ ਸਬ-ਇੰਸਪੈਕਟਰ ਸੀ।

੯੮ ਬੱਬਰ ਅਕਾਲੀਆਂ ਦਾ ਮੁਕੱਦਮਾ ੨੪ ਸਤੰਬਰ, ੧੯੨੩ ਈ. ਨੂੰ ਸਪੈਸ਼ਲ ਮੈਜਿਸਟਰੇਟ ਬੁਲ ਦੀ ਅਦਾਲਤ ਸੈਂਟਰਲ ਜੇਲ੍ਹ ਲਾਹੌਰ ਵਿਚ ਪੇਸ਼ ਹੋਇਆ। ਮੁਕੱਦਮੇ ਦੀ ਕਾਰਵਾਈ ੨੮ ਸਤੰਬਰ, ੧੯੨੩ ਈ. ਨੂੰ ਸ਼ੁਰੂ ਹੋਈ। ਮੁਕੱਦਮੇ ਦਾ ਇੰਚਾਰਜ ਮੀਰ ਫ਼ਜ਼ਲ ਇਮਾਮਾ ਡਿਪਟੀ ਸੁਪਰਡੈਂਟ ਸੀ.ਆਈ.ਡੀ. ਤੇ ਸਰਕਾਰੀ ਵਕੀਲ ਪਿੰਡੀ ਦਾਸ ਲਾਹੌਰ ਵਾਲਾ ਸੀ। ਇਨ੍ਹਾਂ ਤੋਂ ਮਨਮਰਜ਼ੀ ਦਾ ਫੈਸਲਾ ਕਰਵਾਉਣ ਲਈ ਸਰਕਾਰ

ਨੇ ਇਨ੍ਹਾਂ ਨੂੰ ਤਰੱਕੀਆਂ ਦੇ ਦਿੱਤੀਆਂ ਸਨ। ੨੮ ਫਰਵਰੀ, ੧੯੨੫ ਈ. ਨੂੰ ਇਨ੍ਹਾਂ ਨੇ ਫੈਸਲਾ ਦਿੱਤਾ ਕਿ ੯੮ ਕਥਿਤ ਦੋਸ਼ੀਆਂ ਵਿੱਚੋਂ ੨ ਜੇਲ੍ਹ ਵਿਚ ਹੀ ਮਰ ਚੁੱਕੇ ਹਨ। ਬਾਕੀਆਂ ਵਿੱਚੋਂ ੩੪ ਨੂੰ ਬਰੀ ਕਰ ਦਿੱਤਾ ਗਿਆ। ਪੰਜਾਂ ਨੂੰ ਫ਼ਾਂਸੀ ਅਤੇ ਬਹੁਤ ਸਾਰਿਆਂ ਨੂੰ ਕਾਲੇਪਾਣੀ ਦੀ ਸਜ਼ਾ ਸੁਣਾਈ ਗਈ। ੧੨ ਬੱਬਰ ਅਕਾਲੀ- ਸ. ਸੁਰਜਣ ਸਿੰਘ ਹਿਆਤਪੁਰ, ਭਾਈ ਕਰਮ ਸਿੰਘ ਝਿੰਗੜ, ਮਾਸਟਰ ਦਲੀਪ ਸਿੰਘ, ਭਾਈ ਆਤਮਾ ਸਿੰਘ, ਭਾਈ ਠਾਕਰ ਸਿੰਘ ਰਾਜੇਵਾਲ, ਸ. ਦਲੀਪ ਸਿੰਘ ਧਾਮੀਆਂ, ਭਾਈ ਪਿਆਰਾ ਸਿੰਘ ਧਾਮੀਆਂ, ਭਾਈ ਸੁੰਦਰ ਸਿੰਘ ਮਖਸੂਸਪੁਰ, ਭਾਈ ਕਰਤਾਰ ਸਿੰਘ ਗੋਂਦਪੁਰ, ਭਾਈ ਬੂਟਾ ਸਿੰਘ ਪੰਡੋਰੀ ਨਿੱਝਰਾਂ ਅਤੇ ਭਾਈ ਹਜ਼ਾਰਾ ਸਿੰਘ ਆਦਿ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਭਾਈ ਮੁਨਸ਼ਾ ਸਿੰਘ ਤੇ ਭਾਈ ਲਾਭ ਸਿੰਘ ਜੱਸੋਵਾਲ ਨੂੰ ੧੪-੧੪ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਬੱਬਰ ਅਕਾਲੀਆਂ ਨੂੰ ੫ ਤੋਂ ੭ ਸਾਲ ਤਕ ਦੀ ਕੈਦ ਦੀ ਸਜ਼ਾ ਸੁਣਾਈ ਗਈ। ਜਦੋਂ ਫੈਸਲੇ ਵਿਰੁੱਧ ਅਪੀਲ ਕੀਤੀ ਗਈ ਤਾਂ ਫ਼ਾਂਸੀ ਦੀ ਸਜ਼ਾ ਪੰਜ ਤੋਂ ਵਧਾ ਕੇ ਛੇ ਨੂੰ ਕਰ ਦਿੱਤੀ ਗਈ। ਇਹ ੬ ਬੱਬਰ ਅਕਾਲੀ ਦੇਸ਼-ਭਗਤ ਸਨ- ਸ. ਕਿਸ਼ਨ ਸਿੰਘ ਗੜ੍ਹਗੱਜ, ਸ. ਸੰਤਾ ਸਿੰਘ, ਸ. ਦਲੀਪ ਸਿੰਘ, ਸ. ਨੰਦ ਸਿੰਘ, ਸ. ਕਰਮ ਸਿੰਘ ਅਤੇ ਸ. ਧਰਮ ਸਿੰਘ। ਇਨ੍ਹਾਂ ਦੀ ਫ਼ਾਂਸੀ ਦੀ ਮੁਆਫੀ ਲਈ ਅਪੀਲ ਕੀਤੀ ਗਈ ਤਾਂ ਪੰਜਾਬ ਦੇ ਰਾਜਪਾਲ ਨੇ ਐਲਾਨ ਕਰ ਦਿੱਤਾ ਕਿ ਇਨ੍ਹਾਂ ਨੂੰ ਅਜੇ ਫ਼ਾਂਸੀ ਨਹੀਂ ਦਿੱਤੀ ਜਾ ਸਕਦੀ। ਇਸ ਐਲਾਨ ਨੂੰ ਅੱਖੋਂ-ਪਰੋਖੇ ਕਰ ਕੇ ੨੭ ਫਰਵਰੀ, ੧੯੨੬ ਈ. ਨੂੰ ਹੋਲੀ ਵਾਲੇ ਦਿਨ ਜਦੋਂ ਸਾਰਾ ਭਾਰਤ ਹੋਲੀ ਖੇਡਣ ਵਿਚ ਵਿਚ ਮਸਤ ਸੀ ਉਸ ਵੇਲੇ ਭਾਰਤ ਦੇ ਸੂਬਾ ਪੰਜਾਬ ਦੀ ਲਾਹੌਰ ਸੈਂਟਰਲ ਜੇਲ੍ਹ ਵਿਚ ੬ ਬੱਬਰ ਅਕਾਲੀ ਦੇਸ਼-ਭਗਤਾਂ ਨੂੰ ਫ਼ਾਂਸੀ 'ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

ਇਸ ਸਮੇਂ ਸ. ਭਗਤ ਸਿੰਘ (ਸ਼ਹੀਦ) ਦੀ ਉਮਰ ੧੮ ਸਾਲ ਦੀ ਸੀ। ਇਸ ਘਟਨਾ ਦਾ ਉਨ੍ਹਾਂ ਦੇ ਮਨ ਉੱਪਰ ਬਹੁਤ ਗਹਿਰਾ ਅਸਰ ਹੋਇਆ। ਉਨ੍ਹਾਂ ਨੇ ੧੫ ਮਾਰਚ, ੧੯੨੬ ਈ. ਦੇ ਅਖ਼ਬਾਰ 'ਪਰਤਾਪ' ਵਿਚ ਆਪਣੇ ਵਿਚਾਰ ਲਿਖ ਕੇ ਦੇਸ਼-ਵਾਸੀਆਂ ਨੂੰ ਹਲੂਣਾ ਦੇਣ ਲਈ ਲਿਖਿਆ:-

"੨੭ ਫਰਵਰੀ, ੧੯੨੬ ਦੇ (ਹੋਲੀ ਵਾਲੇ) ਦਿਨ ਜਦੋਂ ਅਸੀਂ ਖੇਡਣ-ਮੱਲ੍ਹਣ ਵਿਚ ਰੁੱਝੇ ਹੋਏ ਸਾਂ ਉਸ ਵੇਲੇ ਇਸ ਵਿਸ਼ਾਲ ਸੂਬੇ ਦੇ ਇਕ ਕੋਨੇ ਵਿਚ ਵਿਸ਼ਾਲ ਕਾਂਡ ਕੀਤਾ ਜਾ ਰਿਹਾ ਸੀ। ਸੁਣੋਗੇ ਤਾਂ ਡਰ ਜਾਓਗੇ! ਕੰਬ ਉਠੋਗੇ!! ਲਾਹੌਰ ਸੈਂਟਰਲ ਜੇਲ੍ਹ ਵਿਚ ਠੀਕ ਉਸ ਸਮੇਂ ੬ ਬੱਬਰ ਅਕਾਲੀਆਂ ਨੂੰ ਫ਼ਾਂਸੀ 'ਤੇ ਲਟਕਾ ਦਿੱਤਾ ਗਿਆ...। ਇਹ ਨਿਡਰ ਦੇਸ਼-ਭਗਤ ਸਨ। ਇਨ੍ਹਾਂ ਨੇ ਜੋ ਕੁਝ ਵੀ ਕੀਤਾ ਸੀ ਇਸ ਅਭਾਗੇ ਦੇਸ਼ ਲਈ ਹੀ ਤਾਂ ਕੀਤਾ ਸੀ। ਉਹ ਅਨਿਆਂ ਨਾ ਸਹਾਰ ਸਕੇ, ਨਿਰਬਲਾਂ ਉੱਤੇ ਕੀਤੇ ਜਾਣ ਵਾਲੇ ਜ਼ੁਲਮ ਉਨ੍ਹਾਂ ਲਈ ਅਸਹਿ ਹੋ ਗਏ। ਆਮ ਜਨਤਾ ਦੀ ਲੁੱਟ-ਖਸੁੱਟ ਉਨ੍ਹਾਂ ਕੋਲੋਂ ਸਹਾਰੀ ਨਾ ਗਈ। ਉਨ੍ਹਾਂ ਨੇ ਲਲਕਾਰਿਆ ਤੇ ਕੁੱਦ ਪਏ ਕਰਮ-ਖੇਤਰ ਵਿਚ। ਉਹ ਸਜੀਵ ਸਨ, ਸੁਹਿਰਦ ਸਨ। ਕਰਮ ਖੇਤਰ ਵਿਚ ਜੂਝਣ ਵਾਲੇ...।" ■

# ਆਦਰਸ਼ਕ ਜੀਵਨ-ਜਾਚ ਦਾ ਸੋਮਾ: ਸਿੱਖ ਧਰਮ

*-ਡਾ. ਗੁਰਵਿੰਦਰ ਕੌਰ**

**ਸਿੱਖ ਧਰਮ:** ਸਿੱਖ ਧਰਮ ਵਿਸ਼ਵ ਧਰਮਾਂ ਦੀ ਇਤਿਹਾਸਿਕ ਲੜੀ ਵਿਚ ਬਹੁਤ ਹੀ ਪਿੱਛੋਂ ਪ੍ਰਕਾਸ਼ਿਤ ਹੋਇਆ ਨਵ-ਸਿਰਜਿਤ, ਨਵ-ਨਿਰਮਾਣਿਤ, ਅਤਿ-ਆਧੁਨਿਕ, ਗੁਣ-ਤੰਤਰਿਕ ਤੇ ਵਿਗਿਆਨਿਕ ਧਰਮ ਹੈ, ਜਿਸ ਦੇ ਕਿਸੇ ਵੀ ਸਿਧਾਂਤ ਨੂੰ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਰੱਦ ਕਰਨਾ ਸੰਭਵ ਨਹੀਂ ਹੈ। ਵਿਦਵਾਨਾਂ ਦੁਆਰਾ 'ਧਰਮ' ਸੰਬੰਧੀ ਦਿੱਤੀਆਂ ਪਰਿਭਾਸ਼ਾਵਾਂ 'ਤੇ ਸਿੱਖ ਧਰਮ ਪੂਰਾ ਉੱਤਰਦਾ ਹੈ। "ਇਸ ਵਿਲੱਖਣ ਤੇ ਨਵੀਨ ਮਾਰਗ ਦਾ ਪ੍ਰਕਾਸ਼ਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਵੇਂਈਂ ਨਦੀ ਦੇ ਪ੍ਰਵੇਸ਼ ਤੋਂ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਜੋ ਸੱਚ ਦਾ ਗਿਆਨ ਤੇ ਅਨੁਭਵ ਹੋਇਆ, ਉਸ ਤੋਂ ਸਿੱਖ ਧਰਮ ਦੀ ਉਤਪਤੀ ਹੋਈ। ਇਸ ਧਰਮ ਨੂੰ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਉੱਤਰ-ਅਧਿਕਾਰੀ ਨੌਂ ਗੁਰੂ ਸਾਹਿਬਾਨ ਨੇ ਆਪਣੇ ਨਵੇਂ ਨਰੋਏ ਤੇ ਅਨੂਠੇ ਆਤਮਿਕ ਤਜਰਬਿਆਂ ਤੇ ਯਥਾਰਥ ਸਮਾਜਿਕ ਚੇਤੰਨਤਾ ਦੀ ਰੋਸ਼ਨੀ ਵਿਚ, ਸਮੁੱਚੀ ਮਾਨਵ ਜਾਤੀ ਦੀਆਂ ਆਤਮਿਕ, ਭਾਈਚਾਰਕ ਤੇ ਰਾਜਨੀਤਕ ਸਮੱਸਿਆਵਾਂ ਨੂੰ ਮੁੱਖ ਰੱਖ ਕੇ ਸਥਾਪਿਤ ਕੀਤਾ।"[੧] ਭਾਰਤ ਦੇ ਮੱਧਕਾਲੀਨ ਹਨੇਰੇ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ 'ਧਰਮ' ਦੀ ਮਿਸਾਲ ਲੈ ਕੇ ਪ੍ਰਗਟ ਹੋਏ। ਹਰ ਮਨੁੱਖ ਨੂੰ ਭਾਵੇਂ ਉਹ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਸੀ, ਉਸ ਨੂੰ ਉਸ ਦੇ ਧਰਮ ਦੀ ਅਸਲੀਅਤ ਦਾ ਅਹਿਸਾਸ ਕਰਵਾਇਆ ਅਤੇ ਹਰ ਧਰਮ ਦੀ ਮਨੁੱਖੀ ਸਾਂਝ ਦੇ ਆਧਾਰ ਉੱਤੇ ਗੁਰੂ ਸਾਹਿਬ ਨੇ ਸਰਬ-ਸਾਂਝੇ ਧਰਮ ਦੀ ਸਥਾਪਨਾ ਕੀਤੀ।

'ਮਹਾਨ ਕੋਸ਼' ਵਿਚ ਦਿੱਤੀ 'ਸਿੱਖ ਧਰਮ' ਦੀ ਪਰਿਭਾਸ਼ਾ ਅਨੁਸਾਰ, "ਮਨੁੱਖ ਜੀਵਨ ਦੇ ਮਨੋਰਥ ਦੀ ਸਿੱਧੀ ਲਈ ਜੋ ਮਹਾਂਪੁਰਸ਼ਾਂ ਨੇ ਰਸਤਾ ਦੱਸਿਆ ਹੈ, ਉਸ ਨੂੰ ਧਰਮ ਕਹਿੰਦੇ ਹਨ (ਇਸੇ ਲਈ ਧਰਮ ਅਥਵਾ ਮਜ਼ਹਬ ਦਾ ਨਾਉਂ ਪੰਥ ਹੋਇਆ ਹੈ)। ਧਰਮ ਦੇ ਅਨੇਕ ਰਸਤਿਆਂ ਵਿੱਚੋਂ ਇਕ ਸ਼ਿਰੋਮਣੀ ਰਸਤਾ ਉਹ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਦਸ ਗੁਰੂਆਂ ਨੇ ਦੱਸਿਆ ਹੈ, ਇਸ ਦਾ ਨਾਉਂ 'ਸਿੱਖ ਧਰਮ' ਹੈ।"[੨] ਦਸਮ ਗ੍ਰੰਥ ਵਿੱਚੋਂ ਇਸ ਗੱਲ ਦੀ ਗਵਾਹੀ ਮਿਲ ਜਾਂਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਲਿਯੁਗ ਵਿਚ ਸਿੱਖ ਧਰਮ ਚਲਾਇਆ, ਜਿਸ ਦਾ ਪ੍ਰਚਾਰ ਨੌਂ ਸਿੱਖ ਗੁਰੂ ਸਾਹਿਬਾਨ, ਜਿਨ੍ਹਾਂ ਵਿਚ ਇੱਕੋ ਨਾਨਕ ਜੋਤਿ ਬਿਰਾਜਮਾਨ ਸੀ, ਦੁਆਰਾ ਕੀਤਾ ਗਿਆ:

*ਤਿਨ ਇਹ ਕਲ ਮੋ ਧਰਮੁ ਚਲਾਯੋ॥ ਸਭ ਸਾਧਨ ਕੋ ਰਾਹੁ ਬਤਾਯੋ॥ . . .*
*ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰ ਇਹ ਜਗ ਮੋ ਕਰਾ॥*

**ਪਿੰਡ ਤੇ ਡਾਕਖਾਨਾ: ਸੂਲਰ, ਪਟਿਆਲਾ। ਮੋ: +੯੧੯੮੧੪੫-੩੮੨੮੮*

*ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥*

*(ਬਚਿਤ੍ਰ ਨਾਟਕ)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਧਰਮ' ਚਲਾਉਣ ਲਈ ਜੋ ਸਿੱਖ ਸੰਗਤ ਕਾਇਮ ਕੀਤੀ ਸੀ ਅਤੇ ਜਿਸ ਨੂੰ ਬਾਕੀ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ, ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸੰਪੂਰਨਤਾ ਬਖਸ਼ੀ ਤੇ ਖਾਲਸਾ ਪੰਥ ਦੇ ਰੂਪ ਵਿਚ ਪ੍ਰਗਟ ਕਰ ਦਿੱਤਾ। ਭਾਈ ਵੀਰ ਸਿੰਘ ਨੇ ਸਿੱਖ ਧਰਮ ਨੂੰ *'ਨਿਜ ਅਸਲਾ ਮੂਲਕ'* (Original), ਇਕ ਅਸਲੀਅਤ ਵਾਲਾ ਸਤਯ ਧਰਮ ਆਖਿਆ ਹੈ। ਭਾਵੇਂ ਇਸ ਦੀਆਂ ਜੜ੍ਹਾਂ ਭਾਰਤੀ ਹਨ ਪਰ ਇਸ ਦੀ ਸੁਤੰਤਰਤਾ ਤੇ ਮੌਲਿਕਤਾ ਬਾਰੇ ਸ਼ੰਕਾ ਨਹੀਂ ਕੀਤੀ ਜਾ ਸਕਦੀ।[੩] ਪੱਛਮੀ ਵਿਦਵਾਨਾਂ- ਡੰਕਨ ਗ੍ਰੀਨਲੀਸ, ਮਿਸ ਡੋਰੋਥੀ ਫੀਲਡ ਤੇ ਮੈਕਾਲਿਫ ਨੇ ਵੀ ਸਿੱਖ ਧਰਮ ਦੀ ਵਿਲੱਖਣਤਾ ਨੂੰ ਮੰਨਿਆ ਹੈ।[੪] ਧਰਮ ਦੇ ਪ੍ਰਸੰਗ ਵਿਚ ਸਿੱਖ ਧਰਮ ਆਪਣੇ ਅੰਤਿਮ ਰੂਪ ਵਿਚ ਨਿਆਰਾ ਹੈ ਤੇ ਧਾਰਮਿਕ ਗਿਆਨ ਦੇ ਵਿਕਾਸ ਵਿਚ ਇਕ ਵਿਸ਼ੇਸ਼ ਦਰਜਾ ਰੱਖਦਾ ਹੈ। ਇਸੇ ਲਈ ਭਾਈ ਗੁਰਦਾਸ ਜੀ (ਦੂਜਾ) ਨੇ ਸਿੱਖ ਧਰਮ ਨੂੰ ਨਵਾਂ ਮੋੜ ਮੰਨਦਿਆਂ ਹੋਇਆਂ 'ਤੀਸਰ ਪੰਥ' ਦੀ ਸੰਗਿਆ ਵੀ ਦਿੱਤੀ ਹੈ:

*ਇਉਂ ਦੋਨੋ ਫਿਰਕੇ ਕਪਟ ਮੋਂ ਰਚ ਰਹੇ ਨਿਦਾਨਾ।*
*ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ॥* *(ਵਾਰ, ੪੧:੧੬)*

ਇਹ 'ਤੀਸਰ ਪੰਥ' ਸਿੱਖੀ ਮਾਰਗ ਹੈ, ਜਿਸ ਨੂੰ ਭਾਈ ਗੁਰਦਾਸ ਜੀ ਨੇ *ਗੁਰਮੁਖਿ ਗਾਡੀ ਰਾਹੁ ਚਲਾਇਆ* ਕਿਹਾ ਹੈ। ਇਹ ਗੁਰੂ ਦੁਆਰਾ ਦਿਖਾਇਆ ਹੋਇਆ ਮਾਰਗ ਹੋਣ ਕਰਕੇ ਗੁਰਮਤਿ ਮਾਰਗ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਗੁਰਮਤਿ ਮਨੁੱਖ ਦੇ ਚੱਲਣ ਲਈ ਆਦਰਸ਼ਕ ਤੇ ਸਰਬੋਤਮ ਮਾਰਗ ਹੈ। ਡਾ. ਤਾਰਨ ਸਿੰਘ ਦੇ ਸ਼ਬਦਾਂ ਵਿਚ, "ਇਹ ਚਾਨਣ ਦਾ, ਦੈਵੀ ਰੋਸ਼ਨੀ ਦਾ ਮਾਰਗ ਹੈ, ਜਿਸ ਉੱਤੇ ਗੁਰੂ ਸਾਹਿਬਾਨ ਪਹਿਲਾਂ ਆਪ ਤੁਰੇ ਹਨ।"[੫] ਇਸ ਮਾਰਗ ਨੂੰ 'ਨਾਮ ਮਾਰਗ', 'ਸ਼ਬਦ ਮਾਰਗ', 'ਸਹਿਜ ਮਾਰਗ', 'ਹੁਕਮ ਰਜਾਈ ਮਾਰਗ', 'ਨਿਰਮਲ ਪੰਥ' ਅਤੇ ਵਿਸ਼ੇਸ਼ ਤੌਰ 'ਤੇ 'ਸਿੱਖੀ ਮਾਰਗ' ਆਖਿਆ ਗਿਆ ਹੈ। ਸਿੱਖ ਧਰਮ ਦਾ ਆਦਰਸ਼ ਸਿੱਖੀ ਹੈ। ਭਾਈ ਜੋਧ ਸਿੰਘ ਅਨੁਸਾਰ ਸਿਖਿਜ਼ਮ ਦਾ ਵਿਆਕਰਣਕ ਅਰਥ ਹੀ 'ਸਿੱਖੀ ਦਾ ਮਾਰਗ' ਹੈ।[੬] ਭਾਈ ਵੀਰ ਸਿੰਘ ਗੁਰਮਤ ਨਿਰਣਯ ਦੇ ਮੁੱਖ ਬੰਦ ਵਿਚ ਲਿਖਦੇ ਹਨ, "ਸਿੱਖੀ ਇੱਕ ਆਤਮਕ ਜੀਵਨ ਹੈ ਜੋ ਗੁਰੂ ਸਾਹਿਬਾਨ ਜੀ ਦੇ ਆਤਮਕ ਤਜਰਬੇ ਦੀ ਨੀਂਹ ਹੈ ਅਤੇ ਇਸ ਦੀ ਸਚਿਆਈ ਉਸ ਪਰ ਹੀ ਪੂਰੀ ਤਰ੍ਹਾਂ ਖੁਲ੍ਹਦੀ ਹੈ ਜੋ ਇਸ ਜੀਵਨ ਨੂੰ ਧਾਰਨ ਕਰੇ ਇਸ ਪਰ ਟੁਰੇ।" ਜਿਹੜਾ ਸਿੱਖ ਗੁਰੂ ਦੀ ਸਿੱਖਿਆ ਅਨੁਸਾਰ ਤੁਰਦਾ ਹੈ ਅਤੇ ਆਪਣੇ ਜੀਵਨ ਨੂੰ ਗੁਰੂ ਦੀ ਮਤਿ ਅਨੁਸਾਰ ਢਾਲਦਾ ਹੈ, ਆਤਮਿਕ ਉਨਤੀ ਦੀ ਉਹੀ ਅਵਸਥਾ ਹਾਸਲ ਕਰ ਸਕਦਾ ਹੈ ਜਿਹੜੀ ਗੁਰੂ ਨੂੰ ਪ੍ਰਾਪਤ ਹੈ। ਉਸ ਨੂੰ ਗੁਰੂ ਵਰਗੇ ਆਤਮਿਕ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ ਕਿਉਂਕਿ ਉਸ ਵਿਚ ਤੇ ਗੁਰੂ ਵਿਚ ਕੋਈ ਭੇਦ ਨਹੀਂ ਰਹਿ ਜਾਵੇਗਾ। ਇਸ ਦੀ ਮਿਸਾਲ ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਬਾਕੀ ਗੁਰੂ ਸਾਹਿਬਾਨ ਦੇ ਰੂਪ ਵਿਚ ਕਾਇਮ ਹੈ, ਜਿਹੜੇ ਗੁਰੂ ਦੇ

ਸਿੱਖ ਹੋ ਕੇ ਉਸ ਆਤਮਿਕ ਬੁਲੰਦੀ ਤੇ ਪਹੁੰਚੇ ਜਿੱਥੇ ਉਨ੍ਹਾਂ ਨੂੰ ਗੁਰੂ ਪਦ ਦੀ ਪ੍ਰਾਪਤੀ ਹੋ ਗਈ। ਇਸ ਤਰ੍ਹਾਂ ਗੁਰੂ ਤੇ ਸਿੱਖ ਦਾ ਅੰਤਰ ਮਿਟ ਗਿਆ। ਇਹ ਅਗਵਾਈ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ ਵਿਚ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਉਣ ਤੋਂ ਪਹਿਲਾਂ ਇੱਥੇ ਕਈ ਧਰਮ ਸਨ। ਉਸ ਵੇਲੇ 'ਕਰਮ-ਕਾਂਡ', 'ਧਾਰਮਿਕ ਰਸਮਾਂ' ਤੇ 'ਸ਼ਰ੍ਹਾ' ਵਿਚ ਬੱਝੇ ਰਹਿਣਾ ਹੀ 'ਧਰਮ' ਸਮਝਿਆ ਜਾਂਦਾ ਸੀ। "ਧਰਮ ਧਰਮ ਦਾ ਟਾਕਰਾ ਕਰ ਰਿਹਾ ਸੀ। ਇਸ ਹਾਲਤ ਨੂੰ ਵੇਖ ਕੇ ਗੁਰੂ ਜੀ ਨੇ 'ਸਿੱਖ ਧਰਮ' ਦੀ ਨੀਂਹ ਰੱਖੀ ਤੇ ਆਖਿਆ ਕਿ ਕਿਸੇ ਫ਼ਿਲਾਸਫ਼ੀ ਨੂੰ ਘੋਖਣ ਦਾ ਨਾਮ ਸਿੱਖ ਧਰਮ ਨਹੀਂ ਅਤੇ ਨਾ ਹੀ ਇਹ ਅਸੂਲਾਂ ਦਾ ਪਲੰਦਾ ਹੈ। ਨਾ ਇਹ ਧਰਮ ਉਪਦੇਸ਼ ਦਿੰਦਾ ਹੈ ਕਿ 'ਜਗਤ ਮਿਥਿਆ' ਹੈ ਅਤੇ ਇਸ ਨੂੰ ਛੱਡ ਜਾਉ, ਨਾ ਹੀ ਇਹ ਧਰਮ ਕਿਸੇ 'ਅਗਾਂਹ' ਦੀ ਆਸ ਉੱਤੇ ਇਸ 'ਰਤਨ-ਰੂਪੀ' 'ਸਰੀਰ' ਨੂੰ ਜਾਇਆ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਨਾ ਹੀ ਐਸ਼-ਇਸ਼ਰਤ, ਧਨ, ਇਸਤਰੀ, ਆਦਿਕ ਵਿਚ ਖੱਚਤ ਹੋਣਾ ਜੀਵਨ ਦਾ ਮਨੋਰਥ ਸਮਝਦਾ ਹੈ। ਸਿੱਖ ਧਰਮ 'ਮਾਇਆ ਵਿਚ ਉਦਾਸੀ' ਹੈ ਅਤੇ 'ਰਾਜ ਵਿਚ ਜੋਗ' ਕਮਾਉਣ ਦਾ ਨਾਮ ਹੈ। ਇਹ ਧਰਮ ਵਰਤੋਂ ਸਿਖਾਉਂਦਾ ਹੈ, ਇਹ ਦੱਸਦਾ ਹੈ ਕਿ ਅਸਾਂ ਸੰਸਾਰ ਵਿਚ ਚੰਗੀ ਤਰ੍ਹਾਂ ਰਹਿੰਦੇ ਹੋਏ ਉਸ 'ਕੂੜ ਦੀ ਪਾਲਿ' ਨੂੰ ਕਿਵੇਂ ਤੋੜਨਾ ਹੈ ਅਤੇ ਪਰਮਾਤਮਾ ਨੂੰ ਕਿਵੇਂ ਮਿਲਣਾ ਹੈ। ਇਹ ਕਹਿੰਦਾ ਹੈ ਕਿ ਬਦੀਆਂ ਦਾ ਟਾਕਰਾ ਕਰ ਕੇ ਕਾਮਯਾਬ ਕਿਵੇਂ ਹੋਣਾ ਹੈ।"[੭] "ਸਿੱਖ ਧਰਮ ਕੁਝ ਰਸਮਾਂ ਦੀ ਪੂਰਤੀ ਦਾ ਨਾਂ ਨਹੀਂ ਇਹ ਤਾਂ ਅਮਲ ਦੇ ਖੇਤਰ ਦਾ ਨਾਂ ਹੈ।"[੮] ਗੁਰੂ ਸਾਹਿਬ ਨੇ ਮਨੁੱਖਤਾ ਨੂੰ ਅਜਿਹਾ ਧਰਮ ਦਿੱਤਾ ਜਿਸਦੀ ਲੋੜ ਆਮ ਮਨੁੱਖ ਸਦੀਆਂ ਤੋਂ ਮਹਿਸੂਸ ਕਰ ਰਿਹਾ ਸੀ। "ਗੁਰੂ ਜੀ ਨੇ 'ਧਰਮ' ਨੂੰ ਗੰਭੀਰ ਅਤੇ ਅਸਲੀ ਰੂਪ ਵਿਚ ਲਿਆ ਅਤੇ ਇਸ ਨੂੰ ਫਿਰ ਆਮ ਮਨੁੱਖ ਲਈ ਅਰਥ-ਭਰਪੂਰ ਅਤੇ ਉਨ੍ਹਾਂ ਦੇ ਮਤਲਬ ਦਾ ਬਣਾ ਦਿੱਤਾ। ਸਮਸਤ ਜੀਵਨ ਨੂੰ ਧਾਰਮਿਕ ਤੌਰ 'ਤੇ ਸਮਝਣ ਦੀ ਕੋਸ਼ਿਸ਼ ਕੀਤੀ।"[੯]

ਗੁਰੂ ਸਾਹਿਬਾਨ ਨੇ ਜੋ 'ਧਰਮ' ਦਾ ਸੰਕਲਪ ਦਿੱਤਾ, ਕਿਸੇ ਦਰਸ਼ਨ ਜਾਂ ਤਰਕ ਦਾ ਸਿੱਟਾ ਨਹੀਂ, ਉਹ ਤਾਂ ਸੱਚ ਦਾ ਗਿਆਨ ਹੈ। ਇਸ ਦੀ ਪ੍ਰਾਪਤੀ ਅਨੁਭਵ ਰਾਹੀਂ ਹੋਣੀ ਹੈ ਅਤੇ ਇਸ ਦਾ ਸਿੱਧਾ ਪ੍ਰਕਾਸ਼ ਗੁਰੂ ਦੁਆਰਾ ਹੋਣਾ ਹੈ। ਡਾ. ਤਾਰਨ ਸਿੰਘ ਅਨੁਸਾਰ, "ਆਪ ਕਿਸੇ ਮਿਥੇ ਹੋਏ ਰੂਪ ਵਿਚ, ਕਿਸੇ ਦਰਸ਼ਨ ਸ਼ਾਸਤ੍ਰ ਦਾ ਨਿਰਮਾਣ ਨਹੀਂ ਸਨ ਕਰ ਰਹੇ ਅਤੇ ਨਾ ਹੀ ਆਪ ਸਿੱਧੇ ਤੌਰ 'ਤੇ ਰਾਜਸੀ ਇਨਕਲਾਬੀ ਸਨ ਜਾਂ ਸੁਧਾਰਕ, ਪਰ ਜਿਵੇਂ ਸੰਸਾਰ ਵਿਚ ਸਦਾ ਹੀ ਹੁੰਦਾ ਰਿਹਾ ਹੈ ਕਿ ਸਾਰੇ ਭਗਤ ਸੁਤੇ ਸਿੱਧ ਹੀ ਕੋਈ ਦਰਸ਼ਨ-ਫ਼ਲਸਫ਼ਾ ਵੀ ਦਿੰਦੇ ਰਹੇ ਹਨ, ਤਿਵੇਂ ਗੁਰੂ ਜੀ ਨੇ ਵੀ ਕੀਤਾ।"[੧੦] ਆਪ ਦਾ ਮੂਲ ਮੰਤਵ ਬਿਬੇਕ ਬੁੱਧੀ ਦੁਆਰਾ ਪ੍ਰਾਪਤ ਗਿਆਨ ਅਤੇ ਵਿਚਾਰਾਂ 'ਤੇ ਆਧਾਰਿਤ ਇਕ ਜੀਵਨ-ਜਾਚ ਸਿਖਾਉਣਾ ਸੀ। ਅਸਲ ਵਿਚ, ਸਿੱਖ ਧਰਮ ਇਕ ਆਦਰਸ਼ ਅਨੁਸਾਰ ਜੀਵਨ ਜਿਊਣ ਦੀ ਵਿਧੀ ਹੈ। ਡਾ. ਗੋਪਾਲ ਸਿੰਘ ਦੀ ਧਾਰਨਾ ਹੈ ਕਿ ਸਿੱਖ ਧਰਮ ਨੂੰ ਦਾਰਸ਼ਨਿਕ ਪ੍ਰਣਾਲੀ ਵਜੋਂ ਨਹੀਂ, ਸਗੋਂ ਜੀਵਨ ਜੁਗਤੀ ਦੇ ਤੌਰ 'ਤੇ ਤੱਤ ਗਿਆਨ ਦੀ ਥਾਂ ਦੈਵੀ ਗਿਆਨ ਦਾ ਮਾਰਗ ਸਮਝਿਆ ਜਾ ਸਕਦਾ ਹੈ।[੧੧] ਇਹ

ਦਾਰਸ਼ਨਿਕ ਤਰਕਸ਼ੀਲਤਾ ਦੀ ਥਾਂ ਜੀਵਨ ਅਤੇ ਤਜਰਬੇ 'ਤੇ ਜ਼ੋਰ ਦਿੰਦਾ ਹੈ। ਸਿੱਖੀ ਦਾ ਮਾਰਗ ਗੁਰਮਤਿ ਮਾਰਗ ਤੇ ਗਾਡੀ ਰਾਹ ਹੈ। "ਸਿੱਖ ਧਰਮ ਇਕ ਕ੍ਰਿਆਤਮਕ ਧਰਮ ਹੈ, ਜਿਸ ਨੂੰ ਜੀਵਨ ਵਿਚ ਸਰਲਤਾ ਨਾਲ ਪ੍ਰਯੋਗ ਵਿਚ ਲਿਆਂਦਾ ਜਾ ਸਕਦਾ ਹੈ। ਇਸ ਧਰਮ ਨੂੰ ਮਨੁੱਖੀ ਜੀਵਨ ਦੇ ਅਧਿਕਤਮ ਲਾਭ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਇਹ ਸਾਰੇ ਸੰਸਾਰ ਵਿਚ ਲੱਗਭਗ ਇਕ ਨਿਵੇਕਲਾ ਧਰਮ ਹੈ।"[੧੨] ਸਿੱਖ ਧਰਮ ਮਨੁੱਖਾਂ ਨੂੰ ਗੁੰਝਲ-ਰਹਿਤ ਸਿੱਧੇ-ਸਾਦੇ ਜੀਵਨ ਨੂੰ ਅਪਣਾਉਣ ਦੀ ਸੇਧ ਦਿੰਦਾ ਹੈ। ਇਹ ਨਾਮ, ਦਾਨ, ਇਸ਼ਨਾਨ ਦਾ ਰਾਹ, ਧਰਮ ਦੀ ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ਦਾ ਮਾਰਗ ਅਤੇ ਰੱਬ ਨੂੰ ਅੰਦਰ ਵਸਾਉਣ ਤੇ ਵਿਸਮਾਦਿਤ ਹੋ ਆਨੰਦ ਮਾਣਨ ਦਾ ਸਾਧਨ ਹੈ। ਇਸ ਮਾਰਗ 'ਤੇ ਚੱਲਣ ਵਾਲੇ ਪ੍ਰਭੂ ਦੇ ਗੁਣ ਉਚਾਰ ਕੇ ਗੁਣਾਂ ਦੇ ਮਾਲਕ ਪ੍ਰਭੂ ਵਿਚ ਸਮਾਏ ਰਹਿੰਦੇ ਹਨ। ਗੁਰ ਫੁਰਮਾਨ ਹੈ:

*ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ॥ (ਪੰਨਾ ੧੨੨)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਿਸ ਨਿਰਮਲ ਪੰਥ ਦੀ ਨੀਂਹ ਰੱਖੀ ਅਤੇ ਇਸ ਨੂੰ ਅਮਲੀ ਜਾਮਾ ਪੁਆ ਕੇ ਤੋਰਿਆ, ਉਹ ਕਿਸੇ ਖੁਸ਼ਕ ਫ਼ਲਸਫ਼ੇ ਦੀ ਬਿਨਾ ਤੇ ਕੇਵਲ ਸੋਚਾਂ ਵਿਚਾਰਾਂ ਦਾ ਇਕ ਗੋਰਖ-ਧੰਦਾ, ਖਿਆਲ-ਉਡਾਰੀ ਵਾਲੇ ਦਿਮਾਗਾਂ ਦਾ ਸਿੱਟਾ ਨਹੀਂ ਸੀ, ਬਲਕਿ ਇਕ ਜੀਵਨ ਦੇ ਸੋਮੇ ਤੋਂ ਫੁੱਟਿਆ ਅਮਲੀ ਤੇ ਜੀਵਨ ਲਹਿਰ ਤੇ ਰੰਗ ਰਸ ਨਾਲ ਥਰਕਦਾ, ਗੇੜੇ ਮਾਰਦਾ, ਉਮਡਦਾ ਤੇ ਉਛਲਦਾ ਕਰਤਵ ਸੀ, ਇਸ ਦਾ ਮੁੱਦਾ ਤੇ ਅਸਰ ਅਮਲੀ ਤੇ ਆਦਰਸ਼ 'ਇਨਸਾਨ' ਪੈਦਾ ਕਰਨਾ ਸੀ।"[੧੩]

ਗੁਰੂ ਸਾਹਿਬਾਨ ਦਾ ਉਦੇਸ਼ ਕੋਈ ਫ਼ਿਰਕਾ ਬਣਾਉਣਾ ਨਹੀਂ ਸੀ, ਸਗੋਂ ਇਕ ਆਦਰਸ਼ਕ ਮਨੁੱਖ ਦੀ ਸਿਰਜਣਾ ਕਰਨੀ ਸੀ। ਉਹ ਮਨੁੱਖ ਦੇ ਮਨ ਦੀ ਇਕ ਖਾਸ ਅਵਸਥਾ ਪੈਦਾ ਕਰਨਾ ਚਾਹੁੰਦੇ ਸਨ, ਫ਼ਿਰਕਾ ਭਾਵੇਂ ਉਸ ਦਾ ਕੋਈ ਵੀ ਹੋਵੇ- ਬੇਸ਼ਕ ਉਹ ਹਿੰਦੂ, ਬੋਧੀ, ਜੈਨੀ, ਇਸਾਈ ਜਾਂ ਮੁਸਲਮਾਨ ਹੋਵੇ; ਕੰਮ ਭਾਵੇਂ ਉਹ ਕੋਈ ਕਰਦਾ ਹੋਵੇ- ਹਾਲੀ, ਦੁਕਾਨਦਾਰ, ਵਪਾਰੀ, ਸੈਨਿਕ, ਵਜ਼ੀਰ, ਬਾਦਸ਼ਾਹ ਜਾਂ ਨੌਕਰ ਹੋਵੇ। ਉਸ ਵਿਚ ਇਕ ਵਿਸ਼ੇਸ਼ ਸਦਾਚਾਰਕ ਦਸ਼ਾ ਜਾਂ ਮਨੁੱਖਤਾ ਵੇਖਣਾ ਚਾਹੁੰਦੇ ਸਨ। ਇਕ ਸਦਾਚਾਰਕ ਮਿਆਰ ਮਨੁੱਖਤਾ ਦਾ ਆਦਰਸ਼ ਹੈ। ਇਹੋ ਹੀ ਸਿੱਖ ਦਾ ਆਦਰਸ਼ ਹੈ। ਸਿੱਖੀ ਦੇ ਆਦਰਸ਼ਕ ਆਚਰਣਕ ਪੱਖ ਨੂੰ ਦਿਮਾਗੀ ਤੌਰ 'ਤੇ ਸਮਝਣਾ ਕੋਈ ਬਹੁਤੀ ਔਖੀ ਗੱਲ ਨਹੀ। ਦਇਆ, ਸੰਤੋਖ, ਜਤ-ਸਤ, ਧਰਮ, ਆਦਿ ਗੁਣ ਸਿੱਖ ਸਦਾਚਾਰ ਦੇ ਥੰਮ੍ਹ ਹਨ ਤੇ ਲੋਭ, ਕ੍ਰੋਧ, ਹੰਕਾਰ, ਆਦਿ ਸਧਾਰਨ ਔਗੁਣ ਹੀ ਸਿੱਖ ਲਈ ਵਰਜਿਤ ਹਨ। ਸਿੱਖ ਉਦੋਂ ਹੀ ਖ਼ਾਲਸਾ ਬਣਦਾ ਹੈ ਜਦੋਂ ਉਸ ਅੰਦਰ 'ਬ੍ਰਹਮ ਗਿਆਨੀ' ਦੀ ਵਿਸ਼ਾਲਤਾ, ਸੁਹਿਰਦਤਾ, ਸਮ-ਦ੍ਰਿਸ਼ਟਤਾ, ਧੀਰਜ ਤੇ ਪਰਉਪਕਾਰ ਪ੍ਰਵੇਸ਼ ਕਰਦੇ ਹਨ ਅਤੇ ਜਦੋਂ ਸੱਚੇ ਦਿਲੋਂ ਉਹ ਸਰਬੱਤ ਦੇ ਭਲੇ ਲਈ ਅਰਦਾਸ ਕਰਦਾ ਹੈ। ਸੱਚ ਤਾਂ ਇਹ ਹੈ ਕਿ ਸਿੱਖੀ ਇਕ ਸਦਾਚਾਰਕ ਦਸ਼ਾ ਦਾ ਨਾਂ ਹੈ।

ਸਿੱਖ ਧਰਮ ਦੀ ਬਾਕੀ ਧਰਮ-ਚਿੰਤਨਾਂ ਨਾਲੋਂ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਹ ਸੰਸਾਰ ਦਾ ਤਿਆਗ ਕਰਨ ਦੀ ਪ੍ਰੇਰਨਾ ਨਹੀਂ ਦਿੰਦਾ, ਸਗੋਂ ਗ੍ਰਿਹਸਥ ਨੂੰ

ਪਰਧਾਨ ਮੰਨਦਾ ਹੈ। ਇਸ ਲਈ ਇਹ ਇਕ ਅਜਿਹਾ ਮਾਰਗ ਦਰਸਾਉਂਦਾ ਹੈ ਜਿਸ ਤੇ ਚੱਲ ਕੇ ਜਗਿਆਸੂ ਇਸ ਸੰਸਾਰ ਵਿਚ ਵਿਚਰਦਿਆਂ ਹੋਇਆਂ ਵੀ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰ ਸਕਦਾ ਹੈ। ਸਿੱਖ ਧਰਮ-ਚਿੰਤਨ ਅਨੁਸਾਰ ਮਨੁੱਖ ਦੇ ਸਾਹਮਣੇ ਜੋ ਆਦਰਸ਼ ਰੱਖਿਆ ਗਿਆ ਹੈ ਉਹ 'ਸਚਿਆਰ' ਪਦ ਦੀ ਪ੍ਰਾਪਤੀ ਹੈ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਪੁਜੀ ਸਾਹਿਬ ਵਿਚ ਦੱਸ ਦਿੱਤਾ ਹੈ ਅਤੇ ਮਨੁੱਖ ਦੇ ਸਾਹਮਣੇ ਪਹਿਲਾ ਪ੍ਰਸ਼ਨ ਹੀ ਇਹ ਰੱਖਿਆ ਹੈ:

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥* *(ਪੰਨਾ ੧)*

'ਸਚਿਆਰ' ਪਦ ਉਸ ਪਰਮ ਸਤਿ ਦਾ ਅਨੁਭਵ ਹੈ, ਜਿਸ ਨੂੰ ਗੁਰਬਾਣੀ ਵਿਚ ਬ੍ਰਹਮ ਗਿਆਨੀ ਜਾਂ ਗੁਰਮੁਖ ਵੀ ਕਿਹਾ ਹੈ। ਇਸ ਸਤਿ ਦੇ ਅਨੁਭਵ ਦਾ 'ਸਚਿਆਰ' ਦੇ ਅਮਲੀ ਜੀਵਨ ਵਿਚ ਪਰਗਟ ਹੋਣਾ ਲਾਜ਼ਮੀ ਹੈ। ਇਸੇ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਫੁਰਮਾਇਆ ਹੈ:

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥* *(ਪੰਨਾ ੬੨)*

ਭਾਈ ਜੋਧ ਸਿੰਘ ਅਨੁਸਾਰ 'ਧਰਮ' ਜੀਵਨ ਹੈ। ਇਹ ਕੇਵਲ ਅਕੀਦਿਆਂ ਅਤੇ ਸਿਧਾਂਤਾਂ ਦਾ ਸਮੁੱਚ ਨਹੀਂ ਹੈ। ਤੁਹਾਡੇ ਵੱਲੋਂ ਸੁਝਾਏ ਗਏ ਸੱਚ ਨੂੰ ਕੋਈ ਵੀ ਉਦੋਂ ਤਕ ਪ੍ਰਵਾਨ ਕਰਨ ਲਈ ਤਿਆਰ ਨਹੀਂ ਜਦੋਂ ਤਕ ਉਸ ਸੱਚ ਨੂੰ ਤੁਹਾਡੇ ਜੀਵਨ ਵਿਚ ਲਾਗੂ ਹੋਇਆ (ਪ੍ਰਦਰਸ਼ਿਤ ਹੋਇਆ) ਨਹੀਂ ਵੇਖ ਲੈਂਦਾ।[੧੪] ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ, "ਧਰਮ ਜਾਂ ਮਜ਼ਹਬ ਦਾ ਪ੍ਰਯੋਜਨ ਹੁੰਦਾ ਹੈ 'ਜੀਵਨ', ਆਤਮ ਜੀਵਨ ਕਹੋ, ਰੂਹਾਨੀ ਜ਼ਿੰਦਗੀ ਕਹੋ, ਪ੍ਰਬੁੱਧ ਜੀਵਨ ਕਹੋ, ਗੁਰਸਿੱਖੀ ਮਜ਼ਹਬ 'ਕਰਤਾਰ' ਨਾਲ ਕੀਤੇ ਹੋਏ ਦਾ ਸਦਾ ਮਿਲਵੇਂ ਮੇਲ ਵਿਚ ਬਤੀਤ ਹੋ ਰਹਿਆ ਜੀਵਨ ਕਹੋ।"[੧੫] ਪ੍ਰਿੰਸੀਪਲ ਤੇਜਾ ਸਿੰਘ ਧਰਮ ਨੂੰ ਨਿਰੇ ਗਿਆਨ ਜਾਂ ਕੁਝ ਕੁ ਅਸੂਲਾਂ ਦਾ ਨਾਂ ਨਹੀਂ ਦਿੰਦੇ। ਉਨ੍ਹਾਂ ਅਨੁਸਾਰ "ਧਰਮ ਇਕ ਜੀਵਨ-ਜਾਚ ਹੈ ਜੋ ਮਨੁੱਖ ਦੀ ਅੰਦਰਲੀ ਬਾਹਰਲੀ ਸਾਰੀ ਜ਼ਿੰਦਗੀ ਅਤੇ ਉਸ ਦੇ ਸਾਰੇ ਖਿਆਲਾਂ, ਜਜ਼ਬਿਆਂ ਤੇ ਅਮਲਾਂ ਨੂੰ ਬਣਾਉਂਦੀ, ਢਾਲਦੀ ਤੇ ਉੱਚੇ ਤੋਂ ਉੱਚੇ ਸਿਖਰ 'ਤੇ ਪਹੁੰਚਾਂਦੀ ਹੈ। ਇਸ ਦਾ ਸੰਬੰਧ ਨਾ ਕੇਵਲ ਉਸ ਦੀ ਸ਼ਖ਼ਸੀ ਜ਼ਿੰਦਗੀ ਨਾਲ ਹੁੰਦਾ ਹੈ ਸਗੋਂ ਉਸ ਦੀ ਸਮਾਜਿਕ, ਪੰਥਕ ਤੇ ਸਿਆਸੀ ਰਹਿਣੀ ਨਾਲ ਵੀ ਹੁੰਦਾ ਹੈ।"[੧੬]

ਸਿੱਖ ਚਿੰਤਨ ਅਨੁਸਾਰ "ਧਰਮ ਨੂੰ ਕ੍ਰਿਆਤਮਕ ਜੀਵਨ ਦੇ ਨਿੱਤਨੇਮ ਨਾਲੋਂ ਵੱਖਰੇ ਕਿਸੇ ਹਵਾਬੰਦ ਕਮਰੇ ਵਿਚ ਕੈਦ ਕਰਕੇ ਨਹੀਂ ਰੱਖਿਆ ਜਾਣਾ ਚਾਹੀਦਾ, 'ਧਰਮ' ਨੂੰ ਅਸਲ ਵਿਚ ਜੀਵਨ ਦਾ ਵਿਸ਼ਾਲ ਆਧਾਰ ਬਣਾਇਆ ਜਾਣਾ ਚਾਹੀਦਾ ਹੈ।"[੧੭] ਸਿੱਖ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਇਕ ਜੀਵੰਤ ਦਰਸ਼ਨ ਦਿੱਤਾ ਤੇ ਜੀਵਨ ਨੂੰ ਇਕ ਵਿਲੱਖਣ ਦ੍ਰਿਸ਼ਟੀਕੋਣ ਤੋਂ ਵੇਖਿਆ। ਸੰਸਾਰ-ਤਿਆਗ ਦਾ ਖੰਡਨ ਕੀਤਾ ਤੇ ਘਰ-ਬਾਰੀ ਜੀਵਨ ਬਿਤਾਉਣ ਦਾ ਆਦੇਸ਼ ਦਿੱਤਾ। ਸਿੱਖ ਧਰਮ ਜੀਵਨ ਵਿੱਚੋਂ ਫੁੱਟਦਾ, ਜੀਵਨ ਵਿਚ ਵਿਚਰਦਾ ਅਤੇ ਜੀਵਨ ਵਿਚ ਹੀ ਸੰਪੂਰਨਤਾ ਦੀ ਪ੍ਰਾਪਤੀ ਉਪਰੰਤ ਜੀਵਨ ਦਾ ਅਨੰਦ

ਮਾਣਦਾ ਹੈ। ਸਿੱਖ ਧਰਮ ਮਨੁੱਖ ਦੇ ਵਰਤਮਾਨ ਸਮੇਂ ਤੇ ਇਸ ਲੌਕਿਕ ਸੰਸਾਰ ਨਾਲ, ਭਾਵ ਹੁਣ ਤੇ ਇੱਥੇ ਇਸੇ ਜੀਵਨ ਨਾਲ ਸੰਬੰਧਿਤ ਹੈ। ਪਰਮ-ਸਤਿ ਦਾ ਅਨੁਭਵ ਕਰਨਾ ਅਤੇ ਇਸ ਨਾਲ ਇਕਮਿਕ ਹੋਣਾ ਮਨੁੱਖ ਦੀ ਤਾਂਘ ਹੈ।

ਸਿੱਖ ਧਰਮ ਦਾ ਉਦੇਸ਼ ਆਪਣੇ ਅਸਲ ਦੀ ਪਛਾਣ ਕਰਨਾ ਰੱਖਿਆ ਹੈ: *ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ* ਮਨੁੱਖ ਦਾ ਸਰੋਤ, ਉਸ ਦਾ ਮੂਲ ਪਰਮਾਤਮਾ ਹੈ ਇਸ ਲਈ ਮਨੁੱਖ 'ਪਰਮਾਤਮਾ ਦੀ ਅੰਸ਼' ਹੈ। ਇਹ ਜੀਵਨ ਮਨੁੱਖ ਨੂੰ ਇਕ ਅਜਿਹੇ ਅਵਸਰ ਦੀ ਪ੍ਰਾਪਤੀ ਹੈ, ਜਿਸ ਵਿਚ ਉਹ ਆਪਣੇ 'ਜਗਦੀਸ਼ੈ ਅੰਸ਼' ਹੋਣ ਦਾ ਅਨੁਭਵ ਕਰ ਸਕਦਾ ਹੈ। ਸਿੱਖ ਧਰਮ-ਚਿੰਤਨ ਵਿਚ ਅਜਿਹੀ ਜੀਵਨ-ਜਾਚ ਦੀ ਪ੍ਰੇਰਨਾ ਕੀਤੀ ਗਈ ਹੈ, ਜਿਸ ਵਿਚ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇ। ਜੀਵਨ ਜੁਗਤੀ ਦੇ ਤੌਰ 'ਤੇ ਸਿੱਖ ਧਰਮ ਦਾ ਮਨੋਰਥ ਮਨੁੱਖ ਤੇ ਮਨੁੱਖ, ਮਨੁੱਖ ਤੇ ਪਰਮਾਤਮਾ ਅਤੇ ਮਨੁੱਖ ਤੇ ਸਮਾਜ ਵਿਚਕਾਰ ਆਤਮਿਕ ਸੰਬੰਧ ਬਣਾਉਣਾ ਤੇ ਏਕਤਾ ਕਾਇਮ ਕਰਨੀ ਹੈ। 'ਵੇਂਈਂ ਨਦੀ ਪ੍ਰਵੇਸ਼' ਤੋਂ ਬਾਅਦ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜੋ ਪਹਿਲਾ ਫੁਰਮਾਨ ਕੀਤਾ ਉਹ ਸੀ- *ਨਾ ਕੋ ਹਿੰਦੂ ਨ ਮੁਸਲਮਾਨ* ਭਾਵ ਮਨੁੱਖ ਇਕ ਹੈ ਇਸ ਨੂੰ ਧਰਮ ਦੇ ਨਾਂ ਤੇ ਵੰਡਣਾ ਠੀਕ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਧਰਮ, ਜਾਤ-ਪਾਤ ਜਾਂ ਲਿੰਗ ਦੇ ਆਧਾਰ 'ਤੇ ਮਨੁੱਖ ਦੀ ਦਰਜਾਬੰਦੀ ਕਰਨੀ ਠੀਕ ਨਹੀਂ। ਅਧਿਆਤਮਿਕ ਤੌਰ 'ਤੇ ਸਾਰੇ ਮਨੁੱਖ ਇੱਕੋ ਪਰਮਾਤਮਾ ਦੀ ਜੋਤਿ ਹਨ। ਅਧਿਆਤਮਿਕ ਪੱਧਰ 'ਤੇ ਸਾਰੇ ਮਨੁੱਖ ਸਮਾਨ ਹਨ ਇਸ ਲਈ ਪਰਮਾਤਮਾ ਸਾਰਿਆਂ 'ਤੇ ਆਪਣੀ ਬਖਸ਼ਿਸ਼ ਬਿਨਾਂ ਕਿਸੇ ਭੇਦ-ਭਾਵ ਦੇ ਕਰਦਾ ਹੈ। ਸ੍ਰੀ ਗੋਬਿੰਦ ਸਿੰਘ ਜੀ ਨੇ ਵੀ ਇਸ ਸਿਧਾਂਤ ਨੂੰ ਦ੍ਰਿੜ੍ਹ ਕਰਵਾਇਆ ਹੈ ਕਿ ਮਨੁੱਖ ਭੂਗੋਲਿਕ ਤੌਰ 'ਤੇ ਭਾਵੇਂ ਕਿਤੇ ਵੀ ਪੈਦਾ ਹੋਇਆ ਹੋਵੇ ਜਾਂ ਕਿਸੇ ਵੀ ਮਜ਼੍ਹਬ ਨੂੰ ਮੰਨਣ ਵਾਲਾ ਹੋਵੇ, ਉਸ ਦੀ ਜਾਤ ਇਕ ਹੀ ਹੈ ਕਿ ਪਰਮਾਤਮਾ ਦਾ ਅੰਸ਼ ਹੈ:

*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥* *(ਅਕਾਲ ਉਸਤਤ)*

ਸਿੱਖ ਧਰਮ-ਚਿੰਤਨ ਅਨੁਸਾਰ, "ਮਨੁੱਖ ਦਾ ਛੋਟਾ ਜਾਂ ਵੱਡਾ ਹੋਣਾ ਉਸ ਦੀ ਕੀਤੀ ਕਰਨੀ 'ਤੇ ਆਧਾਰਿਤ ਮੰਨਿਆ ਗਿਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਜ਼ਿਕਰ ਹੈ ਕਿ ਜਦੋਂ ਮੱਕੇ ਵਿਖੇ ਕਾਜ਼ੀ ਅਤੇ ਮੁੱਲਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਪੁੱਛਦੇ ਹਨ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ ਤਾਂ ਗੁਰੂ ਸਾਹਿਬ ਦਾ ਉੱਤਰ ਹੈ ਕਿ ਸ਼ੁਭ ਅਮਲਾਂ ਬਿਨਾਂ ਦੋਵੇਂ ਖੁਆਰ ਹੁੰਦੇ ਹਨ।" (ਵਾਰ, ੧:੩੩) ਸਿੱਖ ਧਰਮ ਵਿਚ ਮਨੁੱਖ ਦੀ ਸਿਰਫ ਦੋ ਹੀ ਵਰਗਾਂ- 'ਗੁਰਮੁਖ' ਅਤੇ 'ਮਨਮੁਖ' ਵਿਚ ਵੰਡ ਪ੍ਰਵਾਨ ਕੀਤੀ ਗਈ ਹੈ।

ਮਿਸਟਰ ਐਚ. ਐਲ. ਬ੍ਰਾਡਸ਼ਾ ਸਿੱਖ ਧਰਮ ਨੂੰ ਵਰਤਮਾਨ ਸਾਇੰਸ ਤੇ ਸਪੇਸ ਯੁੱਗ ਦਾ ਧਰਮ ਦੱਸਦੇ ਹੋਏ ਇਸ ਵਿਚ ਹੀ ਸਮੁੱਚੇ ਸੰਸਾਰ ਦਾ ਕਲਿਆਣ ਵੇਖਦੇ ਹਨ। "ਸਿੱਖੀ ਇਕ ਸਰਬ-ਵਿਆਪਕ ਅਥਵਾ ਸੰਪੂਰਨ ਜਗਤ ਧਰਮ ਹੈ, ਜੋ ਮਨੁੱਖ ਮਾਤਰ ਨੂੰ ਸਮਾਨ ਸੰਦੇਸ਼ ਦਿੰਦਾ ਹੈ। ਸਿੱਖਾਂ ਨੂੰ ਇੰਜ ਸੋਚਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰਿਆ ਸਿੱਖੀ ਧਰਮ ਹੀ ਨਵੇਂ ਯੁੱਗ ਦਾ ਧਰਮ ਹੈ। . . . ਦੂਜੇ ਮਤ

ਸਚਾਈ ਰੱਖਦੇ ਹਨ, ਪਰ ਸਿੱਖ ਧਰਮ ਭਰਪੂਰ ਸਚਾਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਹੀ ਇਕ ਐਸੀ ਵਿਸ਼ੇਸ਼ ਹਸਤੀ ਹਨ, ਜੋ ਇਹ ਦੱਸਦੇ ਹਨ ਕਿ ਸਾਡੀ ਧਰਤੀ ਤੋਂ ਬਿਨਾਂ ਹੋਰ ਵੀ ਧਰਤੀਆਂ ਤੇ ਮੰਡਲ ਆਦਿ ਹਨ . . . ਸਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਉਲਝਣਾਂ ਦਾ ਵਾਹਿਦ ਹੱਲ ਤੇ ਉਪਜੇ ਪ੍ਰਸ਼ਨਾਂ ਦਾ ਉੱਤਰ ਹੈ।"[੧੮] ਇਹ ਕਿੰਤੂ-ਰਹਿਤ ਸਚਾਈ ਹੈ ਕਿ 'ਗੁਰਮਤਿ ਵਿਚਾਰਧਾਰਾ ਜਿੱਥੇ ਅਧਿਆਤਮਿਕ ਹੈ, ਉੱਥੇ ਇਨਕਲਾਬੀ ਅਤੇ ਵਿਗਿਆਨਕ ਵੀ ਹੈ। ਇਸ ਦਾ ਨਿਸ਼ਾਨਾ ਸਮਾਜਿਕ, ਆਰਥਿਕ, ਸੱਭਿਆਚਾਰਕ, ਰਾਜਨੀਤਕ, ਆਦਿ ਹਰ ਖੇਤਰ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਖਤਮ ਕਰ ਕੇ ਰੂਹਾਨੀ ਤੇ ਇਖ਼ਲਾਕੀ ਕਦਰਾਂ-ਕੀਮਤਾਂ ਨਾਲ ਸੰਯੁਕਤ ਇਕ ਨਿਰੋਲ ਵਿਸ਼ਵ ਸਮਾਜ ਦੀ ਸਿਰਜਣਾ ਕਰਨੀ ਹੈ। ਜੇ ਇਸ ਤੇ ਪੂਰੀ ਤਰ੍ਹਾਂ ਅਮਲ ਕੀਤਾ ਜਾਵੇ ਤਾਂ ਸਿੱਖਾਂ ਦੀ ਸੋਚ ਪੂਰਨ ਰੂਪ ਵਿਚ ਵਿਗਿਆਨਕ ਬਣ ਸਕਦੀ ਹੈ ਤੇ ਜਾਗਰੂਕਤਾ ਆ ਸਕਦੀ ਹੈ।

ਸਿੱਖ ਧਰਮ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜੋ ਮੌਜੂਦਾ ਸਾਇੰਸ ਦੇ ਯੁੱਗ ਵਿਚ ਸਮੁੱਚੀ ਮਨੁੱਖਤਾ ਨੂੰ ਇਕ ਲੜੀ ਵਿਚ ਪ੍ਰੋਣ ਦੇ ਸਮਰੱਥ ਹਨ ।

ਹਵਾਲੇ


੧. ਡਾ. ਤਿਰਲੋਚਨ ਸਿੰਘ, *ਗੁਰੂ ਨਾਨਕ ਦਾ ਸਿੱਖ ਧਰਮ,* ਪੰਨਾ ੯.

੨. *ਮਹਾਨ ਕੋਸ਼,* ਪੰਨਾ ੧੯੨.

੩. *ਅਮਰ ਲੇਖ,* ਪੰਨਾ ੧-੨.

੪. ਵੇਖੋ ਹਵਾਲੇ: *ਗੁਰਮਤਿ ਦਰਸ਼ਨ,* ਪੰਨਾ ੧੦੫.

੫. "ਸਿੱਖ ਧਰਮ ਦਰਸ਼ਨ ਦੇ ਬੁਨਿਆਦੀ ਸਿਧਾਂਤ", *ਗੁਰੂ ਨਾਨਕ : ਜੀਵਨ, ਯੁਗ ਤੇ ਉਪਦੇਸ਼,* ਪੰਨਾ ੬੯.

੬. Jodh Singh, Sikhism, literally means the Path of discipleship. *Some Studies in Sikhism,* (Ludhiana : Lahore Book Depot - 1953), p.17.

੭. ਪ੍ਰਿੰ. ਸਤਬੀਰ ਸਿੰਘ, *ਖਾਲਸੇ ਦੀ ਵਾਸੀ,* ਪੰਨਾ ੧੪੯-੫੦.

੮. ਪ੍ਰੋ. ਬਚਨ ਸਿੰਘ, *ਧਰਮ ਦਾ ਮਾਰਗ,* ਪੰਨਾ ੧੫.

੯. ਡਾ. ਕੇ. ਐਲ. ਸ਼ੇਸ਼ਗਿਰੀ, *"ਗੁਰੂ ਨਾਨਕ ਦੇਵ ਜੀ ਅਤੇ ਹਿੰਦੂ ਵਿਰਸਾ"*, ਗੁਰੂ ਨਾਨਕ: ਜੀਵਨ, ਯੁਗ ਅਤੇ ਉਪਦੇਸ਼, ਪੰਨਾ ੧੫੭.

੧੦. *ਗੁਰੂ ਨਾਨਕ ਚਿੰਤਨ ਤੇ ਕਲਾ,* ਪੰਨਾ ੧੭੭.

੧੧. *The Religion of the Sikhs,* p. 30.

੧੨. Dorothy Field. ਵੇਖੋ ਹਵਾਲਾ: ਜਸਵਿੰਦਰ ਕੌਰ (ਢਿੱਲੋਂ), *ਗੁਰੂ ਨਾਨਕ ਦੀ ਕੀਮਤ ਮੀਮਾਂਸਾ,* ਪੰਨਾ ੬.

੧੩. ਪ੍ਰੋ. ਪੂਰਨ ਸਿੰਘ, *ਜੀਵਨੀ ਤੇ ਕਵਿਤਾ,* ਸਾਹਿਤ ਅਕਾਦਮੀ ਦਿੱਲੀ- ੧੯੭੬, ਪੰਨਾ ੨੯੩.

੧੪. Jodh Singh, Sikhism, literally means the Path of discipleship. *Some Studies in Sikhism,* (Ludhiana : Lahore Book Depot - 1953), p.17.

੧੫. *ਗੁਰਮਤਿ ਨਿਰਣਯ* (ਮੁਖਬੰਧ)

੧੬. ਤੇਜਾ ਸਿੰਘ, *ਸਿੱਖ ਧਰਮ* (ਪਟਿਆਲਾ: ਪ੍ਰਕਾਸ਼ ਪੁਸਤਕਾਲਾ- ੧੯੫੨), ਪੰਨਾ ੧੩੪-੩੫.

੧੭. "ਸਿਧ ਗੋਸਟਿ ਦੇ ਸੰਦਰਭ ਵਿਚ ਗੁਰੂ ਨਾਨਕ ਦਾ ਚਿੰਤਨ", *ਨਾ. ਪ੍ਰ. ਪੱਤ੍ਰਿਕਾ,* ਦਸੰਬਰ ੮੭, ਪੰਨਾ ੧੧੭.

੧੮. ਵੇਖੋ ਹਵਾਲਾ, *"ਬਲਿਓ ਚਰਾਗ"* Sikhism is a…modern man. trans.


■

# ਗੁਰਬਾਣੀ ਵਿਚ ਇਸਤਰੀ ਚੇਤਨਾ

*-ਪ੍ਰੋ. ਨਵ ਸੰਗੀਤ ਸਿੰਘ**

ਇਸਤਰੀ ਅਤੇ ਮਰਦ ਪ੍ਰਕਿਰਤੀ ਦੇ ਆਧਾਰ-ਸਤੰਭ ਹਨ। ਸਾਰੀ ਸ੍ਰਿਸ਼ਟੀ, ਚਾਹੇ ਉਹ ਬਨਸਪਤੀ ਹੈ, ਚਾਹੇ ਪ੍ਰਾਣੀ ਜਗਤ- ਸਭ ਦਾ ਮੂਲ ਨਰ ਅਤੇ ਨਾਰੀ ਦਾ ਸੰਜੋਗ ਹੈ। ਮਾਨਵ-ਸਮਾਜ ਦਾ ਅੱਧਾ ਹਿੱਸਾ ਨਾਰੀ ਹੈ ਤੇ ਅੱਧਾ ਨਰ, ਪਰ ਜਨਨੀ ਅਤੇ ਪਾਲਣਹਾਰੀ ਹੋਣ ਕਰਕੇ ਕਈ ਪੱਖਾਂ ਤੋਂ ਇਸਤਰੀ ਦਾ ਮਹੱਤਵ ਵਧੇਰੇ ਹੈ।

ਜੇਕਰ ਪੁਰਾਤਨ ਇਤਿਹਾਸ, ਮਿਥਿਹਾਸ, ਧਰਮ ਤੇ ਦਰਸ਼ਨ ਨੂੰ ਵਾਚੀਏ ਤਾਂ ਪਤਾ ਲਗਦਾ ਹੈ ਕਿ ਇਸਤਰੀ ਹਮੇਸ਼ਾ ਪੁਰਸ਼ ਦੇ ਨਾਲ-ਨਾਲ ਰਹੀ ਹੈ। ਇਸਤਰੀ ਮਰਦ ਦੇ ਸੰਜੋਗ ਨਾਲ ਹੀ ਸ੍ਰਿਸ਼ਟੀ ਰਚਨਾ ਹੋਈ ਹੈ। ਧਰਮ, ਸਾਹਿਤ, ਦਰਸ਼ਨ, ਪੌਰਾਣ, ਚਿੱਤਰਕਲਾ, ਸ਼ਿਲਪ ਕਲਾ ਆਦਿ ਵਿਚ ਇਸੇ ਭਾਵ ਨੂੰ ਰੇਖਾਂਕਿਤ ਕੀਤਾ ਗਿਆ ਹੈ।

ਬੇਸ਼ਕ ਇਹ ਸਾਰੀਆਂ ਗਵਾਹੀਆਂ ਇਸਤਰੀ ਦੀ ਪੁਰਸ਼ ਨਾਲ ਹਮਕਦਮੀ ਦੀ ਗਵਾਹੀ ਭਰਦੀਆਂ ਹਨ, ਪਰ ਫਿਰ ਵੀ ਇਸਤਰੀ ਦੀ ਸਥਿਤੀ ਨਿਰਾਸ਼ਾਜਨਕ ਹੀ ਰਹੀ ਹੈ। ਜਿਵੇਂ-ਜਿਵੇਂ ਮਨੁੱਖ ਨੇ ਸਮਾਜਿਕ ਸੰਗਠਨਾਂ ਦੇ ਰੂਪ ਵਿਚ ਰਹਿਣਾ ਸ਼ੁਰੂ ਕੀਤਾ, ਸਮਾਜ ਦਾ ਵਿਕਾਸ ਹੁੰਦਾ ਗਿਆ, ਪਰ ਮਰਦ-ਇਸਤਰੀ ਦੇ ਰਿਸ਼ਤੇ ਜਟਿਲ ਹੁੰਦੇ ਗਏ। ਨਵੇਂ-ਨਵੇਂ ਰਿਸ਼ਤੇ ਹੋਂਦ ਵਿਚ ਆਏ ਨਾਤੇਦਾਰੀਆਂ ਸਥਾਪਿਤ ਹੋਈਆਂ ਅਤੇ ਇਨ੍ਹਾਂ ਨੂੰ ਨਿਭਾਉਣ ਲਈ ਮਰਯਾਦਾਵਾਂ ਸਥਾਪਿਤ ਹੋਈਆਂ। ਇਕ ਨਰੋਏ ਸਮਾਜ ਦੇ ਨਾਲ ਬਹੁਤ ਸਾਰੇ ਸਮਾਜਿਕ ਪ੍ਰਬੰਧ ਹੋਂਦ ਵਿਚ ਆਏ, ਕੁਝ ਮਨਾਹੀਆਂ ਸਿਰਜੀਆਂ ਗਈਆਂ ਅਤੇ ਸਮੁੱਚਾ ਮਾਨਵ-ਜੀਵਨ ਨਿਯਮਬੱਧ ਹੋ ਗਿਆ। ਇਨ੍ਹਾਂ ਦੀ ਪਾਲਣਾ ਕਰਦਾ ਮਾਨਵ-ਜਗਤ ਸਮਾਜ ਦਾ ਇਕ ਮਹੱਤਵਪੂਰਨ ਮੈਂਬਰ ਬਣ ਗਿਆ। ਇਸਤਰੀ ਅਤੇ ਪੁਰਖ ਵਿਚਕਾਰ ਕਰਤੱਵਾਂ ਅਤੇ ਅਧਿਕਾਰਾਂ ਦੀ ਵੰਡ ਹੋਈ, ਜਿਸ ਵਿਚ ਮਹੱਤਵਪੂਰਨ ਰੁਤਬੇ ਮਰਦ ਨੇ ਹਥਿਆ ਲਏ ਅਤੇ ਬਾਕੀ ਇਸਤਰੀ ਦੇ ਹਿੱਸੇ ਆਏ। ਹੌਲੀ-ਹੌਲੀ ਮਰਦ-ਇਸਤਰੀ ਵਿਚਲੀ ਸਮਾਨਤਾ ਘਟਦੀ ਗਈ। ਮਰਦ ਦਾ ਅਧਿਕਾਰ ਵਧਦਾ ਗਿਆ ਤੇ ਉਹ ਮਾਲਕ ਬਣਦਾ ਗਿਆ, ਜਦਕਿ ਇਸਤਰੀ ਗ਼ੁਲਾਮ ਬਣਦੀ ਗਈ। ਮਰਦ ਨੇ ਧਰਮ, ਸਾਹਿਤ, ਦਰਸ਼ਨ, ਕਲਾ ਆਦਿ ਖੇਤਰਾਂ ਨੂੰ ਵੀ ਆਪਣੇ ਪੱਖ ਵਿਚ ਕਰ ਲਿਆ। ਲੱਗਭਗ ਹਰ ਧਰਮ/ਦੇਸ਼ ਵਿਚ ਇਸਤਰੀ ਨੂੰ ਉਹਦਾ ਬਣਦਾ ਹੱਕ ਨਹੀਂ ਦਿੱਤਾ ਗਿਆ। 'ਮਨੂੰ ਸਿਮ੍ਰਤੀ' ਵਿਚ ਤਾਂ ਇਸਤਰੀ ਨੂੰ ਦਲਿਤ ਜਿਹਾ ਰੁਤਬਾ ਦਿੱਤਾ ਗਿਆ ਹੈ: "ਬਚਪਨ ਵਿਚ ਇਸਤਰੀ ਪਿਤਾ ਦੇ

**ਵਾਰਡ ਨੰ:੮, ਨੇੜੇ ਗਿੱਲਾਂ ਵਾਲਾ ਖੂਹ, ਤਲਵੰਡੀ ਸਾਬੋ-੧੫੧੩੦੨ (ਬਠਿੰਡਾ) ਮੋ: +੯੧੯੪੧੭੯-੯੨੦੧੫*

ਅਧੀਨ ਰਹੇ, ਜਵਾਨੀ ਵਿਚ ਪਤੀ ਦੇ ਅਧੀਨ ਅਤੇ ਪਤੀ ਦੇ ਪ੍ਰਲੋਕ ਸਿਧਾਰਨ ਤੇ ਉਹ ਪੁੱਤਰਾਂ ਦੇ ਅਧੀਨ ਰਹੇ। ਇਸਤਰੀ ਕਦੇ ਸੁਤੰਤਰ ਨਾ ਹੋ ਸਕੇ।"

ਇਵੇਂ ਹੀ ਹੋਰਨਾਂ ਮਤ-ਮਤਾਂਤਰਾਂ ਵਿਚ ਵੀ ਇਸਤਰੀ ਦੀ ਪਾਕੀਜ਼ਗੀ ਕੋਈ ਅਰਥ ਨਹੀਂ ਰੱਖਦੀ ਅਤੇ ਇਸ ਨੂੰ ਗੈਰ-ਇਖ਼ਲਾਕੀ ਅਤੇ ਗਵਾਰ ਮੰਨਿਆ ਗਿਆ। ਬੁੱਧ ਮਤ ਵਿਚ ਇਸਤਰੀ ਨੂੰ ਜ਼ਹਿਰ ਮੰਨਿਆ ਹੈ; ਇਸਲਾਮ ਵਿਚ ਦੋ ਇਸਤਰੀਆਂ ਦੀ ਗਵਾਹੀ ਇਕ ਮਰਦ ਦੇ ਬਰਾਬਰ ਹੈ; ਜੈਨ ਮਤ ਵਿਚ ਵਿਸ਼ਵਾਸ ਹੈ ਕਿ ਇਸਤਰੀ ਦਾ ਕਦੇ ਕਲਿਆਣ ਨਹੀਂ ਹੋ ਸਕਦਾ; ਜੋਗ ਮਤ ਵਿਚ ਇਸਤਰੀ ਨੂੰ ਮੁਕਤੀ ਦੇ ਰਾਹ ਵਿਚ ਰੁਕਾਵਟ ਮੰਨਿਆ ਗਿਆ ਹੈ ਅਤੇ ਇਸ ਨੂੰ ਨਾਗਣ, ਬਾਘਣ ਤੇ ਸੱਪਣੀ ਜਿਹੇ ਘ੍ਰਿਣਾਜਨਕ ਵਿਸ਼ੇਸ਼ਣ ਦਿੱਤੇ ਗਏ।

ਪੰਦਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਉਦੋਂ ਇਸਤਰੀ ਦੀ ਹਾਲਤ ਬਹੁਤ ਤਰਸਯੋਗ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਹਿਸੂਸ ਕੀਤਾ ਕਿ ਇਕ ਨਰੋਏ ਸਮਾਜ ਦੀ ਉਸਾਰੀ ਲਈ ਜ਼ਰੂਰੀ ਹੈ ਕਿ ਇਸਤਰੀ ਦਾ ਸਤਿਕਾਰ ਕਾਇਮ ਰੱਖਿਆ ਜਾਵੇ। ਉਨ੍ਹਾਂ ਨੇ ਇਸਤਰੀ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦਿਆਂ ਸਪਸ਼ਟ ਕੀਤਾ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥* *(ਪੰਨਾ ੪੭੩)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਸਤਰੀ ਬਾਰੇ ਉਕਤ ਵਿਚਾਰ ਹੀ ਨਹੀਂ ਦਿੱਤੇ, ਸਗੋਂ ਸਾਰੀ ਉਮਰ ਇਸ ਉੱਤੇ ਪਹਿਰਾ ਵੀ ਦਿੱਤਾ। ਉਨ੍ਹਾਂ ਨੇ ਖ਼ੁਦ ਆਪਣੀ ਮਾਤਾ ਤ੍ਰਿਪਤਾ, ਭੈਣ ਨਾਨਕੀ ਅਤੇ ਸੁਪਤਨੀ ਬੀਬੀ ਸੁਲੱਖਣੀ ਜੀ ਦਾ ਸਤਿਕਾਰ ਕਾਇਮ ਰੱਖਿਆ। ਗੁਰੂ ਜੀ ਨੇ ਇਸਤਰੀ ਜਾਤੀ ਪ੍ਰਤੀ ਆਪਣੀ ਬਾਣੀ ਵਿਚ ਅਨੇਕ ਸਿਧਾਂਤਾਂ ਦਾ ਪ੍ਰਤਿਪਾਦਨ ਕੀਤਾ ਅਤੇ ਸੁਚੱਜੇ ਜੀਵਨ ਦੀਆਂ ਜੁਗਤੀਆਂ ਦੱਸੀਆਂ, ਤਾਂਕਿ ਇਸਤਰੀ ਨੂੰ ਆਪਣੀ ਖੁਸ਼ੀ ਹੋਈ ਆਦਰਯੋਗ ਥਾਂ ਪ੍ਰਾਪਤ ਹੋ ਸਕੇ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸਤਰੀ ਦੇ ਸਨਮਾਨ ਦੀ ਬਹਾਲੀ ਲਈ ਕੁਝ ਹੋਰ ਠੋਸ ਕਦਮ ਉਠਾਏ। ਆਪ ਨੇ ਸਮਾਜਿਕ ਨਾ-ਬਰਾਬਰੀ, ਛੂਤ-ਛਾਤ ਅਤੇ ਊਚ-ਨੀਚ ਦਾ ਵਿਤਕਰਾ ਖਤਮ ਕਰਨ ਲਈ ਲੰਗਰ-ਪ੍ਰਥਾ ਦੀ ਸਥਾਪਨਾ ਕੀਤੀ ਅਤੇ ਲੰਗਰ ਵਿਚ ਇਸਤਰੀਆਂ ਨੂੰ ਉੱਚਿਤ ਸਥਾਨ ਦੇ ਕੇ ਸਮਾਜਿਕ ਜੀਵਨ ਦਾ ਅਨਿੱਖੜ ਅੰਗ ਬਣਾਇਆ। ਭਾਈ ਸੱਤਾ ਅਤੇ ਭਾਈ ਬਲਵੰਡ ਜੀ ਰਚਿਤ ਰਾਮਕਲੀ

ਕੀ ਵਾਰ ਵਿਚ ਇਸ ਗੱਲ ਦੀ ਗਵਾਹੀ ਮਿਲਦੀ ਹੈ:

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥* (ਪੰਨਾ ੯੬੭)

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਰਤ ਵਿਚ ਪ੍ਰਚਲਿਤ ਸਤੀ-ਪ੍ਰਥਾ ਵਿਰੁੱਧ ਜ਼ੋਰਦਾਰ ਪ੍ਰਚਾਰ ਕੀਤਾ ਤੇ ਸਮਝਾਇਆ ਕਿ ਪਤੀ ਦੀ ਚਿਖਾ ਵਿਚ ਸੜ ਮਰਨ ਵਾਲੀ ਪਤਨੀ ਸਤੀ ਨਹੀਂ ਹੁੰਦੀ, ਸਗੋਂ ਪਤੀ ਦੇ ਵਿਜੋਗ ਨੂੰ ਪਲ-ਪਲ ਜਰਨ ਵਾਲੀ, ਸ਼ੀਲਤਾ ਅਤੇ ਸੰਤੋਖ ਧਾਰਨ ਕਰਨ ਵਾਲੀ ਇਸਤਰੀ ਹੀ ਅਸਲ ਅਰਥਾਂ ਵਿਚ ਸਤੀ ਅਖਵਾਉਣ ਦੀ ਹੱਕਦਾਰ ਹੈ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥*
*ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥* (ਪੰਨਾ ੭੮੭)

ਗੁਰਬਾਣੀ ਵਿਚ ਇਕ ਪਾਸੇ ਜਿੱਥੇ ਇਸਤਰੀ ਦੇ ਪ੍ਰਸੰਗ ਵਿਚ ਮਨੁੱਖ ਜਾਤੀ ਦੇ ਆਚਾਰ-ਅੰਗਾਂ ਦਾ ਵਰਣਨ ਹੈ, ਉੱਥੇ ਦੂਜੇ ਪਾਸੇ ਇਸਤਰੀ ਲਈ ਵੀ ਆਚਾਰ-ਪਾਲਣ ਦੀ ਸਿੱਖਿਆ ਦਿੱਤੀ ਗਈ ਹੈ। ਦੇਸ਼ ਵਿਚ ਪ੍ਰਚਲਿਤ ਸਤੀ-ਪ੍ਰਥਾ ਨੂੰ ਗੁਰਬਾਣੀ ਵਿਚ ਕਬੂਲ ਨਹੀਂ ਕੀਤਾ ਗਿਆ। ਗੁਰਬਾਣੀ ਵਿਚ ਇਸ ਨੂੰ ਹੀਣ-ਕਰਮ ਕਿਹਾ ਗਿਆ ਹੈ:

*ਜਲੈ ਨ ਪਾਈਐ ਰਾਮ ਸਨੇਹੀ॥*
*ਕਿਰਤਿ ਸੰਜੋਗਿ ਸਤੀ ਉਠਿ ਹੋਈ॥* (ਪੰਨਾ ੧੮੫)

ਗੁਰਬਾਣੀ ਵਿਚ ਚੰਗੀਆਂ ਇਸਤਰੀਆਂ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੂੰ ਸੁਹਾਗਣ, ਸੁਚੱਜੀ, ਗੁਣਵੰਤੀ, ਗੁਰਮੁਖ, ਸਿਆਣੀ, ਸ਼ੀਲਵੰਤੀ, ਆਚਾਰਵੰਤੀ, ਜਨਨੀ ਜਿਹੇ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਗਿਆ ਹੈ ਤੇ ਭੈੜੀਆਂ ਇਸਤਰੀਆਂ ਨੂੰ ਦੁਹਾਗਣ, ਛੁੱਟੜ, ਕੁਚੱਜੀ, ਮਨਮੁਖ, ਔਗਣਹਾਰੀ, ਬਿਰਹਨ, ਵਿਧਵਾ ਆਦਿ ਸ਼ਬਦਾਂ ਰਾਹੀਂ ਨਿੰਦਿਆ ਗਿਆ ਹੈ।

ਗੁਰਬਾਣੀ ਵਿਚ ਇਸਤਰੀ ਨੂੰ ਮਰਦ ਦਾ ਈਮਾਨ ਰੱਖਣ ਵਾਲੀ ਵਜੋਂ ਚਿਤਰਿਆ ਗਿਆ ਹੈ। ਉਹ ਕਿਸੇ ਵੀ ਤਰ੍ਹਾਂ ਮਨੁੱਖ ਦੇ ਧਰਮ ਵਿਚ ਰੁਕਾਵਟ ਨਹੀਂ ਬਣਦੀ। ਸ੍ਰੀ ਗੁਰੂ ਅਮਰਦਾਸ ਜੀ ਆਦਰਸ਼ ਪਤੀ-ਪਤਨੀ ਦੀ ਰੂਪ-ਰੇਖਾ ਉਲੀਕਦੇ ਹੋਏ ਦ੍ਰਿੜ੍ਹ ਕਰਵਾਉਂਦੇ ਹਨ:

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥* (ਪੰਨਾ ੭੮੮)

ਜਿੱਥੇ ਹੋਰਨਾਂ ਮੱਤ-ਮਤਾਂਤਰਾਂ ਵਿਚ ਇਸਤਰੀਆਂ ਨੂੰ ਅਧੂਰੀ, ਮੁਕਤੀ ਦੇ ਰਾਹ

ਵਿਚ ਰੁਕਾਵਟ ਖਿਆਲ ਕੀਤਾ ਗਿਆ ਹੈ, ਉੱਥੇ ਗੁਰਮਤਿ ਵਿਚ ਉਸਨੂੰ ਬੱਤੀ ਸੁਲੱਖਣੀ ਅਤੇ ਸਦ-ਗੁਣਾਂ ਨਾਲ ਭਰਪੂਰ ਆਖ ਕੇ ਇਸਤਰੀ ਦਾ ਸਨਮਾਨ ਕੀਤਾ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਅਜਿਹੀ ਸਦਗੁਣਾਂ ਵਾਲੀ ਇਸਤਰੀ ਜਿਸ ਘਰ ਵਿਚ ਆਵੇਗੀ, ਉੱਥੇ ਸੁਖ, ਸ਼ਾਂਤੀ, ਖੁਸ਼ਹਾਲੀ ਅਤੇ ਖੇੜਾ ਬਣਿਆ ਰਹੇਗਾ:

*ਬਤੀਹ ਸੁਲਖਣੀ ਸਚੁ ਸੰਤਤਿ ਪੂਤ॥ ਆਗਿਆਕਾਰੀ ਸੁਘੜ ਸਰੂਪ॥*
*ਇਛ ਪੂਰੇ ਮਨ ਕੰਤ ਸੁਆਮੀ॥ ਸਗਲ ਸੰਤੋਖੀ ਦੇਰ ਜੇਠਾਨੀ॥੩॥*
*ਸਭ ਪਰਵਾਰੈ ਮਾਹਿ ਸਰੇਸਟ॥ ਮਤੀ ਦੇਵੀ ਦੇਵਰ ਜੇਸਟ॥*
*ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥ ਜਨ ਨਾਨਕ ਸੁਖੇ ਸੁਖਿ ਵਿਹਾਇ॥*
*(ਪੰਨਾ ੩੭੧)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਵਿਚ ਜੋਗ ਮੱਤ ਦਾ ਕਾਫੀ ਬੋਲਬਾਲਾ ਸੀ। ਜੋਗੀ ਗ੍ਰਿਹਸਥ ਦਾ ਤਿਆਗ ਕਰਕੇ ਸਮਾਜ ਤੋਂ ਦੂਰ ਭੱਜ ਕੇ ਜੰਗਲਾਂ ਵਿਚ ਜਾ ਬੈਠੇ ਸਨ, ਪਰ ਉਨ੍ਹਾਂ ਦੀ ਖਾਣ, ਪੀਣ ਅਤੇ ਪਹਿਨਣ ਦੀ ਇੱਛਾ ਗ੍ਰਹਿਸਥੀਆਂ ਵਰਗੀ ਹੀ ਸੀ। ਗੁਰੂ ਜੀ ਨੇ ਸਮਝਾਇਆ ਕਿ ਇਹ ਕੋਈ ਉਸਾਰੂ ਮਾਰਗ ਨਹੀਂ ਹੈ:

*ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥ (ਪੰਨਾ ੪੬੯)*

ਇਹ ਤੱਥ ਵੀ ਇਸਤਰੀ ਦੇ ਹੱਕ ਅਤੇ ਮਹਾਨਤਾ ਵਿਚ ਜਾਂਦਾ ਹੈ ਕਿ ਸਮੂਹ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਇਸਤਰੀ ਅਤੇ ਪਰਮਾਤਮਾ ਨੂੰ ਪਤੀ ਦੇ ਰੂਪ ਵਿਚ ਪ੍ਰਗਟ ਕਰ ਕੇ ਆਤਮਾ ਅਤੇ ਪਰਮਾਤਮਾ ਦੇ ਸਬੰਧਾਂ ਨੂੰ ਪਤੀ-ਪਤਨੀ ਦੇ ਰੂਪ ਵਿਚ ਉਲੀਕਿਆ ਹੈ:

*ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥ (ਪੰਨਾ ੫੯੧)*

ਇਸ ਪ੍ਰਕਾਰ ਗੁਰਬਾਣੀ ਵਿਚਲੇ ਗੁਰੂ ਸਾਹਿਬਾਨ, ਭਗਤਾਂ ਦੇ ਨਾਲ-ਨਾਲ ਗੁਰੂ-ਕਾਲ ਵਿਚ ਹੀ ਹੋਏ ਭਾਈ ਗੁਰਦਾਸ ਜੀ ਨੇ ਵੀ ਸਿੱਖ ਸਿਧਾਂਤਾਂ ਦੀ ਲੋਅ ਵਿਚ ਇਸਤਰੀ ਪ੍ਰਤੀ ਸਤਿਕਾਰ ਅਤੇ ਸਨਮਾਨ ਦੀ ਗੱਲ ਕੀਤੀ ਹੈ।

**ਸਹਾਇਕ ਪੁਸਤਕਾਂ**


੧. *ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

੨. ਅਵਤਾਰ ਸਿੰਘ (ਡਾ.) *ਮੇਰਾ ਧਰਮ ਮੇਰਾ ਇਤਿਹਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ੧੯੯੬।

੩. ਕਿਰਪਾਲ ਸਿੰਘ ਬਡੂੰਗਰ (ਪ੍ਰੋ.) *ਗੁਰਮਤਿ ਵਿਚ ਇਸਤਰੀ ਦਾ ਮਹੱਤਵ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ੨੦੧੫।

੪. ਕੁਲਦੀਪ ਕੌਰ (ਡਾ.) *ਸਾਡਾ ਵਿਰਸਾ: ਗੁਰਮਤਿ ਪਰਿਪੇਖ,* ਸੰਗਮ ਪਬਲੀਕੇਸ਼ਨ, ਪਟਿਆਲਾ, ੨੦੧੪।

੫. ਤ੍ਰਿਪਤ ਕੌਰ, *ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੨੦੦੪।

੬. ਡਾ. ਬਲਵਿੰਦਰ ਕੌਰ (ਬਰਾੜ) *ਨਾਰੀਵਾਦ: ਸਿਧਾਂਤ, ਚਿੰਤਨ ਅਤੇ ਵਿਹਾਰ* ਪੰਜਾਬ, ਪਟਿਆਲਾ, ੨੦੦੪

੭. *ਸਿੱਖ ਇਸਤਰੀ ਵਿਸ਼ੇਸ਼ ਅੰਕ (ਭਾਗ ਪਹਿਲਾ),* ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਸ੍ਰੀ ਅੰਮ੍ਰਿਤਸਰ, ੧੯੮੯। ■

# ਸਿੱਖ ਸੱਭਿਆਚਾਰ ਦਾ ਇਤਿਹਾਸਿਕ ਪ੍ਰਸੰਗ

*-ਡਾ. ਜਤਿੰਦਰਪਾਲ ਕੌਰ**

ਸੰਸਾਰ ਦੇ ਵਿਭਿੰਨ ਸੱਭਿਆਚਾਰਾਂ ਦੇ ਪ੍ਰਸੰਗ ਵਿਚ ਸਿੱਖ ਸੱਭਿਆਚਾਰ ਆਪਣੇ ਆਪ ਵਿਚ ਇਕ ਵਿਲੱਖਣ ਗੌਰਵ ਦਾ ਧਾਰਨੀ ਹੈ। ਜਿੱਥੇ ਇਹ ਸੱਭਿਆਚਾਰ ਆਪਣੀਆਂ ਕੁਰਬਾਨੀਆਂ ਤੇ ਮਾਨਵਤਾ ਦੇ ਕਲਿਆਣ ਦੀ ਇਤਿਹਾਸਿਕ ਵਿਸ਼ੇਸ਼ਤਾ ਕਰਕੇ ਸਮੁੱਚੇ ਸੰਸਾਰ ਵਿਚ ਆਪਣੀ ਵੱਖਰੀ ਪਛਾਣ ਰੱਖਦਾ ਹੈ, ਉੱਥੇ ਧਰਮ, ਦਰਸ਼ਨ ਸਾਹਿਤ, ਸਦਾਚਾਰ ਤੇ ਸਮਾਜਿਕ ਖੇਤਰ ਵਿਚ ਇਸ ਦਾ ਨਿਆਰਾ ਇਤਿਹਾਸ ਹੈ। ਸੰਸਾਰ ਦੇ ਵਿਭਿੰਨ ਧਰਮਾਂ ਦੇ ਇਤਿਹਾਸਿਕ ਪਰਿਪੇਖ ਵਿਚ ਸਿੱਖ ਸੱਭਿਆਚਾਰ ਦੀ ਸਿਰਜਣਾ ਨੂੰ ਅਜੇ ਪੰਜ ਸਦੀਆਂ ਤੋਂ ਥੋੜ੍ਹਾ ਸਮਾਂ ਉੱਪਰ ਹੋਇਆ ਹੈ; ਪਰ ਐਨੇ ਥੋੜੇ ਸਮੇਂ ਵਿਚ ਇਸ ਦੀ ਧਾਰਮਿਕ ਕਾਰਜਸ਼ੀਲਤਾ ਸਮੁੱਚੀ ਦੁਨੀਆ ਵਿਚ ਮਿਸਾਲ ਬਣ ਗਈ। ਕਾਰਨ- ਇਸ ਦੇ ਸਿਰਜਿਤ ਸਰੂਪ ਸਿੱਖ ਧਰਮਾਂ ਦੇ ਦਰਸ਼ਨ, ਵਿਵਹਾਰਕਤਾ ਤੇ ਮਰਯਾਦਾ ਹੈ। ਮੂਲ ਰੂਪ ਵਿਚ, ਸਿੱਖ ਸਭਿਆਚਾਰ ਮੱਧਕਾਲੀਨ ਭਗਤੀ ਤੇ ਇਸ ਦੇ ਨਾਲ ਜੁੜੀਆਂ ਸਮਾਜਿਕ-ਰਾਜਨੀਤਕ ਪ੍ਰਸਥਿਤੀਆਂ ਦੀ ਉਥਲ-ਪੁਥਲ ਵਿੱਚੋਂ ਉਦੈ ਹੋਇਆ। ਇਨ੍ਹਾਂ ਪ੍ਰਸਥਿਤੀਆਂ ਦੇ ਪੈਦਾ ਹੋਣ ਤੇ ਟਕਰਾਓ ਦੇ ਆਪਣੇ ਆਂਤ੍ਰਿਕ ਕਾਰਨ ਸਨ, ਜੋ ਇਕ ਵੱਖਰੀ ਖੋਜ ਦਾ ਵਿਸ਼ਾ ਹੈ। ਇੱਥੇ ਸਿਰਫ ਇਤਨਾ ਕਹਿਣਾ ਹੀ ਯੋਗ ਹੋਵੇਗਾ ਕਿ ਸਿੱਖ ਸੱਭਿਆਚਾਰ ਦੇ ਜਨਮ ਤੋਂ ਪਹਿਲਾਂ ਦੇ ਸਮਾਜ ਦੀ ਸਥਿਤੀ *ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ* ਵਾਲੀ ਸੀ। ਸਮਾਜ ਦੀ ਇਸ ਸੰਕਟਗ੍ਰਸਤ ਬੇਚੈਨ ਅਵਸਥਾ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਸਿੱਖ ਧਰਮ ਦੇ ਬਾਨੀ ਬਣ ਕੇ ਸਮਾਜ ਵਿਚ ਆਏ। ਜਿਨ੍ਹਾਂ ਵਿਚ ਜਨਮ ਤੋਂ ਹੀ ਮਹਾਨ ਕ੍ਰਾਂਤੀਕਾਰੀ ਆਗੂ, ਉੱਚੇ-ਸੁੱਚੇ ਅਧਿਆਤਮਿਕ ਵਿਅਕਤੀਤਵ, ਸਮਾਜ-ਸੁਧਾਰਕ ਤੇ ਯੁੱਗ ਪੁਰਸ਼ ਵਾਲੇ ਮਹਾਨ ਗੁਣ ਸਨ। ਸੁਲਤਾਨਪੁਰ ਲੋਧੀ ਰਿਹਾਇਸ਼ ਦੌਰਾਨ ਪ੍ਰਭੂ-ਮਿਲਾਪ ਤੇ ਅਨੁਭਵ ਦੀ ਅਲੌਕਿਕ ਘਟਨਾ ਤੋਂ ਬਾਅਦ ਆਪ ਜੀ ਦਾ ਸਭ ਤੋਂ ਪਹਿਲਾਂ ਸੰਵਾਦ *ਨਾ ਕੋ ਹਿੰਦੂ ਨਾ ਮੁਸਲਮਾਨ* ਸੀ। ਇਹ ਸੰਵਾਦ ਹੀ ਉਸ ਸਮੇਂ ਰਾਜਨੀਤਕ ਜ਼ੁਲਮ ਤੇ ਅਨਿਆਂ ਦੇ ਦੌਰ ਵਿਚ ਇਕ ਕ੍ਰਾਂਤੀ ਸੀ, ਜਿਸ ਦਾ ਸਰੂਪ ਧਾਰਮਿਕ ਵੀ ਸੀ ਤੇ ਸਮਾਜਿਕ-ਰਾਜਨੀਤਕ ਵੀ। ਗੁਰੂ ਜੀ ਨੇ ਇਸ ਅਵਸਥਾ ਵਿਚ ਐਸੇ ਵਿਲੱਖਣ 'ਸਿੱਖ ਧਰਮ' ਨੂੰ ਜਨਮ ਦਿੱਤਾ, ਜਿਸ ਨੇ ਸਮੇਂ-ਸਮੇਂ ਮੁਗ਼ਲ ਰਾਜ ਦੀ ਪਾਪਾਂ, ਜ਼ੁਲਮਾਂ ਤੇ ਅਰਾਜਕਤਾ ਵਾਲੀ ਵਿਵਸਥਾ ਨੂੰ ਲੀਰੋ-ਲੀਰ ਕਰ ਦਿੱਤਾ। ਗੁਰੂ ਸਾਹਿਬ ਜੀ ਦਾ ਇਸ ਪ੍ਰਸੰਗ ਵਿਚ ਫੁਰਮਾਨ ਉਸ ਸਮੇਂ

**ਮਕਾਨ ਨੰ: ੧੨੮੧/੧੧, ਮਾਡਲ ਟਾਊਨ, ਅੰਬਾਲਾ ਰੋਡ,ਕੈਥਲ (ਹਰਿਆਣਾ) ਮੋ: +੯੧੯੪੧੬੦-੭੩੧੨੨*

ਦੀ ਅਵਸਥਾ ਨੂੰ ਰੂਪਮਾਨ ਕਰਦਾ ਹੈ:

*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥* (ਪੰਨਾ ੪੬੮)

ਗੁਰੂ ਜੀ ਜਿੱਥੇ ਆਪਣੇ ਸਮੇਂ ਦੀਆਂ ਕਰਮ-ਕਾਂਡੀ ਕੀਮਤਾਂ ਤੇ ਝੂਠ ਦੇ ਆਸਰੇ ਪਲ ਰਹੀਆਂ ਪ੍ਰਚਲਿਤ ਸੰਸਥਾਵਾਂ ਪ੍ਰਤੀ ਸੁਚੇਤ ਸਨ, ਉੱਥੇ ਉਨ੍ਹਾਂ ਨੇ ਆਮ ਲੋਕਾਈ ਨੂੰ ਨੈਤਿਕ ਤੌਰ 'ਤੇ ਡਿੱਗੇ ਲੋਕਾਂ ਨੂੰ ਗ਼ੁਲਾਮੀ ਤੋਂ ਦੂਰ ਰਹਿ ਕੇ 'ਸਚਿਆਰ' ਬਣਨ ਦੀ ਜੁਗਤ ਦੱਸੀ:

*-ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥* (ਪੰਨਾ ੧)
*-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥* (ਪੰਨਾ ੧੫)

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਸੱਭਿਆਚਾਰ ਦੀ ਉਸਾਰੀ ਲਈ 'ਇਲਾਹੀ ਸ਼ਬਦਾਂ' ਰਾਹੀਂ ਮਧੁਰ ਬਾਣੀ ਦਾ ਉਚਾਰਨ ਕੀਤਾ, ਜਿੱਥੇ ਆਪ ਜੀ ਨੇ ਸਮਕਾਲੀਨ ਸਮਾਜ ਵਿਚ ਮਹਾਨ ਸਮਾਜ-ਸੁਧਾਰਕ ਆਗੂ ਤੇ ਕ੍ਰਾਂਤੀਕਾਰੀ ਯੁੱਗ-ਪੁਰਸ਼ ਬਣ ਕੇ ਜ਼ੁਲਮ ਤੇ ਅਨਿਆ ਨਾਲ ਟੱਕਰ ਲਈ, ਉੱਥੇ ਆਪ ਜੀ ਨੇ ਅਧਿਆਤਮਕ ਵਿਅਕਤੀਤਵ ਰਾਹੀਂ ਸੰਸਾਰ ਦੀਆਂ ਚਾਰ ਉਦਾਸੀਆਂ ਨਾਲ ਦੂਰ-ਦੂਰ ਤਕ ਭੁੱਲੇ-ਭਟਕੇ ਲੋਕਾਂ ਨੂੰ ਆਪਣੇ ਉਪਦੇਸ਼ਾਂ ਰਾਹੀਂ ਪ੍ਰਚਾਰ-ਪ੍ਰਸਾਰ ਕਰ ਕੇ ਜੀਵਨ ਦਾ ਸਹੀ ਮਾਰਗ ਦਰਸਾਇਆ। ਚਾਰ ਉਦਾਸੀਆਂ ਦੌਰਾਨ ਉਨ੍ਹਾਂ ਨੇ ਮਹੱਤਰਪੂਰਨ ਇਤਿਹਾਸਿਕ ਕਾਰਜ ਇਹ ਵੀ ਕੀਤਾ ਕਿ ਸਮਕਾਲੀ ਭਗਤ ਸਾਹਿਬਾਨ ਦੀ ਬਾਣੀ ਇਕੱਤਰ ਕੀਤੀ, ਉਹ ਬਾਣੀ ਜੋ ਗੁਰੂ-ਆਸ਼ੇ ਅਨੁਸਾਰ ਪ੍ਰਭੂ-ਪ੍ਰੀਤੀ ਦੱਸਦੀ ਭਗਤੀ-ਅੰਦੋਲਨ ਦਾ ਅਨਮੋਲ ਖ਼ਜ਼ਾਨਾ ਸੀ। ਪ੍ਰਭੂ-ਪਿਆਰ ਤੇ ਇਕਮਿਕਤਾ ਲਈ 'ਸਿੱਖ ਧਰਮ' ਨੂੰ ਪਰਿਭਾਸ਼ਤ ਕਰਨ ਦੇ ਨਾਲ-ਨਾਲ ਲੋਕਾਂ ਨੂੰ ਰੱਬੀ ਸੰਦੇਸ਼ ਦੇ ਕੇ ਮਾਨਸਿਕ ਤੇ ਅਧਿਆਤਮਿਕ ਤੌਰ 'ਤੇ ਉੱਚਾ ਚੁੱਕਿਆ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥* (ਪੰਨਾ ੧੪੧੨)

ਗੁਰੂ ਜੀ ਦੁਆਰਾ ਸਿਰਜਿਆ ਇਹ ਵਿਲੱਖਣ ਧਰਮ ਪਹਿਲੇ ਵਿਸ਼ਿਸ਼ਟ ਧਰਮਾਂ ਤੋਂ ਆਪਣੇ ਦਾਰਸ਼ਨਿਕ ਸਿਧਾਂਤਾਂ ਕਰਕੇ ਵਿਲੱਖਣ ਸੀ। ਇਸ ਦੀ ਨੀਂਹ ਊਚ-ਨੀਚ ਤੇ ਜਾਤਾਂ-ਪਾਤਾਂ ਤੋਂ ਪਰ੍ਹੇ ਮਨੁੱਖ ਦੇ ਸਚਿਆਰ ਹੋਣ ਵਿਚ ਸੀ, ਜਿਸ ਦਾ ਆਧਾਰ 'ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ' ਸੀ। ਗ੍ਰਹਿਸਥ ਵਿਚ ਰਹਿ ਕੇ ਉੱਚੇ-ਸੁੱਚੇ ਆਦਰਸ਼ਾਂ ਨੂੰ ਅਪਣਾਅ ਕੇ ਮਾਨਵ ਕਲਿਆਣ ਹੀ ਇਸ ਧਰਮ ਦਾ ਮੁੱਖ ਮਨੋਰਥ ਸੀ। 'ਸ਼ਬਦ' ਰਾਹੀਂ ਸਿਮਰਨ-ਸਾਧਨਾ ਦੇ ਮਾਧਿਅਮ ਰਾਹੀਂ ਉਸ ਅਕਾਲ

ਪੁਰਖ ਨਾਲ ਜੁੜਨਾ ਤੇ ਜੀਵਨ ਵਿਚ ਸਦਾਚਾਰਕ ਕੀਮਤਾਂ ਦੇ ਹਮੇਸ਼ਾ ਧਾਰਨੀ ਬਣਨਾ ਸਿੱਖ ਧਰਮ ਦੀ ਵਿਲੱਖਣ ਵਿਸ਼ੇਸ਼ਤਾ ਸੀ। ਗੁਰੂ ਜੀ ਦੀ ਬਾਣੀ ਜਪੁਜੀ ਸਾਹਿਬ, ਬਾਰਹ ਮਾਹਾ, ਰਾਗ ਤੁਖਾਰੀ, ਸਿਧ ਗੋਸਟਿ, ਦਖਣੀ ਓਅੰਕਾਰ, ਪੱਟੀ, ਅਲਾਹੁਣੀਆਂ, ਤਿੰਨ ਵਾਰਾਂ (ਆਸਾ, ਮਾਝ ਤੇ ਮਲ੍ਹਾਰ), ਪਹਰੇ, ਸੋਹਿਲਾ, ਛੰਤ, ਥਿਤੀ, ਕੁਚਜੀ, ਸੁਚਜੀ, ਪਦੇ, ਸਲੋਕ ਸਿੱਖ ਧਰਮ ਦੇ ਮੂਲ ਸਿਧਾਂਤਾਂ ਨੂੰ ਰੂਪਮਾਨ ਕਰਦੀਆਂ ਹਨ। ਇਹ ਸਿਧਾਂਤ ਹੀ ਸਿੱਖ ਸੱਭਿਆਚਾਰ ਦੀ ਜੀਵਨ-ਜਾਚ, ਰਹਿਤ-ਮਰਯਾਦਾ ਤੇ ਸੱਚੇ-ਸੁੱਚੇ ਆਦਰਸ਼ਾਂ ਦਾ ਤੱਤ-ਸਾਰ ਹਨ।

ਗੁਰੂ ਜੀ ਵੱਲੋਂ ਸਿੱਖ ਧਰਮ ਦੇ ਲਾਏ ਇਸ ਪੌਦੇ ਨੂੰ ਬਾਕੀ ਨੌਂ ਗੁਰੂ ਸਾਹਿਬਾਨ ਨੇ ਜੋਤ ਰੂਪ ਵਿਚ ਆਪੋ-ਆਪਣੇ ਤਰੀਕਿਆਂ ਰਾਹੀਂ ਪ੍ਰਚਾਰਿਆ ਤੇ ਪ੍ਰਸਾਰਿਆ। ਦੂਸਰੇ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਤੇ ਉਨ੍ਹਾਂ ਰਾਹੀਂ ਭਗਤ ਸਾਹਿਬਾਨ ਦੀ ਇਕੱਤਰ ਬਾਣੀ ਦੀ ਸੰਭਾਲ ਕੀਤੀ ਤੇ ਗੁਰਮੁਖੀ ਲਿਪੀ ਦਾ ਪ੍ਰਚਾਰ ਕੀਤਾ। ਇਸੇ ਤਰ੍ਹਾਂ ਤੀਸਰੇ ਗੁਰੂ, ਸ੍ਰੀ ਗੁਰੂ ਅਮਰਦਾਸ ਜੀ ਨੇ ਬਾਣੀ-ਪ੍ਰਚਾਰ ਲਈ ਮੰਜੀ ਪ੍ਰਥਾ ਕਾਇਮ ਕੀਤੀ। ਚੌਥੇ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਤੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਸੰਦ ਪ੍ਰਥਾ ਨਾਲ ਬਾਣੀ ਸੰਦੇਸ਼ ਰਾਹੀਂ ਸਿੱਖ ਧਰਮ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ। ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ, ਅੰਮ੍ਰਿਤ-ਸਰੋਵਰ ਦੀ ਸੰਪੂਰਨਤਾ ਤੇ ਸਭ ਤੋਂ ਵੱਡੀ ਘਾਲਣਾ *ਪੋਥੀ ਪਰਮੇਸਰ ਦਾ ਥਾਨੁ* ਨੂੰ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ' ਬਖਸ਼ਣਾ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਇਤਿਹਾਸਿਕ ਪ੍ਰਾਪਤੀਆਂ ਹਨ। ਇਸੇ ਸਮੇਂ ਦਿੱਲੀ ਤਖਤ ਤੇ ਬਾਦਸ਼ਾਹ ਜਹਾਂਗੀਰ ਰਾਹੀਂ ਪੰਜਵੇਂ ਗੁਰੂ ਜੀ ਦੀ ਲਾਸਾਨੀ ਸ਼ਹਾਦਤ ਸਿੱਖ ਧਰਮ ਤੇ ਇਤਿਹਾਸ ਦੇ ਪੰਨਿਆਂ ਉੱਪਰ ਇਕ ਐਸਾ ਦਰਦਨਾਕ ਸਾਕਾ ਸੀ, ਜਿਸ ਨੇ ਸਿੱਖ ਸੱਭਿਆਚਾਰ ਦੀ ਰੂਪ-ਰੇਖਾ ਨੂੰ ਨਵੇਂ ਅਰਥ ਦਿੱਤੇ। ਉਨ੍ਹਾਂ ਦਾ ਇਸ ਪ੍ਰਸੰਗ ਵਿਚ ਫੁਰਮਾਨ ਸੀ:

*ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ (ਪੰਨਾ ੩੯੪)*

ਡਾ. ਸੁਰਿੰਦਰ ਸਿੰਘ ਦਾ ਇਸ ਪ੍ਰਸੰਗ ਵਿਚ ਕਥਨ ਹੈ ਕਿ "ਸੰਸਾਰ ਭਰ ਦੇ ਇਤਿਹਾਸਾਂ ਵਿਚ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਇਕ ਅਦੁੱਤੀ ਕਾਰਨਾਮਾ ਹੈ। ਇਹ ਸ਼ਹੀਦੀ ਕਿਸੇ ਨਿੱਜੀ, ਵਿਸ਼ੇਸ਼ ਧਾਰਮਿਕ ਸਿਧਾਂਤ ਲਈ ਨਹੀਂ ਦਿੱਤੀ ਗਈ, ਸਗੋਂ ਇਹ ਸਰਬ ਧਰਮਾਂ ਦੀ ਸੁਤੰਤਰ ਪ੍ਰਫੁਲਤਾ ਲਈ ਦਿੱਤੀ ਗਈ ਕੁਰਬਾਨੀ ਹੈ।" ਜਿਸ ਦਾ ਮੂਲ ਮੰਤਵ ਮਾਨਸਿਕ ਤੌਰ 'ਤੇ ਮਰ ਰਹੀ, ਡਿਗ ਰਹੀ ਕੌਮ ਨੂੰ ਨਿਰਭੈ ਹੋਣਾ ਸਿਖਾਉਣਾ ਸੀ ਤੇ ਭੈਅ ਅਧੀਨ ਕਿਸੇ ਜ਼ਾਬਰ ਦੀ ਈਨ ਨਹੀਂ ਮੰਨਣਾ, ਇਸ ਦਾ ਮੂਲ ਆਸ਼ਾ ਸੀ। ਇਸ ਨਿਰਭੈਤਾ ਲਈ ਗੁਰੂ ਜੀ ਦਾ ਕਥਨ ਹੈ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*

*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* *(ਪੰਨਾ ੧੪੨੭)*

ਪ੍ਰਭੂ-ਭਾਣੇ ਦੇ ਇਸ ਮਹਾਂਵਾਕ ਨੇ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਰਾਹੀਂ ਮੀਰੀ-ਪੀਰੀ ਦੇ ਸੰਕਲਪ ਨੂੰ ਜਨਮ ਦਿੱਤਾ। ਇਸੇ ਸਮੇਂ ਅਕਾਲ ਤਖ਼ਤ ਦੀ ਸਥਾਪਨਾ ਵੀ ਸਿੱਖ ਸੱਭਿਆਚਾਰ ਨੂੰ ਇਕ ਨਵੇਂ ਅਧਿਆਇ ਨਾਲ ਜੋੜਦੀ ਨਜ਼ਰ ਆਉਂਦੀ ਹੈ। ਇਸੇ ਤਰ੍ਹਾਂ ਸਤਵੇਂ ਗੁਰੂ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਨੂੰ ਪ੍ਰਚਾਰਕ ਕੇਂਦਰ ਬਣਾ ਕੇ ਗੁਰਬਾਣੀ ਸੰਦੇਸ਼ ਰਾਹੀਂ ਸਿੱਖ ਧਰਮ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦੇ ਹੀ ਸਪੁੱਤਰ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਵੀ ਛੋਟੀ ਉਮਰ ਵਿਚ ਸਿੱਖ ਧਰਮ ਦੇ ਉਪਦੇਸ਼ਾਂ ਨੂੰ ਦਿੱਲੀ ਅਤੇ ਹੋਰ ਇਲਾਕਿਆਂ ਵਿਚ ਪ੍ਰਚਾਰਿਆ ਪ੍ਰਸਾਰਿਆ। ਸਮਕਾਲੀ ਪ੍ਰਸਥਿਤੀਆਂ ਸਿੱਖ ਧਰਮ ਦੀ ਵਿਕਾਸ ਪ੍ਰਤੀ ਵੱਡੀ ਰੁਕਾਵਟ ਬਣੀਆਂ ਹੋਈਆਂ ਸਨ। ਧਾਰਮਿਕ ਕੱਟੜਤਾ ਦੇ ਇਸ ਜ਼ਾਲਮਾਨਾ ਨਾਚ ਵਿਚ ਹਿੰਦ ਦੇ ਧਰਮ ਦੀ ਅਜ਼ਾਦੀ ਤੇ ਮਾਨਵਤਾ ਦੇ ਭਲੇ ਲਈ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵਿਚ ਦਿੱਤੀ ਸ਼ਹਾਦਤ ਸਿੱਖ ਸੱਭਿਆਚਾਰ ਨੂੰ ਨਵਾਂ ਇਤਿਹਾਸ ਬਖਸ਼ਦੀ ਹੈ। ਦਸਵੇਂ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਔਰੰਗਜ਼ੇਬ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨ ਤੇ ਸਮੁੱਚੀ ਲੋਕਾਈ ਨੂੰ ਆਤਮਿਕ ਤੌਰ 'ਤੇ ਉੱਚਾ ਚੁੱਕਣ ਲਈ ਸੰਘਰਸ਼ ਭਰਿਆ ਸੀ। ਉਨ੍ਹਾਂ ਵੱਲੋਂ ਸੰਨ ੧੬੯੯ ਈ. ਵਿਚ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਥਾਪਨਾ ਉਸ ਗੁਰੂ-ਆਸ਼ੇ ਦੀ ਸੰਪੂਰਨਤਾ ਸੀ, ਜੋ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ 'ਸਚਿਆਰ' ਦੀ ਪਰਿਭਾਸ਼ਾ ਦੇ ਕੇ ਸਿੱਖ ਜਗਤ ਨੂੰ ਬਖਸ਼ਿਆ ਸੀ। ਖਾਲਸੇ ਦੀ ਸਥਾਪਨਾ ਵਿਸ਼ਵ ਦੇ ਇਤਿਹਾਸ ਵਿਚ ਇਕ ਗੌਰਵਮਈ ਅਧਿਆਇ ਹੈ, ਜਿੱਥੇ ਭਗਤੀ ਤੇ ਸ਼ਕਤੀ ਦੇ ਸੁਮੇਲ ਨਾਲ ਮਾਨਵ-ਮੁਕਤੀ ਸੰਭਵ ਹੈ। ਜਿੱਥੇ 'ਆਪੇ ਗੁਰੂ ਚੇਲਾ' ਬਣ ਕੇ ਅੰਮ੍ਰਿਤ ਦੀ ਦਾਤ ਨਾਲ ਖਾਲਸਾ ਸਿੰਘ ਸੱਜਦਾ ਹੈ। ਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਰਾਹੀਂ ਮਰ ਰਹੀ ਕੌਮ ਵਿਚ 'ਖਾਲਸੇ' ਦਾ ਰੰਗ ਭਰਿਆ ਤੇ ਮੌਕੇ ਦੇ ਜ਼ਾਲਮ ਹਾਕਮਾਂ ਦਾ ਟਾਕਰਾ ਕਰਨ ਲਈ 'ਨਿਰਭੈ ਸਿੰਘਾਂ' ਦੀ ਅਜਿਹੀ ਫੌਜ ਤਿਆਰ ਕੀਤੀ, ਜੋ ਜੰਗ ਵਿਚ ਜੂਝ ਕੇ ਕੁਰਬਾਨ ਹੋਣਾ ਜਾਣਦੀ ਸੀ ਤੇ ਈਨ ਨਹੀਂ sI mMIskdI[ ies KwlsydI inAwrI pihcwx *'ਸੁਭ ਕਰਮਨ ਤੇ ਕਬਹੂੰ ਨ ਟਰੋਂ'* ਤੇ *ਨਿਸਚੈ ਕਰ ਅਪਨੀ ਜੀਤ ਕਰੋਂ* ਦੇ ਸੰਕਲਪ ਵਿਚ ਸੀ।

ਸਿੱਖ ਸੱਭਿਆਚਾਰ ਦੇ ਇਸ ਸੰਕਲਪ ਵਿਚ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ, ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ, ਚਾਲੀ ਮੁਕਤਿਆਂ ਦੀ ਕੁਰਬਾਨੀ ਦੇ ਨਾਲ-ਨਾਲ ਬੇਅੰਤ ਸਿੰਘਾਂ-ਸਿੰਘਣੀਆਂ ਦੀਆਂ ਸ਼ਹੀਦੀਆਂ ਦੇ ਖ਼ੂਨ ਨਾਲ ਰਚਿਆ ਲਾਸਾਨੀ ਇਤਿਹਾਸ ਹੈ। ਇਨ੍ਹਾਂ ਕੁਰਬਾਨੀਆਂ ਨੇ ਭਾਰਤ ਦੇ ਇਤਿਹਾਸ ਨੂੰ ਨਵੇਂ ਤੱਥ ਬਖਸ਼ੇ, ਨਵੀਂ ਨੁਹਾਰ ਦਿੱਤੀ। ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਜੀ ਦੀ

ਸ਼ਹੀਦੀ ਤੋਂ ਬਾਅਦ ਸਿੱਖ ਪੰਥ ਉੱਪਰ ਸੰਕਟਾਂ ਮੁਸੀਬਤਾਂ ਦਾ ਸਮਾਂ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਆਗਮਨ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਕਾਲ ਤਕ ਦਾ ਸਮਾਂ ਮੁੱਖ ਰੂਪ ਵਿਚ ਸਿੱਖ ਕੌਮ ਦੀ ਹੋਂਦ ਨੂੰ ਬਚਾਉਣ ਦਾ ਸੀ, ਕਿਉਂਕਿ ਸਮੇਂ ਦੀ ਸਰਕਾਰ ਨੇ ਸਿੱਖਾਂ ਦਾ ਘਾਣ ਕਰਨ ਲਈ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਹੋਏ ਸਨ। ਇਸ ਕਠਿਨ ਸਮੇਂ ਵਿਚ ਵੀ ਗੁਰੂ ਜੀ ਦੀਆਂ ਲਾਡਲੀਆਂ ਫੌਜਾਂ ਨੇ ਜੰਗਲਾਂ ਵਿਚ ਭੁੱਖੇ-ਪਿਆਸੇ ਰਹਿ ਕੇ ਵੀ ਚੜ੍ਹਦੀ ਕਲਾ ਵਿਚ ਦੁਸ਼ਮਣਾਂ ਦਾ ਮੁਕਾਬਲਾ ਕੀਤਾ। ਜੰਗਲਾਂ ਵਿਚ ਗੁਰਬਾਣੀ ਦਾ ਆਸਰਾ ਲੈ ਕੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ। ਉਸ ਸਮੇਂ ਦੀਆਂ ਸ਼ਹੀਦੀਆਂ ਦੀ ਕਤਾਰ ਬਹੁਤ ਲੰਬੀ ਹੈ, ਪਰ ਇਨ੍ਹਾਂ ਸ਼ਹੀਦੀਆਂ ਨੇ ਸਿੱਖ ਸੱਭਿਆਚਾਰ ਦੇ ਵਿਭਿੰਨ ਪਸਾਰਾਂ ਵਿਚ ਦ੍ਰਿੜ੍ਹਤਾ ਲਿਆਂਦੀ, ਨਰੋਈ ਤੇ ਸ਼ੁਧ ਜੀਵਨ ਜਾਚ ਦੀ ਲੋੜ ਨੂੰ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਕੀਤਾ ਗਿਆ। ਜਾਂ ਇੰਝ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸਿੱਖ ਸੱਭਿਆਚਾਰ ਸ਼ਹੀਦੀਆਂ ਦਾ ਸੱਭਿਆਚਾਰ ਹੈ, ਜਿਸ ਉੱਪਰ ਜਿਤਨਾ ਵੀ ਮਾਣ ਕਰੀਏ ਥੋੜਾ ਹੈ।

ਸਿੱਖ ਸੱਭਿਆਚਾਰ ਵਿਭਿੰਨ ਸੱਭਿਆਚਾਰ ਦੇ ਪ੍ਰਸੰਗ ਵਿਚ ਤਿੰਨ ਪ੍ਰਸੰਗਾਂ-ਅਧਿਆਤਮਿਕ-ਧਾਰਮਿਕ, ਸਦਾਚਾਰਕ ਤੇ ਸਮਾਜਿਕ-ਇਤਿਹਾਸਿਕ ਪ੍ਰਸੰਗ ਰਾਹੀਂ ਵਿਕਾਸ ਕਰਦਾ ਹੈ। ਇਹ ਪ੍ਰਸੰਗ ਸਾਡੇ ਅਨਮੋਲ ਵਿਰਸੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਸਿੱਖਾਂ ਦੀ ਬਾਹਰੀ ਤੇ ਅੰਦਰੂਨੀ ਰਹਿਤ-ਮਰਯਾਦਾ ਤੇ ਅਜੋਕੇ ਸਮੇਂ ਦੇ ਪ੍ਰਚਾਰ-ਪ੍ਰਸਾਰ ਢੰਗਾਂ ਨਾਲ ਅੰਤਰ ਸੰਬੰਧਿਤ ਹਨ। ਵਿਸ਼ਵੀਕਰਨ, ਬਜ਼ਾਰੀਕਰਨ ਤੇ ਪੱਛਮੀਕਰਨ ਦੇ ਇਸ ਦੌਰ ਵਿਚ ਗੁਰਬਾਣੀ ਦੀਆਂ ਸਿੱਖਿਆਵਾਂ ਸਾਡੀਆਂ ਧਾਰਮਿਕ ਪਰੰਪਰਾਵਾਂ, ਰਹਿਤ ਮਰਯਾਦਾ ਤੇ ਸਦਾਚਾਰਕ ਮੁੱਲਾਂ ਨੂੰ ਬਚਾ ਸਕਦੀਆਂ ਹਨ ਇਸ ਲਈ ਅਜੋਕੀ ਪੀੜ੍ਹੀ ਲਈ ਸਾਨੂੰ ਉਨ੍ਹਾਂ ਤਕਨੀਕਾਂ ਤੇ ਤਰੀਕਿਆਂ ਦਾ ਇਸਤੇਮਾਲ ਕਰਨਾ ਪਵੇਗਾ, ਜਿਸ ਨਾਲ ਸੌਖੇ ਸਰਲ ਢੰਗ ਨਾਲ ਸੰਚਾਰ ਹੋ ਸਕੇ। ਇਸ ਵਾਸਤੇ ਧਾਰਮਿਕ ਕਮੇਟੀਆਂ, ਸੰਸਥਾਵਾਂ ਤੇ ਵਿੱਦਿਅਕ ਅਦਾਰਿਆਂ ਨੂੰ ਨਵੀਆਂ ਤਕਨੀਕਾਂ ਦਾ ਸਹਾਰਾ ਲੈਣਾ ਹੋਵੇਗਾ। ਇਸ ਵਾਸਤੇ ਕੰਪਿਊਟਰ ਵਿਚ ਗੁਰਬਾਣੀ, ਸਿੱਖ ਧਰਮ ਤੇ ਇਤਿਹਾਸ ਨਾਲ ਸੰਬੰਧਿਤ ਵੈਬਸਾਈਟਸ, ਸਰਚ ਇੰਜਨ ਅਤੇ ਹੋਰ ਆਡਿਓ-ਵੀਡੀਓ-ਮੀਡੀਅਮ ਸਮੱਗਰੀ ਉਪਲੱਬਧ ਹੈ। ਦੂਸਰੇ ਪਾਸੇ ਗੁਰਬਾਣੀ ਦੇ ਅਰਥ-ਬੋਧ ਦੀ ਸਰਲ ਵਿਆਖਿਆ ਲਈ ਭਾਰਤ ਦੀਆਂ ਹੋਰ ਭਾਸ਼ਾਵਾਂ ਦੇ ਨਾਲ-ਨਾਲ ਬਦੇਸ਼ੀ ਭਾਸ਼ਾਵਾਂ ਵਿਚ ਵੀ ਯਤਨ ਹੋਣੇ ਜ਼ਰੂਰੀ ਹਨ। ਸਭ ਚੁਣੌਤੀਆਂ ਦੂਰ ਹੋ ਸਕਦੀਆਂ ਹਨ, ਬੱਸ ਇਸ ਪਾਸੇ ਗੰਭੀਰਤਾ ਨਾਲ ਕਾਰਜ ਕਰਨ ਦੀ ਜ਼ਰੂਰਤ ਹੈ ਤਾਂ ਹੀ ਸਾਡਾ ਅਮੀਰ ਵਿਰਸਾ ਸਿੱਖ, ਸੱਭਿਆਚਾਰ ਵਿਕਾਸ ਕਰ ਸਕਦਾ ਹੈ।

■

# ਹਉਮੈ ਬੂਝੈ ਤਾ ਦਰੁ ਸੂਝੈ

*-ਗਿਆਨੀ ਹਰਿਬੰਸ ਸਿੰਘ ਤੇਗ**

ਧਾਰਮਿਕ ਖੇਤਰ ਵਿਚ ਵਿਚਰਦੇ ਜਗਿਆਸੂ ਨੂੰ ਕਈ ਵੇਰ ਕਈ ਸ਼ੰਕੇ ਭਰਮ ਅਤੇ ਦੁਬਿਧਾਵਾਂ ਆ ਘੇਰਦੀਆਂ ਹਨ ਜਿਨ੍ਹਾਂ ਦੀ ਨਵਿਰਤੀ ਲਈ ਐਸਾ ਜਗਿਆਸੂ ਭਟਕਣਾ 'ਚ ਭੀ ਪੈ ਜਾਂਦਾ ਹੈ। ਕਿਸੇ ਚੰਗੇ ਸੱਚੇ-ਸੁੱਚੇ ਸਾਧੂ ਜਾਂ ਸੋਧੇ ਹੋਏ ਮਨੁੱਖੀ ਮਨ ਵਾਲੇ ਮਹਾਂਪੁਰਸ਼ ਦੀ ਭਾਲ ਭੀ ਕਰਦਾ ਹੈ ਤਾਂ ਜੋ ਉਸ ਦੇ ਸ਼ੰਕੇ ਨਵਿਰਤ ਹੋ ਸਕਣ ਅਤੇ ਸਹੀ ਸੇਧ ਮਿਲ ਸਕੇ। ਇਹ ਗੱਲ ਉਨ੍ਹਾਂ ਮਹਾਂਪੁਰਸ਼ ਭੱਟ ਸਾਹਿਬਾਨ ਨੇ ਆਪਣੀ ਬਾਣੀ ਵਿਚ ਬਿਆਨ ਭੀ ਕੀਤੀ ਜੋ ਥਾਓਂ ਥਾਈਂ ਘੁੰਮਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੇ ਸਨ, ਕਿਉਂਕਿ ਧਾਰਮਿਕ ਜਗਤ ਵਿਚ ਪਖੰਡ, ਦਿਖਾਵਾ ਅਤੇ ਫੋਕੇ ਕਰਮ-ਕਾਂਡ ਦਾ ਜਾਲ ਦੇਖ ਕੇ ਆਮ ਜਗਿਆਸੂ ਸਗੋਂ ਹੋਰ ਭੀ ਪ੍ਰੇਸ਼ਾਨ ਹੋ ਜਾਂਦਾ ਹੈ, ਕਿ ਮੈਂ ਹੁਣ ਕੀ ਕਰਾਂ ਤੇ ਕੀ ਨਾਂਹ ਕਰਾਂ? ਕਿਧਰ ਜਾਵਾਂ ਕੋਈ ਗਾਡੀ ਰਾਹ ਮਿਲ ਜਾਵੇ ਤਾਂ ਹੀ ਟਿਕਾਣੇ ਲੱਗ ਸਕੀਦਾ ਹੈ। *ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ* ਇੱਥੇ ਸੰਤ ਅਤੇ ਸਾਧ ਵੱਖ-ਵੱਖ ਅਰਥ ਭਾਵ 'ਚ ਆਏ ਹਨ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਜੀ ਨੂੰ ਗੁਰਮੁਖ ਆਖ ਕੇ ਸਤਿਕਾਰਿਆ ਹੈ: *ਗੁਰਮੁਖ ਗਾਡੀ ਰਾਹੁ ਚਲਾਇਆ॥ . . .* ਮਨੁੱਖੀ ਸਰੀਰ ਦੀ ਬਣਤਰ ਅੱਗ, ਪਾਣੀ, ਮਿੱਟੀ, ਹਵਾ ਅਤੇ ਅਕਾਸ਼ ਪੰਜ ਤੱਤਾਂ ਤੋਂ ਬਣੀ ਹੈ, ਇਨ੍ਹਾਂ ਪੰਜਾਂ ਤੱਤਾਂ ਦੇ ਵੱਖ-ਵੱਖ ਰੂਪ ਸਾਡੇ ਸਰੀਰ ਵਿਚ ਕਾਮ, ਕ੍ਰੋਧ, ਲੋਭ ਮੋਹ ਅਤੇ ਹੰਕਾਰ ਦੇ ਰੂਪ 'ਚ ਵਿਦਮਾਨ ਹਨ। ਇਹ ਉਸ ਸਿਰਜਣਹਾਰ (ਸ਼ਕਤੀ) ਨੇ ਹੀ ਸਾਰੀ ਖੇਡ ਬਣਾਈ ਹੋਈ ਹੈ। ਕੋਈ ਭੀ ਸਰੀਰ ਇਨ੍ਹਾਂ ਤੱਤਾਂ ਅਤੇ ਸ਼ਕਤੀ ਤੋਂ ਬਿਨਾ ਨਹੀਂ ਹੈ। ਸਾਡੀ ਜੀਵ-ਆਤਮਾ ਅਤੇ ਪਰਮਾਤਮਾ ਦੇ ਵਿਚਾਲੇ ਵਿੱਥ ਪਾਉਣ ਵਾਲੀ ਇਹ ਹਉਮੈਂ ਹੀ ਹੈ, ਜੋ ਪ੍ਰਭੂ ਨੇ ਆਪ ਹੀ ਪਾਈ ਹੋਈ ਹੈ। ਇਸ ਕਰਕੇ ਗੁਰਬਾਣੀ ਨੇ ਇਸ ਭੇਦ ਨੂੰ ਸਮਝਾਉਣ ਲਈ ਖੋਲਣ ਲਈ ਕਈ ਥਾਈਂ ਕਈ ਵਾਰ ਤਰ੍ਹਾਂ-ਤਰ੍ਹਾਂ ਦੇ ਪ੍ਰਮਾਣ ਦੇ ਕੇ ਜਗਿਆਸੂ ਨੂੰ ਸੋਝੀ ਦਿੱਤੀ ਹੈ ਕਿ ਜਿਨ੍ਹਾਂ ਚਿਰ ਇਸ ਹਉਮੈਂ ਨੂੰ ਸਹੀ ਰੂਪ 'ਚ ਸਮਝਦਾ ਨਹੀਂ ਉਸ ਦੇ ਕੀਤੇ ਧਰਮ ਕਰਮ ਅਤੇ ਹੋਰ ਭਲੇ ਕਰਮ ਭੀ ਉਸ ਦੀ ਸਹਾਇਤਾ ਨਹੀਂ ਕਰਦੇ, ਸਗੋਂ ਜਗਿਆਸੂ ਦੀ ਹਉਮੈਂ ਹੋਰ ਵਧ ਜਾਂਦੀ ਹੈ ਤੇ ਵੱਡਾ ਗੁਬਾਰ ਬਣ ਕੇ ਇਹ ਹਉਮੈਂ ਨੂੰ ਸਮਝਣ 'ਚ ਵੱਡੀ ਰੁਕਾਵਟ ਬਣ ਜਾਂਦੀ ਹੈ:

*ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥*
*ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥* *(ਪੰਨਾ ੫੬੦)*

ਪੰਜੇ ਵਿਕਾਰ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਮਨੁੱਖੀ ਸਰੀਰ ਦਾ ਹਿੱਸਾ ਹਨ। ਇਹ ਪੰਜੇ ਪ੍ਰਭੂ ਦੀ ਦਾਤ ਭੀ ਹਨ, ਜਿਵੇਂ ਭੋਜਨ ਸਾਡੇ ਸਰੀਰ ਦੀ ਤੰਦਰੁਸਤੀ ਲਈ ਜ਼ਰੂਰੀ ਹੈ, ਪ੍ਰੰਤੂ ਜੇ ਭੋਜਨ ਦਾ ਸੰਤੁਲਨ ਨਾ ਰਹੇ ਅਤੇ ਲੋੜ ਤੋਂ ਬਹੁਤ

**ਪਿੰਡ ਤੇ ਡਾਕ: ਭਾਰਟਾ ਖੁਰਦ, ਜ਼ਿਲ੍ਹਾ ਨਵਾਂ ਸ਼ਹਿਰ। ਮੋ: +੯੧੯੮੫੫੦-੯੦੧੬੩*

ਘੱਟ ਜਾਂ ਵੱਧ ਹੋ ਜਾਵੇ ਤਾਂ ਸਰੀਰ ਰੋਗੀ ਹੋ ਕੇ ਜਰਜਰਾ ਹੋ ਜਾਵੇਗਾ। ਇਵੇਂ ਹੀ ਇਹ ਪੰਜ ਤੱਤ ਅਤੇ ਪੰਜ-ਸ਼ਕਤੀਆਂ ਦਾ ਸੰਤੁਲਨ ਸਾਡੇ ਜੀਵਨ ਦੀ ਸਫਲਤਾ ਲਈ ਜ਼ਰੂਰੀ ਹਨ। ਇਸ ਦੀ ਸੋਝੀ ਹੋਣੀ ਜ਼ਰੂਰੀ ਹੈ।

ਗੁਰਬਾਣੀ ਨੇ 'ਹਉਮੈਂ' ਬਾਰੇ ਕਈ ਭਾਵ ਦਿੱਤੇ ਹਨ। ਹਉਮੈਂ ਦੀ ਵਾਸਨਾ ਕਰਕੇ ਹੀ ਜੀਵਨ ਇੱਥੇ ਆਇਆ ਅਤੇ ਮੈਂ ਵਿਚ ਹੀ ਇੱਥੋਂ ਚਲਾ ਜਾਂਦਾ ਹੈ। ਮੈਂ ਜਾਂ ਹਉਂ ਭਾਵ 'ਚ ਹੀ ਮਨੁੱਖ ਚੰਗੇ-ਮੰਦੇ ਕਰਮ ਕਰਦਾ ਹੈ। ਪੁੰਨ-ਦਾਨ ਅਤੇ ਭਲੇ ਕਰਕੇ ਉਸ ਦਾ ਫਲ "ਵਾਹ ਵਾਹ" ਭੀ ਲੈਂਦਾ। ਇਸ ਹਉਂ ਵਿਚ ਹੀ ਖੱਟੀ ਕਮਾਈ ਕਰਦਾ ਹੈ, ਗੁਆਉਂਦਾ ਹੈ, ਖਰਚਦਾ ਹੈ। ਹਉਮੈਂ ਵਿਚ ਹੀ ਮਨੁੱਖ ਹੱਸਦਾ ਹੈ, ਰੋਂਦਾ ਹੈ ਆਪਣੀ ਜਾਤ ਦਾ ਧਨ-ਦੌਲਤ ਦਾ ਮਾਣ ਕਰਦਾ ਹੈ, ਹਉਮੈਂ ਵਿਚ ਹੀ ਮਾਇਆ ਨੂੰ ਸਤ ਸਮਝੀ ਜਾ ਰਿਹਾ ਹੈ। ਮਨੁੱਖ ਹਉਮੈਂ ਕਾਰਨ ਹੀ ਹੋਰ-ਹੋਰ ਬੰਧਨਾਂ 'ਚ ਜਕੜਦਾ ਜਾ ਰਿਹਾ ਹੈ। ਪਰ ਹਉਮੈਂ ਨੂੰ ਸਮਝਣ ਲਈ ਯਤਨ ਨਹੀਂ ਕਰ ਰਿਹਾ। ਆਪਣੀ ਬੁੱਧੀ ਜਾਂ ਅਕਲ ਨਾਲ ਇਸ ਦੀ ਸਮਝ (ਬੂਝ) ਨਹੀਂ ਹੋ ਸਕਦੀ। ਇਸ ਦੀ ਸੂਝ ਅਤੇ ਬੂਝ ਲਈ ਪੂਰੇ ਗੁਰੂ ਦਾ ਹੁਕਮ (ਗਿਆਨ) ਮੰਨਣਾ ਜ਼ਰੂਰੀ। ਹਉਮੈਂ ਫਿਰ ਭੀ ਕਾਇਮ ਰਹਿੰਦੀ ਹੈ। ਮਲੀਨ ਹਉਮੈਂ ਵੀ ਪਛਾਣ ਪ੍ਰਭੂ ਦੀ ਮਿਹਰ ਨਾਲ ਪੂਰੇ ਗੁਰੂ ਦਾ ਗਿਆਨ ਪ੍ਰਾਪਤ ਕਰ ਕੇ ਉਸ ਦੀ ਕਮਾਈ ਕਰਨ ਨਾਲ ਹਉਮੈਂ ਦਾ ਦੁਖ ਮੁੱਕ ਜਾਂਦਾ ਹੈ।

ਹੰਕਾਰੀ ਮਨੁੱਖ ਦੁਸ਼ਟ ਬਣ ਜਾਂਦਾ ਹੈ, ਹਰਣਾਖਸ਼ ਨੂੰ ਇਸੇ ਲਈ ਦੁਸ਼ਟ ਕਿਹਾ ਗਿਆ ਹੈ, *ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ* ਇਸ ਹਉਮੈਂ ਜਾਂ ਹੰਕਾਰ ਨੂੰ ਤਾਂ ਹੀ ਦੁਸ਼ਟੀ ਆਖਿਆ ਹੈ। *ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ* ਇਸ ਹਉਮੈਂ ਦੁਸ਼ਟੀ ਤੋਂ ਕਿਸੇ ਨੂੰ ਕਿਸੇ ਤਰ੍ਹਾਂ ਭੀ ਸੁਖ ਨਹੀਂ ਮਿਲ ਸਕਦਾ। ਵੈਸੇ ਤਾਂ ਨਿੰਦਾ ਨੂੰ ਭੀ ਦੁਸ਼ਟੀ ਕਿਹਾ ਗਿਆ ਹੈ।

ਵੀਚਾਰਵਾਨਾਂ ਅਤੇ ਅਧਿਆਤਮਵਾਦੀਆਂ ਨੇ ਹਉਮੈਂ ਦੇ ਦੋ ਰੂਪ ਮੰਨੇ ਹਨ, ਭਾਵੇਂ ਰੂਪ ਕਈ ਪ੍ਰਕਾਰ ਦੇ ਭੀ ਹੋ ਸਕਦੇ ਹਨ। ਤ੍ਰਿਸ਼ਨਾ ਨੂੰ ੧੦੮ ਪ੍ਰਕਾਰ ਦੀ ਮੰਨਿਆ ਗਿਆ ਹੈ, ਪ੍ਰੰਤੂ ਮੂਲ ਰੂਪ 'ਚ ਤ੍ਰਿਸ਼ਨਾ ੩ ਪ੍ਰਕਾਰ ਦੀ ਹੀ ਆਖੀ ਗਈ ਹੈ। ਸੋ ਮਲੀਨ ਹਉਮੈਂ ਹੀ ਦੁਖਦਾਈ ਹੈ। ਮਨ ਮੈਲਾ ਹੋਵੇ ਤਾਂ ਸਾਡੀ ਹਉਂ ਜਾਂ ਮੈਂ ਜਾਂ ਹੋਂਦ ਸ਼ੁਧ ਹੋਣੀ ਔਖੀ ਹੁੰਦੀ ਹੈ। ਸੋ ਹਉਮੈਂ ਨੂੰ ਬੁੱਝਣਾ ਹੀ ਸਾਡੇ ਜੀਵਨ ਦਾ ਜੇਕਰ ਉੱਦੇਸ਼ ਹੋਵੇ ਤਾਂ ਫਿਰ ਪ੍ਰਭੂ ਦਾ ਦਰੁ, ਪ੍ਰਭੂ ਦਾ ਘਰੁ ਜਾਂ ਮਹਲ (ਟਿਕਾਣਾ) ਭੀ ਲੱਭ ਜਾਂਦਾ ਹੈ। ਦਰ ਦੀ ਸੋਝੀ ਹੋਣ 'ਤੇ ਜਗਿਆਸੂ ਉਸ ਦੇ ਅੰਦਰ ਸੌਖਾ ਦਾਖ਼ਲ ਹੋ ਜਾਂਦਾ ਹੈ। ਇਸ ਦਰ ਦੀ ਕੁੰਜੀ (ਜੁਗਤੀ) ਪੂਰੇ ਗੁਰੂ ਦੇ ਸ਼ਬਦ ਨੂੰ ਮੰਨਣ ਨਾਲ ਹੀ ਪ੍ਰਾਪਤ ਹੁੰਦੀ ਹੈ, ਕਿਉਂਕਿ ਇਸ ਦੀ ਕੁੰਜੀ ਚਾਬੀ (ਜੁਗਤੀ) ਪੂਰੇ ਸਤਿਗੁਰੂ ਦੇ ਗਿਆਨ (ਸ਼ਬਦ) ਵਿਚ ਹੀ ਹੈ। ਗੁਰਬਾਣੀ ਨੇ ਅਨੇਕਾਂ ਪ੍ਰਮਾਣ ਦੇ ਕੇ ਸਮਝਾਇਆ ਵੀ ਹੈ। ਕੁਝ ਪ੍ਰਮਾਣ ਦਰਜ ਹਨ:

*ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥* *(ਪੰਨਾ ੪੬੬)*

ਪ੍ਰਭੂ ਦੇ ਹੁਕਮ ਨਾਲ ਹੀ ਹਉਂ ਸਭ ਵਿਚ ਪਈ ਹੋਈ ਹੈ, ਇਸੇ ਕਰਕੇ ਜੀਵ ਜੋਨੀਆਂ 'ਚ ਪਏ ਹੋਏ ਹਨ। ਇਸ ਹਉਂ ਵਿਚ ਹੀ ਸਾਰਾ ਸੰਸਾਰ ਭਟਕ ਰਿਹਾ ਹੈ ਦੁਖੀ

ਹੋ ਰਿਹਾ ਹੈ, ਕਲ-ਕਲੇਸ਼ ਵਿਚ ਗ੍ਰਸਤ ਹੈ। ਮਨੁੱਖ ਜਿੰਨਾ ਚਿਰ ਹਉਮੈਂ ਦੀ ਅਸਲੀਅਤ ਜਾਂ ਤੱਤ ਨੂੰ ਨਹੀਂ ਸਮਝਦਾ ਉਨ੍ਹਾਂ ਚਿਰ ਜੀਵ ਦੇ ਕੀਤੇ ਕਰਮ, ਭਗਤੀ ਆਦਿ ਭੀ ਫਲੀਭੂਤ ਹੋਣੇ ਮੁਸ਼ਕਲ ਹਨ:

*-ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ॥ (ਪੰਨਾ ੨੫੨)*
*-ਨਾਨਕ ਹਉ ਹਉ ਕਰਤੇ ਖਪਿ ਮੁਏ ਖੂਹਣਿ ਲਖ ਅਸੰਖ॥ (ਪੰਨਾ ੧੪੧੩)*
*-ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ (ਪੰਨਾ ੧੪੨੮)*
*-ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ॥ (ਪੰਨਾ ੬੮੭)*
*-ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥ (ਪੰਨਾ ੧੩੭੨)*
*-ਹਉਮੈ ਅੰਦਰਿ ਸਭੁ ਕੋ ਸੇਰਹੁ ਘਟਿ ਨ ਕਿਨੈ ਅਖਾਇਆ॥ (ਵਾਰ ੧੮:੧੧)*

ਭਾਵੇਂ ਹਉਮੈਂ ਮਾਰੂ ਰੋਗ ਹੈ, ਦੀਰਘ ਰੋਗ ਹੈ ਪ੍ਰੰਤੂ ਇਸ ਦਾ ਦਾਰੂ ਭੀ ਹਉਮੈਂ ਨੂੰ ਸਮਝ ਕੇ ਸ਼ੁਧ ਹਉਮੈਂ ਵਿਚ ਹੀ ਸੰਭਵ ਹੈ। ਜਿਵੇਂ ਮਾਇਆ ਦੀ ਅਸਲੀਅਤ ਨੂੰ ਸਮਝਦੇ ਮਾਇਆ ਵਿਚ ਰਹਿੰਦਿਆਂ ਹੀ ਮਾਇਆ ਦੀ ਮਾਰ ਤੋਂ ਮੁਕਤ ਹੋਇਆ ਜਾ ਸਕਦਾ ਹੈ, ਇਵੇਂ ਹੀ ਗੁਰੂ ਦੇ ਸ਼ਬਦ (ਗਿਆਨ) ਨੂੰ ਮੰਨ ਕੇ ਗੁਰੂ ਕਿਰਪਾ ਨਾਲ ਹਉਮੈਂ ਨੂੰ ਬੁਝ ਕੇ ਸੂਝ ਨਾਲ ਇਸ ਦੀ ਮਾਰ ਤੋਂ ਬਚ ਕੇ ਪ੍ਰਭੂ ਦੇ ਦਰ ਘਰ ਦੀ ਸੋਝੀ ਹੁੰਦੀ ਹੈ। ਇਹ ਸੌਖਾ ਕਾਰਜ ਨਹੀਂ ਪਰ ਹੋ ਸਕਦਾ ਹੈ:

*ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ॥*
*ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ॥*
*ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ॥*
*ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ॥ (ਪੰਨਾ ੨੫੬)*

ਸੋ ਇਸ ਹਉਮੈਂ ਨੂੰ ਸ਼ੁਧ ਕਰਨ ਵਾਲੇ ਜਗਿਆਸੂ ਨੂੰ ਜੋਧਾ ਅਤੇ ਸੂਰਮਾ ਭੀ ਕਿਹਾ ਗਿਆ ਹੈ:

*-ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥ (ਪੰਨਾ ੮੬)*
*-ਹਉਮੈ ਬੂਝੈ ਤਾ ਦਰੁ ਸੂਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ॥ (ਪੰਨਾ ੪੬੬)*
*-ਗੁਰ ਤੇ ਬੂਝੈ ਤਾ ਦਰੁ ਸੂਝੈ ॥ ਨਾਮ ਵਿਹੂਣਾ ਕਥਿ ਕਥਿ ਲੂਝੈ॥ (ਪੰਨਾ ੧੪੪)*

ਭਗਤ ਕਬੀਰ ਜੀ ਪਾਸ ਅਕਸਰ ਜਗਿਆਸੂ ਮੁਕਤੀ-ਮਾਰਗ ਦੀ ਸੇਧ ਲਈ ਆ ਕੇ ਠਹਿਰਦੇ ਸਨ। ਇਕ ਚੰਗੇ ਗੁਜ਼ਾਰੇ ਵਾਲਾ ਜਗਿਆਸੂ ਭੀ ਪਹੁੰਚਿਆ, ਕਈ ਦਿਨ ਰਹਿ ਕੇ ਉਹ ਕਾਹਲਾ ਪੈ ਗਿਆ ਕਿ ਮੈਨੂੰ ਛੇਤੀ ਹੀ ਦੀਕਸ਼ਾ ਮਿਲੇ। ਪਾਣੀ ਲੈਣ ਭੇਜਿਆ। ਆਉਂਦੀ ਵਾਰੀ ਗਲੀ 'ਚ ਲੰਘਦਿਆਂ ਕੋਠੇ ਉੱਤੋਂ ਇਕ ਇਸਤਰੀ ਨੇ ਕੁਝ ਕੂੜਾ ਆਦਿ ਝਾੜੂ ਨਾਲ ਸੁੱਟ ਦਿੱਤਾ। ਇਹ ਅਮੀਰਜ਼ਾਦਾ ਆਪਣੇ ਹੰਕਾਰ ਕਾਰਨ ਕ੍ਰੋਧੀ ਹੋ ਕੇ ਭੜਕ ਪਿਆ ਕਿ ਮੈਂ ਇੱਥੇ ਕੇਵਲ ਮੁਕਤੀ-ਮਾਰਗ ਦੀ ਸੇਧ ਲਈ ਆਇਆ ਹਾਂ

ਆਪਣੀ ਬੇਇੱਜ਼ਤੀ ਕਰਵਾਉਣ ਨਹੀਂ ਆਇਆ। ਭਗਤ ਕਬੀਰ ਜੀ ਨੇ ਉਸ ਇਸਤਰੀ ਪਾਸੋਂ ਮੁਆਫੀ ਭੀ ਮੰਗਵਾਈ, ਪਰ ਉਸ ਦੇ ਅੰਦਰਲਾ ਹੰਕਾਰ ਆਦਿ ਉਂਞ ਹੀ ਕਾਇਮ ਸੀ। ਭਗਤ ਕਬੀਰ ਜੀ ਨੇ ਕਿਹਾ ਇਹੋ ਹੀ ਕਾਰਨ ਹੈ ਕਿ ਤੈਨੂੰ ਦੀਕਸ਼ਾ ਅਜੇ ਨਹੀਂ ਮਿਲੀ। ਬਾਹਰਲਾ ਕੂੜਾ-ਕਰਕਟ ਤਾਂ ਸਾਫ ਹੋ ਸਕਦਾ ਹੈ, ਪਰ ਤੇਰੇ ਅੰਦਰ ਜੋ ਕੂੜਾ-ਕਰਕਟ ਹੈ, ਉਸ ਦੇ ਹੁੰਦਿਆਂ ਪ੍ਰਭੂ ਦਾ ਨਾਮ ਜਾਂ ਪ੍ਰਭੂ ਦੀ ਹੋਂਦ ਵਾਲਾ ਅਹਿਸਾਸ ਕਿਵੇਂ ਟਿਕ ਸਕਦਾ ਹੈ? ਸੋ ਇਸ ਦੇ ਲਈ ਗੁਰੂ ਦਾ ਹੁਕਮ (ਸ਼ਬਦ) ਗਿਆਨ ਕਮਾਉਣਾ ਜ਼ਰੂਰੀ ਹੈ। ਇਹਦੇ ਨਾਲ-ਨਾਲ ਪੂਰੇ ਗੁਰੂ ਦੀ ਮਿਹਰ (ਨਦਰਿ) ਭੀ ਚਾਹੀਦੀ ਹੈ:

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥* *(ਪੰਨਾ ੪੬੬)*

■


## ਫ਼ਾਰਮ IV ਰੂਲ ੮

| | |
|---|---|
| ੧. ਛਪਣ ਦਾ ਅਸਥਾਨ | ਸ੍ਰੀ ਅੰਮ੍ਰਿਤਸਰ |
| ੨. ਛਪਣ ਦਾ ਸਮਾਂ | ਹਰ ਮਹੀਨੇ ਦੀ ੫ ਤਾਰੀਖ਼ |
| ੩. ਛਾਪਣ ਵਾਲੇ ਦਾ ਨਾਂ | ਸ. ਦਿਲਜੀਤ ਸਿੰਘ |
| ਕੌਮੀਅਤ | ਭਾਰਤੀ |
| ਪਤਾ | ਐਡੀ: ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। |
| ੪. ਪ੍ਰਕਾਸ਼ਕ ਦਾ ਨਾਂ | ਸ. ਦਿਲਜੀਤ ਸਿੰਘ |
| ਕੌਮੀਅਤ | ਭਾਰਤੀ |
| ਪਤਾ | ਐਡੀ: ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। |
| ੫. ਸੰਪਾਦਕ | ਸਤਵਿੰਦਰ ਸਿੰਘ |
| ਕੌਮੀਅਤ | ਭਾਰਤੀ |
| ਪਤਾ | ਸੰਪਾਦਕ, 'ਗੁਰਮਤਿ ਪ੍ਰਕਾਸ਼' ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ । |
| ੬. ਮਾਲਕ | ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ । |

ਮੈਂ ਸਤਵਿੰਦਰ ਸਿੰਘ ਘੋਸ਼ਣਾ ਕਰਦਾ ਹਾਂ ਕਿ ਜਿਥੋਂ ਤਕ ਮੈਨੂੰ ਪਤਾ ਹੈ, ਉੱਪਰ ਦਿੱਤੀ ਜਾਣਕਾਰੀ ਸਹੀ ਹੈ ।

ਸਹੀ/- ਸਤਵਿੰਦਰ ਸਿੰਘ
ਸੰਪਾਦਕ, 'ਗੁਰਮਤਿ ਪ੍ਰਕਾਸ਼'

# ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ

*-ਡਾ. ਜਸਵਿੰਦਰ ਸਿੰਘ**

ਦੁਨੀਆ ਦੇ ਕਿਸੇ ਵੀ ਧਰਮ ਜਾਂ ਸਮਾਜ ਵਿਚ ਇਸਤਰੀ ਨੂੰ ਇੰਨਾ ਮਾਣ ਨਹੀਂ ਦਿੱਤਾ ਗਿਆ, ਜਿੰਨਾ ਸਿੱਖ ਧਰਮ ਵਿਚ ਦਿੱਤਾ ਗਿਆ ਹੈ। ਗੁਰੂ-ਕਾਲ ਤੋਂ ਪਹਿਲਾਂ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਇਸਤਰੀ ਦੀ ਦਸ਼ਾ ਚੰਗੀ ਨਹੀਂ ਸੀ। ਮਰਦ ਨਾਲੋਂ ਇਸਤਰੀ ਦਾ ਦਰਜਾ ਨੀਵਾਂ ਸਮਝਿਆ ਜਾਂਦਾ ਸੀ। ਭਾਵੇਂ ਸਾਰੇ ਸੰਸਾਰ ਵਿਚ ਮਨੁੱਖਤਾ ਦੀ ਉਤਪਤੀ ਇਸਤਰੀਆਂ ਦੇ ਉਦਰ ਤੋਂ ਹੋਈ ਪ੍ਰੰਤੂ ਫਿਰ ਵੀ ਉਸ ਨੂੰ ਪੁਰਸ਼ ਦੇ ਬਰਾਬਰ ਹੱਕ ਪ੍ਰਾਪਤ ਨਹੀਂ ਹੋਏ। ਪੁਰਸ਼ ਪ੍ਰਧਾਨ ਸਮਾਜ ਵਿਚ ਉਸ ਨੂੰ ਹੋਰਨਾਂ ਵਸਤਾਂ ਦੀ ਤਰ੍ਹਾਂ ਸਿਰਫ਼ ਵਸਤੂ ਹੀ ਸਮਝਿਆ ਗਿਆ।

ਵੈਦਿਕ ਕਾਲ ਵਿਚ ਇਸਤਰੀ ਦੀ ਸਥਿਤੀ ਕੁਝ ਚੰਗੀ ਸੀ, ਪ੍ਰੰਤੂ ਫਿਰ ਵੀ ਇਸਤਰੀਆਂ ਨੂੰ ਘਰਾਂ ਦੀ ਚਾਰ ਦੀਵਾਰੀਆਂ ਦੇ ਅੰਦਰ ਹੀ ਰੱਖਿਆ ਜਾਂਦਾ ਸੀ ਤਾਂ ਕਿ ਉਹ ਸੁਰੱਖਿਅਤ ਰਹਿਣ। ਮੱਧਕਾਲ ਵਿਚ ਇਸਤਰੀ ਦੀ ਸਥਿਤੀ ਵਧੇਰੇ ਦਰਦਨਾਕ ਹੋ ਗਈ। ਇਸਤਰੀ ਨੂੰ ਹਰ ਖੇਤਰ ਵਿਚ ਪਿਛਾਂਹ ਰੱਖਿਆ ਜਾਣ ਲੱਗਾ। ਸਮਾਜ ਵਿਚ ਇਸਤਰੀਆਂ ਪ੍ਰਤੀ ਕਈ ਪ੍ਰਕਾਰ ਦੀਆਂ ਕੁਰੀਤੀਆਂ ਪੈਦਾ ਹੋ ਗਈਆਂ। ਮਨੂੰ ਸਿਮਰਤੀ ਵਿਚ ਇਸਤਰੀ ਨੂੰ ਕਾਮਿਨੀ ਤੇ ਸਰਪਣੀ ਆਦਿਕ ਕਹਿ ਕੇ ਨਿੰਦਿਆ ਜਾਣ ਲੱਗਾ ਜਿਵੇਂ:

*"ਢੋਰ, ਗਵਾਰ, ਸੂਦਰ ਅਰੁ ਨਾਰੀ। ਯੇ ਸਭ ਤਾੜਨ ਕੇ ਅਧਿਕਾਰੀ।"*

ਮਨੂੰ ਨੇ ਤਾਂ ਇੱਥੋਂ ਤਕ ਵੀ ਕਿਹਾ ਕਿ ਇਸਤਰੀ ਸਭ ਦੁੱਖਾਂ ਦਾ ਮੂਲ ਕਾਰਨ ਹੈ। ਇਸ ਕਰਕੇ ਇਸਤਰੀ ਨੂੰ ਕਦੀ ਅਜ਼ਾਦੀ ਨਹੀਂ ਦੇਣੀ ਚਾਹੀਦੀ। ਇਸ ਉੱਤੇ ਹਮੇਸ਼ਾਂ ਕਿਸੇ ਨਾ ਕਿਸੇ ਦੀ ਸਰਪ੍ਰਸਤੀ ਚਾਹੀਦੀ ਹੈ, ਜਿਵੇਂ ਕਿ ਬਚਪਨ ਵਿਚ ਪਿਤਾ ਦੀ, ਵਿਆਹ ਪਿੱਛੋਂ ਪਤੀ ਦੀ ਅਤੇ ਜੇ ਪਤੀ ਮਰ ਜਾਵੇ ਤਾਂ ਪੁੱਤਰ ਦੀ।

ਇਸੇ ਹੀ ਤਰ੍ਹਾਂ ਬਾਕੀ ਧਰਮਾਂ ਜਿਵੇਂ ਈਸਾਈ ਧਰਮ ਵਿਚ ਵੀ ਇਸਤਰੀ ਦਾ ਦਰਜਾ ਮਰਦ ਨਾਲੋਂ ਨੀਵਾਂ ਹੈ। ਈਸਾਈ ਮਤ ਅਨੁਸਾਰ ਸਭ ਪਾਪਾਂ ਤੇ ਗੁਨਾਹਾਂ ਦਾ ਸੋਮਾ ਤੇ ਸਾਧਨ ਇਸਤਰੀ ਹੈ। ਮਹਾਤਮਾ ਬੁੱਧ ਇਸਤਰੀ ਨੂੰ ਧਰਮ ਦੇ ਮਾਰਗ 'ਤੇ ਚੱਲਣ ਵਾਲੇ ਮਰਦਾਂ ਦੇ ਰਾਹ ਵਿਚ ਰੋੜਾ ਹੀ ਸਮਝਦੇ ਸਨ। ਜੋਗੀਆਂ ਨੇ ਵੀ ਇਸਤਰੀ ਪ੍ਰਤੀ ਨਫ਼ਰਤ ਨੂੰ ਬਿਲਕੁਲ ਸਿਰੇ ਤੇ ਪਹੁੰਚਾ ਦਿੱਤਾ। ਇਸਤਰੀ ਨੂੰ ਮੁਕਤੀ ਪ੍ਰਾਪਤ ਦੇ ਰਸਤੇ ਵਿਚ ਰੁਕਾਵਟ ਸਮਝਿਆ।

ਭਾਰਤ ਵਿਚ ਮੁਸਲਮਾਨਾਂ ਦੇ ਆਉਣ ਨਾਲ ਇਸਤਰੀ ਉੱਤੇ ਹੋਰ ਅੱਤਿਆਚਾਰ ਹੋਣ ਲੱਗ ਪਏ। ਮੁਸਲਮਾਨ ਹਾਕਮ ਇਸਤਰੀਆਂ ਨੂੰ ਜਬਰਦਸਤੀ ਉਠਾ ਕੇ, ਗ਼ੁਲਾਮ ਬਣਾ ਕੇ ਉਨ੍ਹਾਂ ਨਾਲ ਕਈ ਪ੍ਰਕਾਰ ਦੇ ਜ਼ੁਲਮ ਕਰਨ ਲੱਗ ਪਏ। ਸਤੀ ਦੀ ਰਸਮ ਚੱਲ ਪਈ, ਰਾਜਪੂਤ ਇਸਤਰੀਆਂ ਜੌਹਰ ਦੀ ਰਸਮ ਕਰਨ ਲੱਗ ਪਈਆਂ। ਜਦੋਂ ਰਾਜਪੂਤ

**ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼, ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ। ਜ਼ਿਲ੍ਹਾ ਤਰਨਤਾਰਨ ਮੋ: +੯੧੭੫੦੮੭-੮੬੬੭੬*

ਹਾਰ ਜਾਂਦੇ ਜਾਂ ਮਰ ਜਾਂਦੇ ਤਾਂ ਉਨ੍ਹਾਂ ਦੀਆਂ ਇਸਤਰੀਆਂ ਆਪਣੇ ਆਪ ਨੂੰ ਵੀ ਅਗਨ-ਭੇਟ ਕਰ ਦਿੰਦੀਆਂ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜੁੱਗਾਂ ਤੋਂ ਧਰਮ ਅਤੇ ਸਮਾਜ ਦੁਆਰਾ ਇਸਤਰੀ ਨੂੰ ਨੀਵਾਂ ਵਿਖਾਇਆ ਜਾਂਦਾ ਰਿਹਾ ਹੈ। ਕਈ ਵਾਰ ਇਸਤਰੀ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਇਸਤਰੀ ਨਾਲ ਬੁਰਾ ਵਿਵਹਾਰ ਰੋਜ਼ ਹੀ ਹੁੰਦਾ ਰਿਹਾ। ਪਰੰਤੂ ਇਸ ਦੇ ਨਾਲ ਹੀ ਭਾਰਤ ਵਿਚ ਇਸਤਰੀ ਨੂੰ ਉੱਚਾ ਉਠਾਉਣ ਲਈ ਬਹੁਤ ਸਾਰੀਆਂ ਸਮਾਜਿਕ ਤੇ ਧਾਰਮਿਕ ਲਹਿਰਾਂ ਚੱਲਦੀਆਂ ਰਹੀਆਂ ਹਨ। ਇਸਤਰੀ ਦੀ ਸਥਿਤੀ ਵਿਚ ਸੁਧਾਰ ਕਰਨ ਲਈ ਸ਼ੁਰੂਆਤ ਤਾਂ ਕਾਫ਼ੀ ਤੇਜ਼ੀ ਨਾਲ ਹੁੰਦੀ ਰਹੀ, ਪਰ ਹੌਲੀ-ਹੌਲੀ ਇਹ ਲਹਿਰਾਂ ਮੱਧਮ ਪੈ ਜਾਂਦੀਆਂ ਰਹੀਆਂ ਹਨ, ਕਈ ਸਮਾਜ ਸੁਧਾਰਕਾਂ ਨੇ ਸਤੀ ਅਤੇ ਕੰਨਿਆ ਹੱਤਿਆ ਵਰਗੇ ਜ਼ੁਲਮਾਂ ਨੂੰ ਬੰਦ ਕਰਾਉਣ ਲਈ ਪੂਰੀ ਜ਼ੋਰਦਾਰ ਅਵਾਜ਼ ਉਠਾਈ, ਪ੍ਰੰਤੂ ਇਸਤਰੀ ਦੀ ਦਸ਼ਾ ਵਿਚ ਬਹੁਤਾ ਸੁਧਾਰ ਨਾ ਆ ਸਕਿਆ ਭਾਰਤ ਦੇਸ਼ ਦੇ ਅੰਦਰ ਇਸਤਰੀ ਦੀ ਅਤਿ ਨਿਘਰ ਚੁੱਕੀ ਹਾਲਤ, ਇਸਤਰੀ ਦੇ ਮਾਣ, ਸਨਮਾਨ ਅਤੇ ਇਸਤਰੀ ਦੇ ਹੱਕ ਲਈ ਜੇਕਰ ਕੋਈ ਅਵਾਜ਼ ਬੁਲੰਦ ਹੋਈ ਤਾਂ ਉਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸੀ। ਗੁਰੂ ਸਾਹਿਬ ਨੇ ਇਸਤਰੀ ਨੂੰ ਸਰੀਰ ਦੇ ਰੂਪ ਵਿਚ ਨਹੀਂ, ਬਲਕਿ ਨੇ ਸਿਰਫ਼ ਗੁਣ ਦੇ ਰੂਪ ਵਿਚ ਦੇਖਿਆ। ਗੁਰੂ ਜੀ ਨੇ ਉਨ੍ਹਾਂ ਸਾਰੇ ਗ਼ਲਤ ਖਿਆਲਾਂ 'ਤੇ ਕਰਾਰੀ ਚੋਟ ਕੀਤੀ ਜੋ ਇਸਤਰੀ ਨੂੰ ਮੁਕਤੀ ਦੇ ਰਾਹ ਵਿਚ ਰੁਕਾਵਟ ਸਮਝਦੇ ਹਨ। ਗੁਰੂ ਸਾਹਿਬਾਨ ਨੇ ਕਿਹਾ ਕਿ ਇਸਤਰੀ ਦਾ ਦਰਜਾ ਨੀਵਾਂ ਨਹੀਂ, ਸਗੋਂ ਆਪਣੇ ਆਪ ਵਿਚ ਸੰਪੂਰਨ ਹੈ ਤੇ ਉਹ ਦੇਵਰ-ਜੇਠ ਦੋਹਾਂ ਨੂੰ ਮੱਤਾਂ ਦੇਣ ਜੋਗੀ ਹੈ:

*ਸਭ ਪਰਵਾਰੈ ਮਾਹਿ ਸਰੇਸਟ॥ ਮਤੀ ਦੇਵੀ ਦੇਵਰ ਜੇਸਟ॥* *(ਪੰਨਾ ੩੭੧)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਮਝਾਇਆ ਕਿ ਸਾਰੀ ਮਨੁੱਖ ਜਾਤੀ ਨੂੰ ਜਨਮ ਦੇਣ ਵਾਲੀ ਇਸਤਰੀ ਹੈ ਫਿਰ ਉਸ ਨੂੰ ਬੁਰਾ ਭਲਾ ਕਿਉਂ ਕਹਿੰਦੇ ਹੋ? ਇਸਤਰੀ ਬਿਨਾ ਇਹ ਦੁਨੀਆ ਨਹੀਂ ਚੱਲਦੀ ਅਤੇ ਇਸਤਰੀ ਬਿਨਾ ਇਹ ਸਮਾਜ ਨਹੀਂ ਬਣਦਾ। ਇਸਤਰੀ ਬਿਨਾ ਕੋਈ ਰਿਸ਼ਤਾ ਨਹੀਂ ਜੁੜਦਾ। ਇਸਤਰੀ ਨਾਲ ਹੀ ਵਿਆਹ ਹੋ ਕੇ ਰਿਸ਼ਤੇਦਾਰੀ ਦੇ ਸੰਬੰਧ ਪੈਦਾ ਹੁੰਦੇ ਹਨ ਅਤੇ ਇਸ ਦੇ ਨਾਲ ਹੀ ਮਨੁੱਖੀ ਸਮਾਜ ਹੋਂਦ ਵਿਚ ਆਉਂਦਾ ਹੈ। ਇਸ ਲਈ ਇਸਤਰੀ ਨੂੰ ਨੀਵਾਂ ਕਿਵੇਂ ਕਿਹਾ ਜਾ ਸਕਦਾ ਹੈ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥* *(ਪੰਨਾ ੪੭੩)*

ਗੁਰਮਤਿ ਅਨੁਸਾਰ ਇਸਤਰੀ ਧਰਮ ਤੋਂ ਡੇਗਦੀ ਨਹੀਂ, ਸਗੋਂ ਮਰਦ ਲਈ ਧਰਮ ਵਿਚ ਪੱਕਾ ਰਹਿਣ ਲਈ ਇਸਤਰੀ ਦਾ ਸਾਥ ਜ਼ਰੂਰੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਇਸਤਰੀਆਂ ਵਿਚ ਘੁੰਡ ਕੱਢਣ ਦਾ ਰਿਵਾਜ਼ ਖ਼ਤਮ ਕਰਨ ਦਾ ਉਪਦੇਸ਼ ਦਿੱਤਾ ਅਤੇ ਵਿਧਵਾ-ਵਿਆਹ ਨੂੰ ਉਤਸ਼ਾਹਿਤ ਕੀਤਾ ਤੇ ਸਤੀ ਦੀ

ਕੋਝੀ ਰਸਮ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥* (ਪੰਨਾ ੭੮੭)

ਸੰਸਾਰ ਦੀ ਸਿਰਜਣਾ ਅਤੇ ਵਿਕਾਸ ਦੇ ਕਾਰਜ ਵਿਚ ਇਸਤਰੀ ਪੁਰਸ਼ ਦੋਵੇਂ ਇੱਕ-ਦੂਸਰੇ ਉੱਤੇ ਨਿਰਭਰ ਕਰਦੇ ਹਨ। ਪੁਰਸ਼-ਇਸਤਰੀ ਦਾ ਵਿਆਹ ਸਿਰਫ਼ ਸੰਤਾਨ ਉਤਪਤੀ ਦਾ ਹੀ ਸਾਧਨ ਨਹੀਂ, ਬਲਕਿ ਗੁਰਮਤਿ ਅਨੁਸਾਰ ਇਹ ਇਕ ਆਤਮਿਕ ਮੇਲ ਦਾ ਸਾਧਨ ਹੈ:

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥* (ਪੰਨਾ ੭੮੮)

ਆਦਮੀ ਅਤੇ ਇਸਤਰੀ ਦੋਨੋਂ ਰੱਬ ਨੂੰ ਇੱਕੋ ਜਿਹਾ ਮੰਨਦੇ ਹਨ। ਪਰਮਾਤਮਾ ਅੱਗੇ ਦੋਨਾਂ ਨੂੰ ਆਪਣੇ-ਆਪਣੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਜੋ ਵੀ ਇਸ ਦੁਨੀਆ 'ਤੇ ਆਇਆ ਹੈ ਉਸ ਨੇ ਇਕ ਦਿਨ ਜ਼ਰੂਰ ਜਾਣਾ ਹੈ, ਇਸ ਲਈ ਸਾਨੂੰ ਕਿਸੇ ਚੀਜ਼ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਇਸ ਦੁਨੀਆ ਤੇ ਸਭ ਜੀਵ ਨਾਸ਼ਵਾਨ ਹਨ ਸਿਰਫ਼ ਪਰਮਾਤਮਾ ਦਾ ਨਾਮ ਹੀ ਨਾਲ ਨਿੱਭਣ ਵਾਲਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਪੜ੍ਹ-ਲਿਖ ਕੇ ਕਿਸੇ ਨੂੰ ਮੰਦਾ ਨਾ ਆਖੇ ਅਤੇ ਨਾ ਹੀ ਇਸਤਰੀ ਦੀ ਨਿੰਦਿਆ ਕਰੇ:

*ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥*
*ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥*
*ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥*
*ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥*
*ਮੂਰਖੈ ਨਾਲਿ ਨ ਲੁਝੀਐ॥* (ਪੰਨਾ ੪੭੩)

ਇਸ ਤਰ੍ਹਾਂ ਸਿੱਖ ਧਰਮ ਵਿਚ ਮਰਦ ਅਤੇ ਇਸਤਰੀ ਦੀ ਬਰਾਬਰੀ ਦਾ ਫ਼ਲਸਫ਼ਾ ਪੇਸ਼ ਕੀਤਾ ਗਿਆ ਹੈ। ਗੁਰੂ ਕਾਲ ਤੋਂ ਪਹਿਲਾਂ ਜੋ ਮਾਨਸਿਕਤਾ ਅਤੇ ਵਿਚਾਰ ਭਾਰਤ ਵਿਚ ਇਸਤਰੀ ਬਾਰੇ ਪ੍ਰਚਲਿਤ ਸਨ, ਉਨ੍ਹਾਂ ਨੂੰ ਰੱਦ ਕਰਦਿਆਂ ਦੱਸਿਆ ਗਿਆ ਹੈ ਕਿ ਹਰ ਮਰਦ ਅਤੇ ਇਸਤਰੀ ਵਿਚ ਗੁਣ ਅਤੇ ਔਗੁਣ ਹਨ। ਅਵਗੁਣ ਰਹਿਤ ਕੇਵਲ ਪਰਮਾਤਮਾ ਹੀ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਾਰੇ ਜਗਤ ਨੂੰ ਇਸਤਰੀ ਦੀ ਮਹੱਤਤਾ, ਮਾਣ ਅਤੇ ਸਮਾਜ ਵਿਚ ਉਸ ਦਾ ਯੋਗਦਾਨ ਅਤੇ ਸ੍ਰਿਸ਼ਟੀ ਸਿਰਜਣਾ ਵਿਚ ਉਸ ਦੇ ਅਤਿ ਲੋੜੀਂਦੇ ਕਿਰਦਾਰ ਬਾਰੇ ਸਮਝਾਇਆ ਅਤੇ ਸਪਸ਼ਟ ਕੀਤਾ ਹੈ। ਸਿੱਖ ਇਤਿਹਾਸ ਵਿਚ ਕਿਤਨੀਆਂ ਹੀ ਅਜਿਹੀਆਂ ਉਦਾਹਰਨਾਂ ਮਿਲਦੀਆਂ ਹਨ ਕਿ ਜਦੋਂ ਸਿੱਖ ਬੀਬੀਆਂ ਨੇ ਧਰਮ ਅਤੇ ਸਮਾਜ ਵਿਚ ਆਪਣਾ ਲੋੜੀਂਦਾ ਅਤੇ ਉੱਤਮ ਕਿਰਦਾਰ ਨਿਭਾਇਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਰੱਬ ਰੂਪ ਹੋਣ ਦੀ ਪਛਾਣ ਉਨ੍ਹਾਂ ਦੀ ਭੈਣ ਬੇਬੇ ਨਾਨਕੀ ਨੇ ਹੀ ਕੀਤੀ ਸੀ। ਮਾਤਾ ਤ੍ਰਿਪਤਾ ਜੀ ਪਾਸੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮੁੱਢਲੇ ਸਮਾਜਿਕ ਸੰਸਕਾਰ ਗ੍ਰਹਿਣ ਕੀਤੇ। 'ਸੰਗਤ ਅਤੇ ਪੰਗਤ' ਦੇ ਸਿਧਾਂਤ ਨੂੰ ਖਡੂਰ ਸਾਹਿਬ ਵਿਖੇ ਮਾਤਾ ਖੀਵੀ ਜੀ ਨੇ ਅਮਲੀ ਰੂਪ ਵਿਚ ਲਾਗੂ ਕਰਨ ਲਈ ਗੁਰੂ ਸਾਹਿਬ ਦਾ ਪੂਰਾ ਸਹਿਯੋਗ ਦਿੱਤਾ।

ਸ੍ਰੀ ਗੁਰੂ ਅਮਰਦਾਸ ਜੀ ਦੇ ਮਹਿਲ ਰਾਮ ਕੌਰ ਨੇ 'ਪਹਿਲੇ ਪੰਗਤ ਪਾਛੈ ਸੰਗਤ' ਦੇ ਸਿਧਾਂਤ ਨੂੰ ਯਕੀਨੀ ਬਣਾਇਆ। ਇਸ ਸਿਧਾਂਤ ਅਨੁਸਾਰ ਹੀ ਅਕਬਰ ਬਾਦਸ਼ਾਹ ਨੂੰ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣ ਉਪਰੰਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਦੀ ਆਗਿਆ ਮਿਲੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮਹਿਲ ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਨੂੰ ਚੜ੍ਹਦੀ ਕਲ੍ਹਾ ਵਿਚ ਰੱਖਣ ਦੀ ਬੇਮਿਸਾਲ ਜ਼ਿੰਮੇਵਾਰੀ ਨਿਭਾਈ, ਸਰਹਿੰਦ ਦੇ ਠੰਡੇ ਬੁਰਜ ਵਿਖੇ ਸ਼ਹੀਦੀ ਪਾਈ ਅਤੇ ਭਾਰਤ ਦੀ ਪਹਿਲੀ 'ਇਸਤਰੀ ਸ਼ਹੀਦ' ਹੋਣ ਦਾ ਮਾਣ ਪ੍ਰਾਪਤ ਕਰ ਕੇ ਨਵਾਂ ਇਤਿਹਾਸ ਸਿਰਜ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ (ਹਜ਼ੂਰ ਸਾਹਿਬ) ਵਿਖੇ ਜੋਤੀ-ਜੋਤ ਸਮਾਉਣ ਤੋਂ ਬਾਅਦ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੇ ਲੰਮਾ ਸਮਾਂ ਪੰਥ ਦੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ, ਨਿਸ਼ਠਾ, ਨਿਮਰਤਾ, ਦ੍ਰਿੜ੍ਹਤਾ ਨਾਲ ਨਿਭਾਇਆ। ਮਾਤਾ ਭਾਗ ਕੌਰ ਨੇ ਗੁਰੂ ਸਾਹਿਬ ਤੋਂ ਮੁਖ ਮੋੜਨ ਵਾਲੇ ਸਿੰਘਾਂ ਨੂੰ ਵਾਪਸ ਲਿਆ ਕੇ ਉਨ੍ਹਾਂ ਦੀ ਅਗਵਾਈ ਕਰਦਿਆਂ ਹੋਇਆਂ ਖਿਦਰਾਣੇ ਦੀ ਢਾਬ 'ਤੇ ਜੰਗ ਕੀਤੀ ਅਤੇ ਵੱਖਰਾ ਇਤਿਹਾਸ ਸਿਰਜ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਤੇ ਗੁਰੂ-ਘਰ ਵਿਚ ਇਸਤਰੀ ਨੂੰ ਅਤਿ ਉੱਚਾ ਦਰਜਾ ਦਿੱਤਾ ਗਿਆ ਹੈ। ਅਰਦਾਸ ਵਿਚ ਜਦ ਸਾਰੇ ਖੜ੍ਹੇ ਹੋ ਕੇ "ਜਿਨ੍ਹਾਂ ਸਿੰਘਾਂ, ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ" ਆਖਦੇ ਹਾਂ ਤਾਂ ਇਹ ਗੱਲ ਉਦੋਂ ਹੀ ਸਪਸ਼ਟ ਹੋ ਜਾਂਦੀ ਹੈ ਕਿ ਸਿੱਖ ਧਰਮ ਵਿਚ ਵੀ ਇਸਤਰੀ ਦਾ ਸਥਾਨ ਕਿੰਨਾ ਸਤਿਕਾਰ ਯੋਗ ਅਤੇ ਨਿਵੇਕਲਾ ਹੈ। ਸਿੱਖ ਰਹਿਤ ਮਰਯਾਦਾ ਵਿਚ ਇਸਤਰੀ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ ਅਤੇ ਇਸਤਰੀ ਜਾਤੀ ਨਾਲ ਬੁਰਾ ਵਿਹਾਰ ਕਰਨ ਵਿਰੁੱਧ ਸਖ਼ਤ ਤਾੜਨਾ ਕੀਤੀ ਗਈ ਹੈ, ਜਿਵੇਂ:

*ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ-ਮਾਰ ਨਾਲ ਨਾ ਵਰਤੇ।*

*(ਸਿੱਖ ਰਹਿਤ ਮਰਯਾਦਾ, ਪੰਨਾ ੨੦)*

ਸਿੱਖ ਧਰਮ ਵਿਚ ਭਰੂਣ ਹੱਤਿਆ ਕਰਨ ਵਾਲਾ ਵੀ ਓਨਾ ਹੀ ਦੋਸ਼ੀ ਹੈ, ਜਿੰਨਾ ਕੁੜੀ ਮਾਰਨ ਵਾਲਾ। ਸਿੱਖ ਧਰਮ ਅੰਦਰ ਹਰ ਦੇਸ਼, ਹਰ ਮਜ਼ਹਬ ਤੇ ਹਰ ਜਾਤੀ ਦੀ ਹਰ ਇਸਤਰੀ ਨੂੰ ਧਾਰਮਿਕ ਅਜ਼ਾਦੀ ਹੈ। ਉਸ ਦੇ ਅਧਿਕਾਰ ਮਰਦ ਦੇ ਬਰਾਬਰ ਹਨ। ਉਹ ਬਿਨ੍ਹਾਂ ਕਿਸੇ ਰੋਕ-ਟੋਕ ਦੇ ਗੁਰਦੁਆਰਾ ਸਾਹਿਬ ਜਾ ਸਕਦੀ ਹੈ, ਪਾਠ ਕਰ ਸਕਦੀ ਹੈ। ਵਿੱਦਿਆ ਪ੍ਰਾਪਤ ਕਰ ਸਕਦੀ ਹੈ, ਉਸ ਉੱਤੇ ਪਰਦੇ ਦੀ ਕੋਈ ਬੰਦਿਸ਼ ਨਹੀਂ। ਜੰਗ ਵਿਚ ਉਹ ਮਰਦ ਦੇ ਬਰਾਬਰ ਹਿੱਸਾ ਲੈ ਸਕਦੀ ਹੈ। ਉਸ ਨੂੰ ਮਰਦ ਦੇ ਬਰਾਬਰ ਅੰਮ੍ਰਿਤ ਛਕਾਇਆ ਜਾਂਦਾ ਹੈ। ਇਸ ਤਰ੍ਹਾਂ ਸੈਕੜਿਆਂ ਵਰ੍ਹਿਆਂ ਤੋਂ ਲਿਤਾੜੀ ਜਾਂਦੀ, ਭਾਰਤੀ ਇਸਤਰੀ ਨੂੰ ਗੁਰਮਤਿ ਵਿਚ ਉਤਾਂਹ ਚੁੱਕਿਆ ਗਿਆ ਅਤੇ ਉਸ ਨੂੰ ਸਮਾਜ ਵਿਚ ਸਨਮਾਨ ਯੋਗ ਸਥਾਨ ਦਿਵਾਇਆ ਗਿਆ।

ਗੁਰਮਤਿ ਵਿਚ ਜਿੱਥੇ ਸਿਧਾਂਤਕ ਰੂਪ ਵਿਚ ਇਸਤਰੀ ਦੇ ਹੱਕ ਵਿਚ ਅਵਾਜ਼ ਬੁਲੰਦ ਕੀਤੀ ਗਈ ਉੱਥੇ ਵਿਵਹਾਰਕ ਰੂਪ ਵਿਚ ਲਾਗੂ ਵੀ ਕੀਤੀ ਗਈ। ਅੱਜ ਲੋੜ ਹੈ ਆਪਣੀ ਸੁੱਤੀ ਹੋਈ ਮਾਨਸਿਕਤਾ ਨੂੰ ਜਗਾਉਣ ਦੀ। ਇਸਤਰੀ ਪ੍ਰਤੀ ਆਪਣੇ ਨਜ਼ਰੀਏ ਨੂੰ ਗੁਰਮਤਿ ਅਨੁਸਾਰ ਬਣਾਉਣ ਦੀ। ■

# ਬਲਿਹਾਰੀ ਕੁਦਰਤਿ ਵਸਿਆ

*-ਸ. ਰਾਜਵਿੰਦਰਪਾਲ ਸਿੰਘ**

ਵਾਤਾਵਰਨ ਚੇਤਨਾ ਦਾ ਵਿਸ਼ਾ ੨੧ਵੀਂ ਸਦੀ ਦਾ ਗੰਭੀਰ ਵਿਸ਼ਾ ਬਣ ਕੇ ਉਭਰਿਆ ਹੈ। ਇਸ ਸਦੀ ਦੇ ਅਰੰਭ ਵਿਚ ਹੀ ਸਮੁਚੇ ਸੰਸਾਰ ਨੂੰ ਕੁਦਰਤੀ ਆਫਤਾਂ ਜਿਵੇਂ: ਹੜ, ਸੋਕਾ, ਸੁਨਾਮੀ ਲਹਿਰਾਂ ਅਤੇ ਵਾਵਰੋਲਿਆਂ ਜਾਂ ਸਮੁੰਦਰੀ ਤੂਫਾਨਾਂ ਦਾ ਸਾਹਮਣਾ ਕਰਨਾ ਪਿਆ ਜਿਸ ਵਿਚ ਲੱਖਾਂ ਕੀਮਤੀ ਜਾਨਾਂ ਮਿੰਟਾਂ-ਸਕਿੰਟਾਂ ਵਿਚ ਹੀ ਮੌਤ ਦੇ ਮੂੰਹ ਜਾ ਪਈਆਂ। ਕੁਦਰਤ ਦੀ ਇਸ ਬੇਪਰਵਾਹ ਕਰਵਟ ਨੇ ਵਿਗਿਆਨ ਦੀਆਂ ਖੋਜਾਂ ਅਤੇ ਪ੍ਰਾਪਤੀਆਂ ਨੂੰ ਬੌਣਾ ਸਾਬਤ ਕੀਤਾ ਹੈ। ਵਾਤਾਵਰਨ ਵਿਚ ਬਦਲਾਅ ਦੇ ਇਹ ਬੀਜ ਅਸੀਂ ਪਿਛਲੇਰੀ ਸਦੀ, ਜਿਸ ਨੂੰ ਵਿਗਿਆਨਕ ਕ੍ਰਾਂਤੀ ਅਤੇ ਵਿਕਾਸ ਦੀ ਸਦੀ ਪ੍ਰਵਾਨਦੇ ਹਾਂ ਵਿਚ ਬੀਜੇ ਸਨ, ਜਿਸ ਦਾ ਫਲ ਸਾਨੂੰ ਅੱਜ ਕੁਦਰਤੀ ਆਫਤਾਂ ਦੇ ਰੂਪ ਵਿਚ ਵੱਢਣਾ ਪੈ ਰਿਹਾ ਹੈ। ਵਾਤਾਵਰਨ ਸੰਭਾਲ ਦੇ ਅਹਿਮ ਵਿਸ਼ੇ ਨੇ ਜਿੱਥੇ ਹੋਰ ਸਮਾਜ-ਸ਼ਾਸ਼ਤਰੀ ਚਿੰਤਨਾ ਅਤੇ ਵਿਗਿਆਨ ਦਾ ਧਿਆਨ ਖਿੱਚਿਆ ਹੈ, ਉੱਥੇ ਧਰਮ ਚਿੰਤਨ ਵਿਚ ਇਹ ਵਿਸ਼ਾ ਆਦਿ ਕਾਲ ਤੋਂ ਹੀ ਵਿਦਮਾਨ ਰਿਹਾ ਹੈ। ਅਸੀਂ ਵਾਤਾਵਰਨ ਸੰਭਾਲ ਦਾ ਗੁਰਮਤਿ ਦ੍ਰਿਸ਼ਟੀਕੋਣ ਸਿਧਾਂਤਕ ਅਤੇ ਇਤਿਹਾਸਿਕ ਪ੍ਰਸੰਗ ਵਿਚ ਸਮਝਣ ਦਾ ਯਤਨ ਕਰਾਂਗੇ।

**ਸਿਧਾਂਤਕ ਪ੍ਰਸੰਗ:** ਅਕਾਲ ਪੁਰਖ ਦੀ ਗਿਆਨ ਜੋਤਿ ਦੇ ਅਨੁਭਵੀ ਆਵੇਸ਼ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਹਿਰਦੇ ਵਿਚ ਪ੍ਰਕਾਸ਼ਮਾਨ ਹੋ ਕੇ ਗੁਰੂ ਦੇ ਬੋਲਾਂ ਦਾ ਚੋਗਾ ਪਹਿਨਿਆਂ ਅਤੇ ਗੁਰਬਾਣੀ ਦੇ ਰੂਪ ਵਿਚ ਪ੍ਰਗਟ ਹੋ ਕੇ ਜਗਤ ਨੂੰ ਰੁਸ਼ਨਾਇਆ ਹੈ। ਪੰਜਾਬ ਦੀ ਧਰਤੀ ਤੇ ਵਾਪਰੇ ਇਸ ਦੈਵੀ ਵਰਤਾਰੇ ਨੂੰ ਸ੍ਰੀ ਗੁਰੂ ਨਾਨਕ ਸਾਹਿਬ (੧੪੬੯ ਈ.) ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ (੧੭੦੮ ਈ.) ਤਕ ੨੩੯ ਵਰ੍ਹਿਆਂ ਦਾ ਸਮਾਂ ਲੱਗਿਆ। ਆਦਿ ਕਾਲ ਤੋਂ ਹੀ ਭਾਰਤੀ ਅਤੇ ਪੱਛਮੀ ਧਰਮਾਂ ਦੇ ਵਿਸ਼ਵਾਸ ਵਿਅਕਤੀ ਕੇਂਦਰਿਤ ਰਹੇ ਹਨ। ਅਵਤਾਰਾਂ ਦੀ ਪੂਜਾ, ਦੇਵੀ-ਦੇਵਤਿਆਂ ਦੀ ਮਾਨਤਾ, ਬ੍ਰਾਹਮਣਾਂ ਦੀ ਉੱਚਤਾ ਅਤੇ ਸਾਮੀ ਧਰਮ ਪਰੰਪਰਾਵਾਂ ਵਿਚ ਪੈਗੰਬਰ, ਖ਼ਲੀਫੇ ਅਤੇ ਕਾਜ਼ੀਆਂ ਦੀ ਸਿਰਮੌਰਤਾ ਦੇ ਨਾਲ-ਨਾਲ ਸੰਸਾਰੀ ਰਾਜਿਆਂ ਨੂੰ ਸਭ ਤੋਂ ਵੱਡਾ ਮੰਨਣਾ ਅਤੇ ਉਸ ਦੇ ਬੋਲਾਂ ਨੂੰ ਰੱਬ ਦਾ ਹੁਕਮ ਮੰਨਣਾ, ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਦਾ ਮਨੁੱਖੀ ਇਤਿਹਾਸ ਹੈ। ਭਾਵ ਵਿਅਕਤੀਵਾਦ ਜਾਂ ਦੇਹ ਦੀ ਉੱਚਤਾ ਹੀ ਧਰਮਾਂ ਦਾ ਕੇਂਦਰ-ਬਿੰਦੂ ਸੀ। ਵਿਅਕਤੀਵਾਦ ਦੀ ਪੂਜਾ ਅਤੇ ਅਧੀਨਗੀ ਵਿਚ ਬੁਰੀ ਤਰ੍ਹਾਂ ਫਸੀ ਹੋਈ ਸਾਧਾਰਨ ਲੋਕਾਈ ਨੂੰ ਸਿੱਧਾ ਅਕਾਲ ਪੁਰਖ ਦੇ ਦੈਵੀ ਸ਼ਬਦ ਦੇ ਲੜ ਲਗਾ ਕੇ ਮਨੁੱਖੀ ਵਿਚੋਲਗੀ ਅਤੇ ਉਸ ਤੋਂ ਪੈਦਾ ਹੋਏ ਧਾਰਮਿਕ ਦੰਭ ਨੂੰ ਸਦਾ ਲਈ ਖਤਮ ਕਰ ਦੇਣਾ ਗੁਰੂ ਸਾਹਿਬਾਨ ਦੀ ਜਗਤ ਨੂੰ ਸਭ ਤੋਂ ਵੱਡੀ ਦੇਣ ਹੈ। ਦਸ ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਕਾਲ ਵਿਚ ਸ਼ਬਦ-ਗੁਰੂ ਦੇ ਸੰਕਲਪ ਨੂੰ ਹੀ ਸਿੱਖ ਹਿਰਦਿਆਂ ਵਿਚ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ। ਮੋ: +੯੧੯੪੬੪੬-੫੩੮੮੩*

ਦ੍ਰਿੜ੍ਹ ਕੀਤਾ ਅਤੇ ਅਭਿਆਸ ਕਰਵਾਇਆ। ਅਕਾਲ ਪੁਰਖ ਸ਼ਬਦ-ਰੂਪ (ਚੇਤਨਾ) ਹੋ ਕੇ ਸ੍ਰਿਸ਼ਟੀ ਦੇ ਕਣ-ਕਣ ਵਿਚ ਵਿਆਪਕ ਹੈ। ਘਟ-ਘਟ ਵਾਸੀ ਸ਼ਬਦ ਬ੍ਰਹਮ ਨੂੰ ਗੁਰੂ-ਸ਼ਬਦ ਦੇ ਲੜ ਲੱਗ ਕੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਇਕ ਨਿਰਾਕਾਰ ਸਰਬ-ਵਿਆਪਕ, ਵੰਨ-ਸੁਵੰਨੀ ਸਿਰਜਣਾ ਦੇ ਸਿਰਜਣਹਾਰ ਪਾਰਬ੍ਰਹਮ ਵਿਚ ਵਿਸ਼ਵਾਸ ਕਰਨਾ ਅਤੇ ਉਸੇ ਦੀ ਪ੍ਰਾਪਤੀ ਨੂੰ ਮਨੁੱਖਾ ਦੇਹੀ ਦਾ ਆਦਰਸ਼ ਮੰਨਣਾ ਸਿੱਖ ਧਰਮ ਦਾ ਪ੍ਰਮੁੱਖ ਸੰਕਲਪ ਹੈ। ਗੁਰੂ ਸਾਹਿਬਾਨ ਦੁਆਰਾ ਆਪਣੀ ਪਵਿੱਤਰ ਜੀਵਨ-ਜਾਚ ਦੁਆਰਾ ਸੰਸਾਰ ਵਿਚ ਵਿਚਰਦਿਆਂ ਆਪਣੇ ਉਪਦੇਸ਼ਾਂ ਨੂੰ ਲੋਕਾਈ ਵਿਚ ਪ੍ਰਸਾਰਿਤ ਕੀਤਾ। ਇਸ ਦਾ ਭਾਵ ਹੈ ਕਿ ਸਿੱਖ ਧਰਮ ਕੇਵਲ ਸਿਧਾਂਤਕ ਫ਼ਲਸਫ਼ਾ ਨਹੀਂ ਬਲਕਿ ਜੀਵਨ-ਜਾਚ ਹੈ ਜਿਸ ਨੂੰ ਸੰਸਾਰਕ ਫ਼ਰਜ਼ਾਂ ਦੀ ਪੂਰਤੀ ਕਰਦਿਆਂ ਅਸਾਨੀ ਨਾਲ ਧਾਰਨ ਕੀਤਾ ਜਾ ਸਕਦਾ ਹੈ। ਇਹ ਇਕ ਅਜਿਹੀ ਜੀਵਨ-ਸ਼ੈਲੀ ਹੈ ਜੋ ਆਪਣੇ ਬਾਹਰੀ ਸਰੂਪ ਅਤੇ ਅੰਦਰੂਨੀ ਸੁਭਾਅ ਕਰਕੇ ਕਾਦਰ ਦੀ ਕੁਦਰਤ ਨਾਲ ਸਹਜ-ਸੁਭਾਅ ਇਕਸੁਰ ਹੈ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਮੁੱਖ ਸੁਰ ਅਧਿਆਤਮਿਕ ਹੈ, ਪਰਾਭੌਤਿਕ ਦੈਵੀ ਪਰਮਸੱਤਾ ਦੀ ਸਿਫਤ-ਸਾਲਾਹ ਕਰਨਾ ਹੈ, ਫਿਰ ਵੀ ਇਸ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਸਾਰੇ ਮਸਲਿਆਂ ਜਿਵੇਂ: ਸ੍ਰਿਸ਼ਟੀ-ਰਚਨਾ, ਮਨੁੱਖੀ ਹੋਣੀ ਦਾ ਮਨੋਰਥ, ਭਾਈਚਾਰਕ ਸਾਂਝ, ਸਮਾਜਿਕ ਤੇ ਆਰਥਿਕ ਵਿਕਾਸ ਆਦਿ ਬਾਰੇ ਭਰਪੂਰ ਸਮੱਗਰੀ ਮਿਲਦੀ ਹੈ। ਜਿਵੇਂ ਅਕਾਸ਼ਾਂ ਦਾ ਪਾਣੀ ਮੀਂਹ ਦੇ ਰੂਪ ਵਿਚ ਧਰਤੀ ਉੱਤੇ ਵਰਸ ਕੇ ਧਰਤੀ ਨੂੰ ਹਰਾ-ਭਰਾ ਕਰਦਾ ਅਤੇ ਜੀਵ-ਜੰਤੂਆਂ ਦੀ ਪਿਆਸ ਬੁਝਾਉਂਦਾ ਹੈ, ਉਸੇ ਤਰਾਂ ਧੁਰ ਕੀ ਬਾਣੀ, ਜਗਤ ਨੂੰ ਆਸਾ-ਤ੍ਰਿਸ਼ਨਾ ਦੀ ਅੱਗ ਤੋਂ ਬਚਾ ਕੇ ਸੰਤੋਖ ਰੂਪੀ ਠੰਡਕ ਬਖ਼ਸ਼ਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਰੰਭ ਅੰਕ ਗਣਿਤ ਦੇ ਹਿੰਦਸੇ ੧ (ਇਕ) ਨਾਲ ਹੁੰਦਾ ਹੈ। ਇਸ ੧ ਦੇ ਗੁਹਜ ਦਾਰਸ਼ਨਿਕ ਭਾਵ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੁਆਰਾ ਪ੍ਰਕਾਸ਼ਿਤ ਕੀਤੇ ਗਏ ਹਨ। ੧ ਤੋਂ ਭਾਵ ਸਮੁੱਚੀ ਦਿੱਸਦੀ-ਅਣਦਿੱਸਦੀ ਜਗਤ ਸਿਰਜਣਾ ਇਕ ਨਿਰਗੁਣ ਬ੍ਰਹਮ ਦਾ ਹੀ ਸਰਗੁਣ ਪਸਾਰਾ ਹੈ। ਸਾਰਾ ਬ੍ਰਹਮੰਡੀ ਪਸਾਰਾ ਇੱਕ ਤੋਂ ਹੀ ਅਨੇਕ ਹੋਇਆ ਹੈ ਅਤੇ ਇਕ ਵਿਚ ਹੀ ਸਮਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭਤਾ ਤੇ ਮੌਜੂਦ ੧ਓ ਦੁਆਰਾ ਗੁਰੂ ਨਾਨਕ ਸਾਹਿਬ ਨੇ ਜਗਤ ਰਚਨਾ ਦੀ ਕੁਦਰਤੀ, ਧਰਮਾਂ, ਸੱਭਿਆਚਾਰਾਂ, ਰੰਗਾਂ-ਰੂਪਾਂ, ਰਸਮਾਂ-ਰਿਵਾਜ਼ਾਂ ਅਤੇ ਭਾਸ਼ਾਵਾਂ ਦੀ ਬਹੁਭਾਂਤੀ ਅਨੇਕਤਾ ਨੂੰ ਇਕ ਦੈਵੀ ਪਰਮਸੱਤਾ ਦਾ ਵਿਸਮਾਦੀ ਲੱਛਣ ਪ੍ਰਵਾਨ ਕੀਤਾ ਹੈ। ੧ਓ ਦੇ ਦਾਰਸ਼ਨਿਕ ਭਾਵ ਅਰਥ ਹਨ "ਇਕ ਅਗੰਮ-ਅਗੋਚਰ ਸਰਬਵਿਆਪਕ ਬ੍ਰਹਮੰਡੀ ਪਰਮਸੱਤਾ।"

ਭਾਰਤੀ ਅਤੇ ਪੱਛਮੀ ਧਰਮ ਵਿਸ਼ਵਾਸਾਂ ਵਿਚ ਪਰਮਾਤਮਾ ਅਤੇ ਉਸ ਦੀ ਅਨਿਕ-ਪ੍ਰਕਾਰੀ ਸਿਰਜਣਾ ਵਿਚਕਾਰ ਅਜਿਹੇ ਵਿਸਮਾਦੀ ਏਕੀਕਰਨ ਦਾ ਸੂਤਰ ਦ੍ਰਿਸ਼ਟੀਗੋਚਰ ਨਹੀ ਹੁੰਦਾ। ਵੇਦਾਂ ਉੱਤੇ ਆਧਾਰਿਤ ਭਾਰਤੀ ਸਨਾਤਨ ਵੈਦਿਕ ਮੱਤ ਬਹੁਦੇਵਵਾਦ ਦੇ ਵਿਸ਼ਵਾਸ਼ ਦਾ ਧਾਰਨੀ ਹੈ। ਇਕ ਪਰਮਸੱਤਾ ਦੀ ਥਾਂ ਬ੍ਰਹਮਾ, ਵਿਸ਼ਨੂੰ, ਮਹੇਸ਼, ਇੰਦਰ, ਵਰੁਣ ਅਤੇ ਅਗਨੀ ਆਦਿਕ ਦੇਵਤਿਆਂ ਦੀ ਪੂਜਾ ਦਾ ਵਿਧਾਨ ਹੈ। ਸਾਮੀ ਧਰਮਾਂ

ਯਹੂਦੀ, ਇਸਾਈ ਅਤੇ ਇਸਲਾਮ ਮੂਲ ਇਕ ਅੱਲਾਹ ਦਾ ਵਿਸ਼ਵਾਸ ਹੈ, ਪਰ ਇਸ ਦੇ ਨਾਲ-ਨਾਲ ਮਨੁੱਖੀ ਨਫਸ ਨੂੰ ਭਰਮਾਉਣ ਵਾਲੇ ਸ਼ੈਤਾਨ ਦਾ ਸੰਕਲਪ ਵੀ ਮਿਲਦਾ ਹੈ। ਗੁਰਮਤਿ ਅਨੁਸਾਰ ਕੇਵਲ ਇਕ ਪਰਮਾਤਮਾ ਹੀ ਸਿਰਜਣਾ ਦੇ ਵੱਖ-ਵੱਖ ਰੂਪਾਂ ਵਿਚ ਵਿਆਪਕ ਹੈ। ਉਸ ਦੇ ਤੁਲ ਕੋਈ ਹੋਰ ਹਸਤੀ ਨਹੀ। ਗੁਰਮਤਿ ਦਰਸ਼ਨ ਦੇ ਕਿਸੇ ਵੀ ਸੰਕਲਪ ਦਾ ਅਧਿਐਨ ਕਰਦਿਆਂ ਇਹ ਨੁਕਤਾ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ, ਸਿੱਖ ਧਰਮ ਇਕ ਜੀਵਨ-ਜਾਚ ਹੈ ਜਿਸ ਵਿਚ ਸੱਚ ਵਿਚਾਰ ਨਾਲੋਂ ਸੱਚ ਆਚਾਰ ਜਾਂ ਅਮਲ ਨੂੰ ਪ੍ਰਮੁਖੱਤਾ ਦਿੱਤੀ ਗਈ ਹੈ। ਗੁਰਮਤਿ-ਦਰਸ਼ਨ ਵਿਚ 'ਕੁਦਰਤ ਸੰਕਲਪ' ਅਧੀਨ ਵਾਤਾਵਰਨ ਸੰਭਾਲ ਦੇ ਸਿੱਖ ਸਰੋਕਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਰੱਬੀ ਅਨੁਭਵ ਦੇ ਆਵੇਸ਼ ਦਾ ਕਾਵਿ ਪ੍ਰਗਟਾਅ ਹੋਣ ਕਰਕੇ ਗੁਰਬਾਣੀ ਵਿਚ ਕੁਦਰਤ ਨੂੰ ਜੀਵਨ ਵਲਵਲੇ ਨਾਲ ਭਰਪੂਰ, ਕਾਦਰ ਦੇ ਪ੍ਰੇਮ ਝਲਕਾਰਿਆਂ ਤੇ ਉਮੰਗ ਨਾਲ ਭਰੀ ਜੀਵੰਤ ਰਚਨਾ ਮੰਨਿਆ ਹੈ। ਪਰਮਾਤਮਾ ਸ੍ਰਿਸ਼ਟੀ ਦੇ ਕਣ-ਕਣ ਵਿਚ ਵਿਆਪਕ ਹੋ ਕੇ ਜਗਿਆਸੂ ਆਤਮਾ ਨੂੰ ਮੋਹਿਤ ਕਰ ਰਿਹਾ ਹੈ। ਗੁਰੂ ਨਾਨਕ ਸਾਹਿਬ ਅਦਵੈਤਵਾਦੀ ਸਨ। ਇਕ ਅਗੰਮ-ਅਗੋਚਰ ਅਤੇ ਸਰਬਵਿਆਪਕ ਪਰਮ-ਹਸਤੀ ਵਿਚ ਵਿਸ਼ਵਾਸ ਅਤੇ ਉਸ ਦੀ ਸਿਫਤ-ਸਾਲਾਹ ਕਰਨ ਦੀ ਤਾਕੀਦ ਕਰਨਾ ਉਨ੍ਹਾ ਦੇ ਉਪਦੇਸ਼ਾਂ ਦਾ ਸਾਰ ਹੈ। ਗੁਰੂ ਜੀ ਨੂੰ ਕਾਲਚੱਕ੍ਰ ਜਾਂ ਜੂਨੀਆਂ ਵਿਚ ਆਉਣ ਵਾਲੇ ਵਿਅਕਤੀਆਂ ਅਤੇ ਕੁਦਰਤੀ ਸ਼ਕਤੀਆਂ ਦੀ ਪੂਜਾ ਪਰਵਾਨ ਨਹੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਹ ਪਰਮਸੱਤਾ ਹੈ ਕਿੱਥੇ? ਉਸ ਦਾ ਵਾਸਾ ਕਿੱਥੇ ਹੈ? ਕੋਈ ਧਰਮ ਪਰੰਪਰਾ ਉਸ ਨੂੰ ਸੱਤਵੇਂ ਅਸਮਾਨ ਵਿਚ ਬੈਠਾ ਦੱਸਦੀ ਹੈ ਅਤੇ ਕੋਈ ਵਿਚਾਰਧਾਰਾ ਉਸ ਨੂੰ ਸਮੁੰਦਰ ਵਿਚ ਸ਼ੇਸ਼ਨਾਗ ਉੱਤੇ ਬਿਰਾਜਮਾਨ ਕਰਾਉਂਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਉਪਰੋਕਤ ਭਰਮ-ਭੁਲੇਖੇ ਅਤੇ ਅਗਿਆਨਤਾ ਦਾ ਖੰਡਨ ਕਰਦੇ ਹਨ। ਉਨ੍ਹਾਂ ਅਨੁਸਾਰ ਉਸ ਪਰਮਹਸਤੀ ਦਾ ਵਾਸਾ ਕੁਦਰਤ ਦੇ ਕਣ-ਕਣ ਵਿਚ ਹੈ, ਉਹ ਸਰਬਵਿਆਪਕ ਹੈ:

*ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥* *(ਪੰਨਾ ੪੬੯)*

ਕੁਦਰਤ ਅਕਾਲ ਪੁਰਖ ਦੇ ਹੁਕਮ ਦੀ ਖੇਡ ਹੈ ਜਿਸ ਦੁਆਰਾ ਸ੍ਰਿਸ਼ਟੀ ਰਚਨਾ ਵਿਚ ਭਾਂਤ-ਭਾਂਤ ਦੇ ਰੰਗਾਂ- ਰੂਪਾਂ ਦੇ ਜੀਵਨ ਸੰਗਠਨਾਂ ਅਤੇ ਖੰਡਾਂ-ਬ੍ਰਹਿਮੰਡਾਂ ਦੀ ਸਿਰਜਣਾ ਹੋਈ। ਕਈ ਜੁਗਾਂ ਦੀ ਨਿਰਗੁਣ ਬ੍ਰਹਮ ਦੀ ਧੁੰਦੂਕਾਰ ਅਵਸਥਾ ਤੋਂ ਬਾਅਦ ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਰਗੁਣ ਨਾਮ-ਰੂਪ ਵਿਚ ਸਾਜਿਆ ਅਤੇ ਆਪਣੀ ਵਡਿਆਈ ਪ੍ਰਗਟ ਕੀਤੀ। ਫਿਰ ਉਸ ਨੇ ਕੁਦਰਤ ਰਚੀ ਅਤੇ ਉਸ ਵਿਚ ਆਸਣ ਜਮਾ ਕੇ ਭਾਵ ਵਿਆਪਕ ਹੋ ਕੇ ਇਸ ਜਗਤ ਦਾ ਤਮਾਸ਼ਾ ਵੇਖਣ ਲੱਗ ਪਿਆ ਹੈ। ਕੁਦਰਤ ਕਾਦਰ ਦਾ ਰੂਪ ਹੈ, ਇਸ ਅਹਿਸਾਸ ਦੇ ਅਧੀਨ ਹੀ ਸਿੱਖ ਵਾਤਾਵਰਨ ਚੇਤਨਾ ਦੇ ਬੀਜ ਲੁਪਤ ਹਨ:

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥* *(ਪੰਨਾ ੪੬੩)*

**ਕੁਦਰਤ ਸ਼ਬਦ-ਭਾਵਅਰਥ:** ਅਰਬੀ ਭਾਸ਼ਾ ਦੇ ਸ਼ਬਦ 'ਕੁਦਰਤ' ਦੇ ਅਰਥ ਵਿਦਵਾਨਾਂ

ਨੇ ਵੱਖ-ਵੱਖ ਕੋਸ਼ਾਂ ਵਿਚ ਇਉਂ ਕੀਤੇ ਹਨ:- ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਵਿਚ ਕੁਦਰਤ ਸ਼ਬਦ ਦੇ ਅਰਥ, "ਤਾਕਤ, ਸ਼ਕਤੀ, ਮਾਇਆ, ਅਤੇ ਕਰਤਾਰ ਦੀ ਸਿਰਜਣਾ ਸ਼ਕਤੀ ਕੀਤੇ ਹਨ।"[੧] ਪ੍ਰੋ. ਸਾਹਿਬ ਸਿੰਘ ਕੁਦਰਤ ਦੇ ਸ਼ਬਦੀ ਅਰਥ ਕਲਾ, ਵਿਡਾਣ, ਅਚਰਜ ਤਮਾਸ਼ਾ ਕਰਦੇ ਹਨ।[੨] ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਕੁਦਰਤ ਸ਼ਬਦ ਦੇ ਅਰਥ ਸ਼ਕਤੀ, ਬਲ, ਰਚਨਾ-ਸ਼ਕਤੀ, ਸ੍ਰਿਸ਼ਟੀ, ਅਚਰਜ-ਤਮਾਸ਼ਾ, ਵਿਡਾਣ ਆਦਿ ਕੀਤੇ ਹਨ।[੩] ਸਿਰਦਾਰ ਕਪੂਰ ਸਿੰਘ ਕੁਦਰਤ ਸ਼ਬਦ ਦੇ ਭਾਵ-ਅਰਥ 'ਆਪਣੇ ਮਾਲਕ ਦੇ ਹੁਕਮ ਅਤੇ ਅਧਿਕਾਰ ਅਧੀਨ' ਹੋਣ ਵਾਲੀ ਕਰਦੇ ਹਨ'।[੪] ਡਾ. ਜਸਵੰਤ ਸਿੰਘ ਨੇਕੀ ਅਨੁਸਾਰ ਕੁਦਰਤ ਪਰਮਾਤਮਾ ਦੀ ਸਿਰਜਣ ਅਤੇ ਸਿਰਜਣਾਤਮਕ ਸ਼ਕਤੀ ਹੈ।[੫] ਸਿਰਦਾਰ ਕਪੂਰ ਸਿੰਘ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਆਪਣੀ ਬਾਣੀ ਵਿਚ ਭਾਰਤੀ ਸੰਸਕ੍ਰਿਤੀ ਦੇ ਸ਼ਬਦ ਪ੍ਰਕ੍ਰਿਤੀ ਦੀ ਥਾਂ ਸਾਮੀ ਪਰੰਪਰਾ ਦੇ ਸ਼ਬਦ ਕੁਦਰਤ ਵਰਤਣ ਬਾਰੇ ਲਿਖਦੇ ਹਨ ਕਿ, "ਗੁਰੂ ਸਾਹਿਬ ਨੇ ਪ੍ਰਕ੍ਰਿਤੀ ਸ਼ਬਦ ਇਸੇ ਲਈ ਤਿਆਗ ਦਿੱਤਾ ਕਿਉਂਕਿ ਸਾਂਖ ਸ਼ਾਸਤਰ ਵਿਚ ਪ੍ਰਕ੍ਰਿਤੀ ਨੂੰ ਪੁਰਸ਼ ਦੇ ਤੁਲ ਸੁਤੰਤਰ ਤੇ ਅਬਿਨਾਸੀ ਪ੍ਰਵਾਨ ਕੀਤਾ ਹੈ ਪਰ ਗੁਰੂ ਨਾਨਕ ਸਾਹਿਬ ਅਨੁਸਾਰ ਕੁਦਰਤ ਸੁਤੰਤਰ ਨਹੀ ਬਲਕਿ ਕਾਦਰ ਦੀ ਰਚਨਾ ਹੈ ਅਤੇ ਕਰਤਾ ਪੁਰਖ ਦੇ ਹੁਕਮ ਅਧੀਨ ਹੈ ਇਸ ਦਾ ਆਦਿ ਵੀ ਹੈ ਤੇ ਅੰਤ ਵੀ। ਕੇਵਲ ਪਰਮਾਤਮਾ ਹੀ ਐਸੀ ਹਸਤੀ ਹੈ ਜਿਸਦਾ ਨਾ ਆਦਿ ਹੈ ਤੇ ਨਾ ਅੰਤ।"[੬] ਗੁਰਬਾਣੀ ਵਿਚ ਕੁਦਰਤ ਸ਼ਬਦ-ਰੂਪ (ਕੁਦਰਤਿ) ਸਿਹਾਰੀ ਨਾਲ ਹੀ ਵਰਤਿਆ ਗਿਆ ਹੈ ਜਿਵੇਂ:

*ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋ॥ (ਪੰਨਾ ੨੫)*

**ਕੁਦਰਤ ਦਾ ਸਰੂਪ:** ਗੁਰਮਤਿ-ਦਰਸ਼ਨ ਅਨੁਸਾਰ ਬ੍ਰਹਮੰਡੀ ਰਚਨਾ ਦੀ ਬੇਅੰਤਤਾ, ਭਿੰਨਤਾ, ਮਨੁੱਖੀ-ਸੁਭਾਅ ਦੀ ਵਿਚਿਤ੍ਰਤਾ, ਭਾਂਤ-ਭਾਂਤ ਦੀ ਬਨਸਪਤੀ ਕੁਦਰਤ ਦਾ ਸਰੂਪ ਹੈ। ਸ੍ਰੀ ਗੁਰੂ ਨਾਨਕ ਸਾਹਿਬ ਆਸਾ ਕੀ ਵਾਰ ਵਿਚ ਕੁਦਰਤ ਦੇ ਸਰੂਪ ਦੀ ਵਿਆਖਿਆ ਕਰਦੇ ਹਨ, ਇਹ ਜੋ ਭਾਂਤ-ਭਾਂਤ ਦੇ ਰੰਗਾਂ-ਰੂਪਾਂ ਦਾ ਪਸਾਰਾ ਦਿਸ ਰਿਹਾ ਹੈ, ਸੁਣ ਰਿਹਾ ਹੈ, ਪਾਤਾਲ, ਅਕਾਸ਼, ਸਾਰਾ ਦ੍ਰਿਸ਼ਟਮਾਨ ਪਸਾਰਾ ਕੁਦਰਤ ਹੈ। ਵੇਦਾਂ ਪੁਰਾਣਾਂ, ਕਤੇਬਾਂ ਆਦਿ ਧਰਮ ਗ੍ਰੰਥਾਂ ਦੀ ਵਿਚਾਰ-ਸੱਤਾ, ਵੱਖੋ-ਵੱਖਰੇ ਖਾਣ-ਪੀਣ ਤੇ ਪਹਿਨਣ ਦੇ ਵਿਹਾਰ, ਆਪਸ ਵਿਚ ਪਿਆਰ ਦਾ ਜਜ਼ਬਾ ਇਹ ਸਭ ਕੁਦਰਤ ਦਾ ਹੀ ਅੰਗ ਹਨ। ਜਗਤ ਪਸਾਰੇ ਵਿਚ ਜਾਤਾਂ, ਜਿਨਸਾਂ ਅਤੇ ਰੰਗਾਂ-ਰੂਪਾਂ ਦੇ ਵਖਰੇਵੇਂ ਕੁਦਰਤ ਹੈ। ਜਗਤ ਵਿਚ ਕਿਤੇ ਭਲਾਈ, ਕਿਤੇ ਬੁਰਾਈ, ਕਿਤੇ ਆਦਰ ਤੇ ਕਿਤੇ ਤ੍ਰਿਸਕਾਰ ਸਭ ਕੁਦਰਤ ਹੈ। ਪਉਣ, ਪਾਣੀ, ਅੱਗ, ਧਰਤੀ, ਅਕਾਸ਼ ਇਹ ਪੰਜ ਮੂਲ ਤੱਤ ਕਾਦਰ ਦੀ ਹੀ ਕੁਦਰਤ ਹਨ। ਕਰਤਾ ਪੁਰਖੁ ਆਪ ਹੀ ਇਸ ਸਾਰੇ ਖੇਲ ਦਾ ਰਚਣਹਾਰ ਹੈ ਤੇ ਸਾਰੀ ਕੁਦਰਤ ਦੀ ਆਪਣੇ ਹੁਕਮ ਦੇ ਨਿਯਮ ਅਧੀਨ ਸੰਭਾਲ ਕਰ ਰਿਹਾ ਹੈ:

*ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ (ਪੰਨਾ ੪੬੪)*

ਗੁਰਬਾਣੀ ਵਿਚ "ਕੁਦਰਤ ਨੂੰ ਇਕ ਇਕਾਈ ਮਿਥ ਕੇ ਫਿਰ ਇਸ ਦਾ ਚਿਤ੍ਰਣ

ਕੀਤਾ ਗਿਆ ਹੈ। ਬੇਸ਼ਕ ਇਸ ਵਿਚ ਵਿਵਿਧਤਾ ਪਾਈ ਜਾਂਦੀ ਹੈ, ਪਰ ਇਕ ਸਾਂਝੇ ਸੂਤਰ ਵਿਚ ਸਭ ਜੀਅ-ਜੰਤ, ਅਕਾਸ਼ ਪਾਤਾਲ ਤੇ ਚੰਦ ਸੂਰਜ ਪਰੋਤੇ ਹੋਏ ਹਨ।"[੭] ਗੁਰਮਤਿ ਸਿਧਾਂਤ ਜਗਿਆਸੂ ਨੂੰ ਕਾਦਰ ਦੀ ਕੁਦਰਤ ਨਾਲ ਇਕਸੁਰ ਹੋਣ ਦਾ ਫ਼ਲਸਫ਼ਾ ਦਿੰਦਾ ਹੈ। ਇਸ ਸਮੁੱਚੇ ਦਿਸਦੇ ਤੇ ਅਣਦਿਸਦੇ ਵਰਤਾਰੇ ਨੂੰ ਇਕ ਰੂਪ ਵਿਚ ਦੇਖਣ ਦਾ ਨਜ਼ਰੀਆ ਪ੍ਰਸਤੁਤ ਕਰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ 'ਜਪੁ' ਬਾਣੀ ਦੀ ੧੬ਵੀਂ, ੧੭ਵੀਂ, ੧੮ਵੀਂ ਅਤੇ ੧੯ਵੀਂ ਪਉੜੀ ਵਿਚ ਕੁਦਰਤ ਸੰਬੰਧੀ ਸਿੱਖ ਫ਼ਲਸਫ਼ੇ ਦਾ ਮੁੱਢ ਬੰਨਦੇ ਹੋਏ ਕੁੱਲ ਲੋਕਾਈ ਨੂੰ ਇਸ ਸਾਰੇ ਪਸਾਰੇ ਦੀ ਕੁਦਰਤੀ ਭਿੰਨਤਾ ਅਤੇ ਵਿਚਾਰਕ ਵਖਰੇਵਿਆਂ ਤੋਂ ਬਲਿਹਾਰ ਜਾਣ ਦਾ ਦ੍ਰਿਸ਼ਟੀਕੋਣ ਪ੍ਰਦਾਨ ਕਰਦੇ ਹਨ। ਕੁਦਰਤ ਰਚਨਾ ਵਿਚ ਅਸੰਖਾਂ ਮਨੁੱਖ ਪੂਜਾ ਕਰਨ ਵਾਲੇ ਭਗਤ, ਜੋਗੀ, ਜਤੀ, ਤਪੀ, ਮੋਨੀ, ਸੂਰਮੇ ਹਨ। ਅਸੰਖਾਂ ਹੀ ਧਾਰਮਿਕ ਬਿਰਤੀਆਂ ਦੇ ਉਲਟ ਮੂਰਖ ,ਪਾਪ ਕਰਮੀ, ਚੋਰ ਅਤੇ ਕਾਤਲ ਹਨ। ਅਨੇਕਾਂ ਪੁਰਸ਼ ਮਲੀਨ ਬੁੱਧੀ ਵਾਲੇ ਹਨ ਜੋ ਮੈਲ ਭਰਿਆ ਖਾਣਾ ਖਾਂਦੇ ਹਨ,ਨਿੰਦਕ ਹਨ ਜੋ ਨਿੰਦਾ ਕਰ ਕੇ ਸਿਰ ਦਾ ਭਾਰ ਵਧਾ ਰਹੇ ਹਨ। ਅਜਿਹੀ ਵਿਚਾਰਕ ਅਤੇ ਵਿਹਾਰਕ ਭਿੰਨਤਾ ਕਾਦਰ ਦੀ ਹੀ ਕੁਦਰਤ ਹੈ:

*ਕੁਦਰਤਿ ਕਵਣ ਕਹਾ ਵੀਚਾਰੁ॥*  
*ਵਾਰਿਆ ਨ ਜਾਵਾ ਏਕ ਵਾਰ॥*  
*ਜੋ ਤੁਧੁ ਭਾਵੈ ਸਾਈ ਭਲੀ ਕਾਰ॥*  
*ਤੂ ਸਦਾ ਸਲਾਮਤਿ ਨਿਰੰਕਾਰ॥* (ਪੰਨਾ ੩)

ਵਿਗਿਆਨੀਆਂ ਅਤੇ ਦਾਰਸ਼ਨਿਕਾਂ ਨੇ ਆਪਣੇ-ਆਪਣੇ ਸਾਧਨਾਂ ਦੁਆਰਾ ਇਹ ਜਾਣਨ ਦਾ ਪੂਰਾ ਤਾਣ ਲਾਇਆ ਹੈ ਕਿ ਕੁਦਰਤ ਦੇ ਇਸ ਦ੍ਰਿਸ਼ਟਮਾਨ ਪਸਾਰੇ ਦਾ ਗਿਣਤੀਆਂ-ਮਿਣਤੀਆਂ ਦੇ ਲਿਹਾਜ਼ ਨਾਲ ਲੇਖਾ- ਜੋਖਾ ਕੀਤਾ ਜਾ ਸਕੇ, ਪਰ ਇਹ ਦੋਵੇਂ ਰਚਨਾ ਦੀ ਬੇਅੰਤਤਾ ਦਾ ਬੌਧਿਕ ਅਨੁਭਵ ਕਰਕੇ ਹੈਰਾਨ ਹਨ। ਗੁਰਮਤਿ ਸਿਧਾਂਤ ਕੁਦਰਤ ਦੇ ਪਸਾਰੇ ਨੂੰ ਕਿਸੇ ਲੇਖੇ-ਜੋਖੇ ਰਾਹੀ ਜਾਣਨ ਦੀਆਂ ਕੋਸ਼ਿਸ਼ਾਂ ਨੂੰ ਵਿਅਰਥ ਦੱਸਦਾ ਹੈ, ਕਿਉਂਕਿ ਸ੍ਰਿਸ਼ਟੀ ਰਚਨਾ ਦਾ ਇਹ ਪਸਾਰਾ ਮਨੁੱਖ ਦੇ ਬੌਧਿਕ ਲੇਖੇ-ਜੋਖੇ ਤੋਂ ਬਾਹਰ ਹੈ:

*ਅੰਤੁ ਨ ਜਾਪੈ ਕੀਤਾ ਆਕਾਰੁ॥*  
*ਅੰਤੁ ਨ ਜਾਪੈ ਪਾਰਾਵਾਰੁ॥*  
*ਅੰਤ ਕਾਰਣਿ ਕੇਤੇ ਬਿਲਲਾਹਿ॥*  
*ਤਾ ਕੇ ਅੰਤ ਨ ਪਾਏ ਜਾਹਿ॥* (ਪੰਨਾ ੫)

ਇਹ ਪਸਾਰਾ ਸਾਡੀਆਂ ਗਿਆਨ ਇੰਦਰੀਆਂ ਦੀ ਪਹੁੰਚ ਦਾ ਵਿਸ਼ਾ ਨਹੀਂ ਬਲਕਿ, "ਹਿਸਾਬ-ਕਿਤਾਬ ਦੀ ਮਿਣਵੀਂ ਤੋਲਵੀਂ ਦ੍ਰਿਸ਼ਟੀ ਤੋਂ ਰਹਿਤ ਹੋ ਕੇ,ਇਕ ਜਜ਼ਬਾਤੀ ਸੁਆਦ ਭਰੀ ਏਕਤਾ ਦੇ ਖਿਆਲ ਨਾਲ ਕਾਦਰ ਦੀ ਕੁਦਰਤ ਤੋਂ ਵਿਸਮਾਦ ਪ੍ਰਾਪਤ ਕੀਤਾ ਜਾ ਸਕਦਾ ਹੈ।"[੮] ਕੁਦਰਤ ਨੂੰ ਜਾਣਨ ਨਾਲੋਂ ਕੁਦਰਤ ਦੀ ਅਸੀਮਤਾ, ਵੰਨ-ਸੁਵੰਨਤਾ ਅਤੇ ਬੇਅੰਤਤਾ ਨੂੰ ਮਾਣਨਾ ਕੁਦਰਤ ਪ੍ਰਤੀ ਸਿੱਖ-ਵਿਹਾਰ ਹੈ। ਭਾਈ

ਗੁਰਦਾਸ ਜੀ ਕੁਦਰਤ ਪਸਾਰੇ ਦੀ ਬੇਅੰਤਤਾ ਬਾਰੇ ਆਪਣੀ ਵਾਰ ਵਿਚ ਬਖਾਨ ਕਰਦੇ ਹਨ:

*ਇਕੁ ਵਰਭੰਡੁ ਅਖੰਡੁ ਹੈ ਲਖ ਵਰਭੰਡ ਪਲਕ ਪਲਕਾਰਾ।*
*ਕੁਦਰਤਿ ਕੀਮ ਨ ਜਾਣੀਐ ਕੇਵਡੁ ਕਾਦਰੁ ਸਿਰਜਣਹਾਰਾ।*
*ਅੰਤੁ ਬਿਅੰਤੁ ਨ ਪਾਰਾਵਾਰਾ॥* *(ਵਾਰ 18:1)*

**ਕੁਦਰਤ ਅਤੇ ਮਨੁੱਖੀ ਜੀਵਨ ਦਾ ਸੰਬੰਧ:** ਵਿਗਿਆਨਕ ਵਿਚਾਰ ਅਨੁਸਾਰ ਧਰਤੀ ’ਤੇ ਮਨੁੱਖੀ ਜੀਵਨ ਲੱਖਾਂ ਸਾਲਾਂ ਦੇ ਵਿਕਾਸ ਪ੍ਰਕਿਰਿਆ ਦਾ ਨਤੀਜਾ ਹੈ। ਵਿਕਾਸਵਾਦ ਦੇ ਇਸ ਸਿਧਾਂਤ ਨੂੰ ਇਕ ਨਿਯਮਬੱਧ ਅਤੇ ਵਿਗਿਆਨਕ ਰੂਪ ਵਿਚ 19ਵੀਂ ਸਦੀ ਦੇ ਜੀਵ-ਵਿਗਿਆਨੀ ਡਾਰਵਿਨ ਨੇ ਸੰਸਾਰ ਨੂੰ ਸਮਝਾਇਆ ਕਿ ਪਾਣੀ ਵਿਚ ਸਭ ਤੋਂ ਪਹਿਲਾਂ ਇਕ ਕੌਸ਼ਿਕਾ ਵਾਲੇ ਜੀਵ ਬਣੇ ਅਤੇ ਫਿਰ ਵਿਕਾਸ ਕਰਦੇ ਹੋਏ ਅਨੇਕਾਂ ਕੋਸ਼ਕਾਵਾਂ ਵਾਲੇ ਜੀਵ ਮੱਛੀ, ਡੱਡੂ , ਪੰਛੀ ਅਤੇ ਜ਼ਮੀਨ ’ਤੇ ਰੇਂਗਣ ਵਾਲੇ ਥਣਧਾਰੀ ਜੀਵ ਪੈਦਾ ਹੋਏ। ਗੁਰਬਾਣੀ ਵਿਚ ਇਸ ਵਿਗਿਆਨਕ ਸੱਚਾਈ ਨੂੰ ਪਹਿਲਾਂ ਹੀ ਸਥਾਪਿਤ ਕੀਤਾ ਜਾ ਚੁੱਕਾ ਸੀ:

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥* *(ਪੰਨਾ 19)*

ਮਨੁੱਖ ਪਰਮਾਤਮਾ ਦੁਆਰਾ ਸਿਰਜੀ ਅਨੰਤ ਕੁਦਰਤ ਦਾ ਇਕ ਮਹੀਨ ਅੰਗ ਹੈ। ਕੁਦਰਤ ਦੁਆਰਾ ਨਿਰਮਿਤ ਵਾਤਾਵਰਨ ਕਰਕੇ ਹੀ ਮਨੁੱਖੀ ਜੀਵਨ ਸੰਭਵ ਹੈ। ਸੱਚ ਤਾਂ ਇਹ ਹੈ ਕਿ ਬਨਸਪਤੀ ਅਤੇ ਜੀਵਨ ਦੇ ਇਸ ਚੱਕਰ ਨੂੰ ਚਲਾਉਣ ਵਾਲੀ ਕੁਦਰਤ ਹੀ ਹੈ, ਇਸ ਨੂੰ ਮਨੁੱਖ ਦਾ ਨਾੜੂ ਤਸਲੀਮ ਕੀਤਾ ਗਿਆ ਹੈ। “ਫਲਾਂ ਵਿਚ ਰਸ, ਫੁੱਲਾਂ ਵਿਚ ਸੁੰਦਰਤਾ ਅਤੇ ਖੁਸ਼ਬੋਆਂ,ਇਨਸਾਨ ਦੇ ਮਾਣਨ ਲਈ ਹਨ, ਰੰਗ-ਬਰੰਗੇ ਚਹਿਕਦੇ ਪੰਛੀਆਂ ਅਤੇ ਘਣੇ ਰੁੱਖਾਂ ਦੀਆਂ ਕੁਦਰਤੀ ਨਿਸ਼ਾਨੀਆਂ ਰਾਹੀਂ ਅਸੀਂ ਕਾਦਰ ਦੇ ਪੈੜ-ਚਿੱਤਰ ਪਛਾਣ ਸਕਦੇ ਹਾਂ।”[9] ਕੁਦਰਤ ਇਕ ਅਜਿਹੀ ਅਨੁਸ਼ਾਸਿਤ ਮਸ਼ੀਨ ਹੈ ਜੋ ਆਪਣੇ ਆਪ ਵਿੱਚੋਂ ਹੀ ਈਂਧਣ, ਉਤਪਾਦਨ ਅਤੇ ਖੱਪਤ ਕਰਦਿਆਂ ਲਗਾਤਾਰ ਚੱਲ ਰਹੀ ਹੈ। ਕੁਦਰਤ ਦੀ ਅਸੀਮ ਸ਼ਕਤੀ ਤੇ ਜੀਵਨ-ਪ੍ਰਕਿਰਿਆ ਨੂੰ ਸਮਝਣਾ ਬੜਾ ਜਟਿਲ ਹੈ। ਨਿੱਕੇ ਕਿਰਮਾਂ ਤੋਂ ਲੈ ਕੇ ਵੱਡੇ ਜੀਵ ਅਤੇ ਬਨਸਪਤੀ ਦੇ ਬੇਅੰਤ ਰੂਪ, ਜੀਵਨ ਦੇ ਇਸ ਚੱਕਰ ਨੂੰ ਚਲਾਉਣ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਭਾਵੇਂ ਮਨੁੱਖ ਨੇ ਵਿਗਿਆਨ ਦੇ ਆਸਰੇ ਪਦਾਰਥਕ ਉੱਨਤੀ ਕੀਤੀ ਹੈ, ਪਰ ਧਰਤੀ ’ਤੇ ਮਨੁੱਖੀ ਜੀਵਨ ਦਾ ਆਧਾਰ ਅੱਜ ਵੀ ਹਵਾ, ਪਾਣੀ ਅਤੇ ਤਪਸ਼ ਹੈ। ਕੁਦਰਤੀ ਵਾਤਾਵਰਨ ਅਤੇ ਮਨੁੱਖ ਦੀ ਇਕ-ਦੂਜੇ ਪ੍ਰਤੀ ਨਿਰਭਰਤਾ ਹੀ ਧਰਤੀ ਉੱਤੇ ਜੀਵਨ ਦਾ ਆਧਾਰ ਹੈ। ਕੁਦਰਤੀ ਵਿਧਾਨ ਦੁਆਰਾ ਹੀ ਅਜਿਹੇ ਵਾਤਾਵਰਨ ਦੀ ਸਿਰਜਣਾ ਹੋਈ ਜਿਸ ਵਿਚ ਧਰਤੀ ਉੱਤੇ ਜੀਵਨ ਸੰਭਵ ਹੋਇਆ। ਵਰਤਮਾਨ ਸੰਸਾਰ ਦੇ ਸੱਭਿਅਕ ਸਮਾਜਾਂ ਦਾ ਇਹ ਦੁਖਾਂਤ ਹੈ ਕਿ ਕੇਵਲ ਪਦਾਰਥਕ ਪ੍ਰਾਪਤੀ ਅਤੇ ਸਰੀਰਕ ਸੁਖਾਂ ਦੇ ਭੋਗਣ ਨੂੰ ਹੀ ਆਪਣੇ ਜੀਵਨ ਦੀ ਉੱਚਤਮ ਕੀਮਤ ਮਿੱਥ ਲਿਆ ਗਿਆ ਹੈ।ਆਰਥਿਕ ਖੁਸ਼ਹਾਲੀ ਅਤੇ ਪਦਾਰਥਕ

ਤਰੱਕੀ ਹੀ ਵਿਕਸਿਤ ਜਾਂ ਅਵਿਕਸਿਤ ਸਮਾਜ ਨੂੰ ਮਾਪਣ ਦਾ ਇੱਕੋ-ਇਕ ਪੈਮਾਨਾ ਨਿਰਧਾਰਤ ਕੀਤਾ ਗਿਆ ਹੈ। ਪੂੰਜੀ ਦਾ ਲਾਭ ਪ੍ਰਾਪਤ ਕਰਨ ਲਈ ਕਿਸੇ ਵੀ ਤਰ੍ਹਾਂ ਦਾ ਹੱਥਕੰਡਾ ਵਰਤਿਆ ਜਾ ਰਿਹਾ ਹੈ। ਮਨੁੱਖ ਅਤੇ ਬਨਸਪਤੀ ਜੀਵਨ ਲਈ ਅਤਿ ਲੋੜੀਂਦੇ ਕੁਦਰਤੀ ਵਾਤਾਵਰਨ ਦਾ ਵੀ ਬੇਤਹਾਸ਼ਾ ਘਾਣ ਕੀਤਾ ਜਾ ਰਿਹਾ ਹੈ।

ਮਨੁੱਖੀ ਸਮਾਜਾਂ ਅਤੇ ਦੇਸ਼ਾਂ ਵਿਚਕਾਰ ਆਪਸੀ ਆਰਥਿਕ ਪਾੜਾ ਤੇਜ਼ੀ ਨਾਲ ਵਧਿਆ ਹੈ।ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬੀ ਵਿਚ ਧਸਦਾ ਜਾ ਰਿਹਾ ਹੈ।ਮਨੁੱਖੀ ਸਵਾਰਥ ਉੱਤੇ ਆਧਾਰਿਤ ਅਤੇ ਆਰਥਿਕਤਾ ਨੂੰ ਜੀਵਨ ਦਾ ਕੇਂਦਰੀ ਧੁਰਾ ਮੰਨਣ ਵਾਲੀ ਅਜਿਹੀ ਵਿਚਾਰਧਾਰਾ ਕਾਰਨ ਪੂਰੇ ਸੰਸਾਰ ਨੂੰ ਗੰਭੀਰ ਸਮਸਿਆਵਾਂ ਜਿਵੇਂ: ਵਿਸ਼ਵ-ਯੁੱਧ, ਭੁੱਖਮਰੀ ਅਤੇ ਵਾਤਾਵਰਨ ਪ੍ਰਦੂਸ਼ਣ ਦਾ ਸਾਹਮਣਾ ਕਰਨਾ ਪਿਆ ਹੈ।ਕੁਦਰਤ ਦੀ ਸੁੰਦਰਤਾ, ਵੰਨ-ਸੁਵੰਨਤਾ ਅਤੇ ਜੀਵਨਦਾਇਕ ਗੁਣਾਂ ਦਾ ਵਿਚਾਰ ਕੀਤੇ ਬਿਨਾਂ ਕੇਵਲ ਪਦਾਰਥਕ ਪੱਖ ਤੋਂ ਕੀਮਤ ਨਿਰਧਾਰਿਤ ਕਰ ਕੇ ਇਸ ਦਾ ਘਾਣ ਕੀਤਾ ਗਿਆ ਹੈ। ਧਰਤੀ, ਹਵਾ, ਪਾਣੀ, ਅਕਾਸ਼ ਅਤੇ ਅਗਨੀ ਨੂੰ ਨਿਰਜਿੰਦ ਪਦਾਰਥ ਮੰਨ ਕੇ ਇਨ੍ਹਾਂ ਤੋਂ ਮੁਨਾਫਾ ਕਮਾਉਣ ਲਈ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। ਗੁਰਮਤਿ-ਚਿੰਤਨ ਉਪਰੋਕਤ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਮਨੁੱਖੀ ਜੀਵਨ ਦੀ ਕੇਵਲ ਪਦਾਰਥਕ ਕੀਮਤ ਮਿੱਥ ਕੇ ਜੀਵਨ ਬਤੀਤ ਕਰਨਾ ਪਸ਼ੂਆਂ ਦੇ ਤੁਲ ਜਿਊਣ ਦੇ ਬਰਾਬਰ ਹੈ। ਗੁਰਮਤਿ ਅਨੁਸਾਰ ਕੁਦਰਤ ਦੇ ਕਣ-ਕਣ ਵਿਚ ਅਬਿਨਾਸੀ ਸੁਖਾਂ ਦਾ ਮੂਲ ਅਕਾਲ ਪੁਰਖ ਦੀ ਹੋਂਦ ਮੌਜੂਦ ਹੈ, ਮਨੁੱਖ ਕੇਵਲ ਆਤਮਿਕ ਉੱਚਤਾ ਨੂੰ ਹਾਸਿਲ ਕਰ ਕੇ ਹੀ ਸੁਖੀ ਹੋ ਸਕਦਾ ਹੈ। ਅਜਿਹੇ ਆਤਮਿਕ ਸਦੀਵੀ ਸੁਖ ਦੀ ਪ੍ਰਾਪਤੀ ਕੁਦਰਤੀ ਵਾਤਾਵਰਨ ਨੂੰ ਦੈਵੀ ਭਾਵ ਨਾਲ ਮਹਿਸੂਸ ਕੀਤਿਆਂ ਹੀ ਹੋ ਸਕਦੀ ਹੈ। ਗੁਰਮਤਿ ਚਿੰਤਨ ਅਨੁਸਾਰ ਨਿਰੰਕਾਰ, ਸਰਬਵਿਆਪਕ, ਪਰਮਸੱਤਾ ਦੀ ਅਨੁਭੂਤੀ ਪ੍ਰਾਪਤ ਕਰਨਾ ਮਨੁੱਖਾ ਦੇਹੀ ਦਾ ਪਰਮ-ਲਕਸ਼ ਹੈ।ਇਸ ਲਕਸ਼ ਦੀ ਪ੍ਰਾਪਤੀ ਲਈ ਮਨੁੱਖੀ ਮਨ ਦਾ ਅੰਦਰਲਾ ਅਤੇ ਬਾਹਰਲਾ ਵਾਤਾਵਰਨ ਇਕਸਾਰ ਹੋਣਾ ਲਾਜ਼ਮੀ ਹੈ। ਸਾਡੇ ਮਨ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਆਲੇ-ਦੁਆਲੇ ਦੀ ਸੰਗਤ ਦਾ ਪ੍ਰਭਾਵ ਕਬੂਲਦਾ ਹੈ। ਚੰਗੇ ਅਤੇ ਕਲਿਆਣਕਾਰੀ ਵਿਚਾਰਾਂ ਨਾਲ ਲਬਰੇਜ਼ ਮਨ ਬੁਰਾਈ ਦਾ ਤਿਆਗ ਕਰ ਕੇ ਚੰਗਾ ਬਣ ਜਾਂਦਾ ਹੈ ਅਤੇ ਚੰਗੇ ਸਮਾਜ ਦੀ ਸਿਰਜਣਾ ਕਰਦਾ ਹੈ ਅਤੇ ਮਾੜੇ ਵਿਚਾਰਾਂ ਦਾ ਧਾਰਨੀ ਮਨ ਸਮਾਜ ਵਾਸਤੇ ਖ਼ਤਰਾ ਹੋ ਨਿਬੜਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਮਨ ਨੂੰ ਸੰਬੋਧਨ ਕਰਦਿਆਂ ਉਚਾਰੀ ਗਈ ਹੈ। ਦੈਵੀ ਅਨੁਭਵ ਅਤੇ ਕੁਦਰਤ ਪਿਆਰ ਨਾਲ ਭਰੇ ਹੋਏ ਗੁਰਬਾਣੀ ਦੇ ਮਿੱਠੇ ਸੂਖਮ ਅਹਿਸਾਸਾਂ ਨਾਲ ਜਦੋਂ ਸਾਡਾ ਮਨ ਸਾਂਝ ਪਾਉਂਦਾ ਹੈ ਤਾਂ ਉਸ ਵਿਚ ਆਪਣੇ ਸਵੈ ਅਤੇ ਆਲੇ-ਦੁਆਲੇ ਪਸਰੀ ਕੁਦਰਤੀ ਸੁੰਦਰਤਾ ਨੂੰ ਮਾਣਨ ਦੀ ਸੂਖਮ ਚੇਤਨਾ ਜਾਗ੍ਰਿਤ ਹੁੰਦੀ ਹੈ।ਸਧਾਰਨ ਮਨੁੱਖੀ ਮਨ ਜਿਸ ਵਿਚ ਡਰ, ਚਿੰਤਾ-ਫਿਕਰ, ਸਹਿਮ ਅਤੇ ਨਾਂਹਪੱਖੀ ਸੰਕਲਪ-ਵਿਕਲਪਾਂ ਦੀ ਭਰਮਾਰ ਹੁੰਦੀ ਹੈ ਅਤੇ ਜੋ ਸਦਾ ਆਪਣੀਆਂ ਸਰੀਰਕ ਕਾਮਨਾਵਾਂ, ਲੋਭ-ਲਾਲਚ ਅਤੇ ਵਿਕਾਰੀ ਤ੍ਰਿਸ਼ਨਾਵਾਂ ਦਾ ਗ਼ੁਲਾਮ ਹੋਣ ਕਰਕੇ ਦੁਖ ਅਤੇ ਸ਼ੋਕਗ੍ਰਸਤ ਹੁੰਦਾ ਹੈ, ਜਦੋਂ ਗੁਰਬਾਣੀ ਵਿਚ ਵਾਰ-ਵਾਰ

ਦਰਸਾਏ ਸੱਚ, ਸੰਤੋਖ, ਦਇਆ, ਪ੍ਰੇਮ, ਨਿਮਰਤਾ ਅਤੇ ਪਰਉਪਕਾਰ ਦੇ ਸੁਭਾਵਿਕ ਵਿਚਾਰਾਂ ਦੀ ਸੰਗਤ ਕਰਦਾ ਹੈ ਤਾਂ ਉਸ ਦੇ ਮਨ ਦੀ ਨਿਰਾਸ਼ਤਾ ਖਤਮ ਹੁੰਦੀ ਹੈ, ਉਹ ਆਪਣੇ ਆਲੇ-ਦੁਆਲੇ ਪ੍ਰਤੀ ਉਤਸ਼ਾਹਿਤ ਅਤੇ ਸੰਵੇਦਨਸ਼ੀਲ ਹੁੰਦਾ ਹੈ। ਇਸ ਪ੍ਰਕਾਰ ਗੁਰਬਾਣੀ ਜਿੱਥੇ ਮਨੁੱਖੀ ਮਨ ਦੇ ਅੰਦਰਲੇ ਵਾਤਾਵਰਨ ਦੀ ਸ਼ੁੱਧੀ ਕਰਦੀ ਹੈ, ਉੱਥੇ ਹੀ ਸਾਡੇ ਬਾਹਰੀ ਵਾਤਾਵਰਨ ਦੇ ਪ੍ਰਮੁੱਖ ਤੱਤਾਂ ਧਰਤੀ, ਪਾਣੀ, ਹਵਾ, ਤਪਸ਼, ਅਕਾਸ਼, ਬਨਸਪਤੀ, ਜੀਵ-ਜੰਤੂਆਂ ਨਾਲ ਵਿਹਾਰ ਪ੍ਰਤੀ ਵੀ ਸਰਬੱਤ ਦੇ ਭਲੇ ਦਾ ਵਿਧਾਨ ਘੜਿਆ ਹੈ। ਗੁਰਮਤਿ ਵਿਚ ਦਰਸਾਈ ਜੀਵਨ-ਜਾਚ ਪਰਮਾਰਥ ਅਤੇ ਪਦਾਰਥ ਦਾ ਵਿਲੱਖਣ ਸੰਯੋਗ ਪੈਦਾ ਕਰਦੀ ਹੈ। ਗੁਰਮਤਿ ਅਨੁਸਾਰ ਨਾ ਤਾਂ ਸਿਧਾਂ-ਯੋਗੀਆਂ (ਤਿਆਗੀਆਂ) ਵਾਂਗ ਸੰਸਾਰ ਤੋਂ ਉਪਰਾਮ ਹੋ ਕੇ ਜੰਗਲ-ਬੀਆਬਾਨਾਂ ਅਤੇ ਗੁਫਾਵਾਂ ਦੀ ਸ਼ਰਣ ਲਿਆਂ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾ ਹੀ ਪਦਾਰਥਕ ਭੋਗਾਂ (ਗ੍ਰਿਹਿਸਥੀਆਂ) ਵਿਚ ਖੱਚਤ ਹੋ ਕੇ ਜੀਵਨ ਮਨੋਰਥ ਪ੍ਰਾਪਤ ਕੀਤਾ ਜਾ ਸਕਦਾ ਹੈ।

੧੯ਵੀਂ ਸਦੀ ਦੇ ਪਿਛਲੇ ਪੰਜ ਦਹਾਕਿਆਂ ਵਿਚ ਮਨੁੱਖੀ ਸੱਭਿਅਤਾ ਨੇ ਕੁਦਰਤ ਦੁਆਰਾ ਬਖਸ਼ੀ ਬੋਧ-ਸ਼ਕਤੀ ਦੇ ਆਸਰੇ ਪਦਾਰਥਕ ਪੱਖ ਤੋਂ ਬੜੀ ਤਰੱਕੀ ਕੀਤੀ ਹੈ, ਪਰੰਤੂ ਇਸ ਪਦਾਰਥਕ ਵਿਕਾਸ ਦੀ ਬੜੀ ਭਾਰੀ ਕੀਮਤ ਕੁਦਰਤੀ ਵਾਤਾਵਰਨ ਦਾ ਘਾਣ ਕਰਕੇ ਚੁਕਾਈ ਗਈ ਹੈ। ਵਧਦੇ ਉਦਯੋਗਿਕ ਵਿਕਾਸ, ਸ਼ਹਿਰੀਕਰਨ ਅਤੇ ਵਧਦੀ ਅਬਾਦੀ ਦੀਆਂ ਲੋੜਾਂ ਦੀ ਪੂਰਤੀ ਹਿੱਤ ਧਰਤੀ ਉੱਤੇ ਕੁਦਰਤ ਦੁਆਰਾ ਵਿਛਾਈ ਗਈ ਵੰਨ-ਸੁਵੰਨੀ ਬਨਸਪਤੀ ਦੀ ਹਰੀ-ਭਰੀ ਚਾਦਰ ਨੂੰ ਜੜ੍ਹੋਂ ਉਖਾੜ ਕੇ ਸੀਮਿੰਟ ਦੇ ਭਿਆਨਕ ਜੰਗਲ ਤਿਆਰ ਕੀਤੇ ਜਾ ਰਹੇ ਹਨ। ਇਹ ਸਭ ਕੁਝ ਵਿਕਾਸ ਦੇ ਨਾਂ 'ਤੇ ਬੜ੍ਹੇ ਧੜੱਲੇ ਨਾਲ ਕੀਤਾ ਜਾ ਰਿਹਾ ਹੈ। ਪਦਾਰਥਕ ਸਵਾਰਥੀ ਵਿਚਾਰਧਾਰਾ ਅਧੀਨ ਸਮੁੱਚੀ ਮਨੁੱਖਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ, ਪਰਮਾਤਮਾ ਦੇ ਕੁਦਰਤ ਵਿਚ ਸਰਬ-ਵਿਆਪਕ ਰੂਪ ਦਾ ਭੇਦ ਪਾਉਣ ਤੋਂ ਅਸਮਰੱਥ ਹੈ। ਆਪਣੇ ਵਡੇਰਿਆਂ ਦੁਆਰਾ ਧਰਮ-ਗ੍ਰੰਥਾਂ ਵਿਚ ਦਰਸਾਏ ਪਰਮਾਰਥਕ ਜੀਵਨ-ਮੁੱਲਾਂ ਨੂੰ ਭੁੱਲ ਕੇ ਮਨੁੱਖ ਕੁਦਰਤ ਨੂੰ ਕੇਵਲ ਪਦਾਰਥਕ ਨੁਕਤੇ ਤੋਂ ਵੇਖਣ ਦਾ ਆਦੀ ਹੋ ਗਿਆ ਹੈ ਜਿਸ ਕਾਰਨ ਵਾਤਾਵਰਨ ਪ੍ਰਦੂਸ਼ਣ ਵਰਗੇ ਗੰਭੀਰ ਮਸਲੇ ਉਠ ਖਲੋਏ ਹਨ। ਇਸ ਦੇ ਉਲਟ ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਇਕ ਅਜਿਹੀ ਸੰਤੁਲਿਤ ਜੀਵਨ-ਜਾਚ ਦਾ ਸੰਕਲਪ ਪ੍ਰਦਾਨ ਕਰਦਾ ਹੈ ਜਿਸ ਅਨੁਸਾਰ ਮਨੁੱਖ ਪਦਾਰਥਕ ਅਤੇ ਪਰਮਾਰਥਕ ਦੋਵੇਂ ਮਨੋਰਥ ਪ੍ਰਾਪਤ ਕਰ ਸਕਦਾ ਹੈ। "ਸਿੱਖ ਧਰਮ ਮੂਲ ਰੂਪ ਵਿਚ ਇਕ ਅਧਿਆਤਮਿਕ ਅਨੁਭਵ ਹੋਣ ਦੇ ਬਾਵਜੂਦ ਮਨੁੱਖੀ ਸ਼ਖ਼ਸੀਅਤ ਦੇ ਅਜਿਹੇ ਕੁਦਰਤੀ ਜੀਵ ਵਿਗਿਆਨਕ ਵਿਕਾਸ ਉੱਤੇ ਜ਼ੋਰ ਦਿੰਦਾ ਹੈ ਜਿਸ ਵਿਚ ਕੁਦਰਤ ਦੇ ਸਾਰੇ ਰੂਪਾਂ ਨਾਲ ਇਕਸੁਰਤਾ ਕਾਇਮ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ।"[੧੦] "ਸ੍ਰੀ ਗੁਰੂ ਨਾਨਕ ਦੇਵ ਜੀ ਇਸ ਧਰਤੀ ਨੂੰ ਧਰਮ ਦੀ ਕਮਾਈ ਕਰਨ ਦਾ ਅਸਥਾਨ ਮੰਨਦੇ ਹਨ ਅਤੇ ਮਨੁੱਖ ਜੋ ਵਿਕਾਸ ਦੀ ਸਭ ਤੋਂ ਉੱਚੀ ਪਉੜੀ 'ਤੇ ਖੜਾ ਹੈ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਾਲ ਦੇ ਸੱਭਿਆਚਾਰਾਂ ਅਤੇ ਦੂਸਰੀ ਸ਼੍ਰੇਣੀ ਦੇ ਜੀਵਾਂ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋਵੇ।"[੧੧]

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਵਚਨਾਂ ਅਨੁਸਾਰ ਇਕ ਦੈਵੀ ਪਰਮਹਸਤੀ ਜੋ ਸ੍ਰਿਸ਼ਟੀ ਦੇ ਕਣ-ਕਣ ਵਿਚ ਵਿਆਪਕ ਹੈ, ਨੂੰ ਭੁਲ ਕੇ ਹੀ ਮਾਨਵਜਾਤੀ ਵਾਤਾਵਰਨ-ਪ੍ਰਦੂਸ਼ਣ ਦੇ ਗੰਭੀਰ ਸੰਕਟ ਨੂੰ ਝੱਲ ਰਹੀ ਹੈ। ਤੱਤ-ਮੀਮਾਂਸਾ ਦੀ ਅਗਿਆਨਤਾ ਕਾਰਨ ਮਨੁੱਖ ਸਾਰੇ ਜੀਵ-ਜੰਤੂਆਂ, ਬਨਸਪਤੀ ਅਤੇ ਕੁਦਰਤੀ ਪਸਾਰੇ ਨੂੰ ਭਿੰਨ-ਭਿੰਨ ਕਰ ਕੇ ਵੇਖਦਾ ਹੈ, ਜੀਵਾਂ ਅਤੇ ਬਨਸਪਤੀ ਦੇ ਬਾਹਰੀ ਗੁਣ ਅਤੇ ਸੁਭਾਅ ਵੀ ਉਸ ਨੂੰ ਵੱਖ-ਵੱਖ ਪ੍ਰਤੀਤ ਹੁੰਦੇ ਹਨ। ਇਸ ਦੇ ਨਾਲ ਹੀ ਵਰਤਮਾਨ ਵਿਗਿਆਨਕ ਦ੍ਰਿਸ਼ਟੀਕੋਣ ਪਦਾਰਥ ਅਤੇ ਊਰਜਾ ਨੂੰ ਦੋ ਵੱਖ-ਵੱਖ ਬਿੰਦੂ ਮੰਨ ਕੇ ਇਨ੍ਹਾਂ ਦਾ ਅਧਿਐਨ ਕਰਦਾ ਹੈ। ਕੁਦਰਤੀ ਪਸਾਰੇ ਦੇ ਸਾਰੇ ਅੰਗਾਂ ਨੂੰ ਖੰਡ-ਖੰਡ ਕਰਕੇ ਸਮਝਣ ਦੀ ਮਾਨਸਿਕ ਪ੍ਰਵਿਰਤੀ ਨੇ ਸਮੱਸਿਆ ਨੂੰ ਹੋਰ ਵਧਾਇਆ ਹੈ। ਸ੍ਰਿਸ਼ਟੀ ਦੀ ਹਰ ਰਚਨਾ ਨੂੰ ਬੇਜਾਨ-ਤੱਤ ਅਤੇ ਆਪ ਮੁਹਾਰੇ ਚੱਲ ਰਹੀ ਮਸ਼ੀਨ ਮੰਨ ਕੇ ਇਸ ਦੇ ਵੱਖ-ਵੱਖ ਪੁਰਜਿਆਂ ਦੀ ਖੋਜਬੀਨ ਕੀਤੀ ਜਾ ਰਹੀ ਹੈ। ਵਿਗਿਆਨ ਆਧਾਰਿਤ ਅਜਿਹੇ ਜੀਵਨ-ਸੰਕਲਪ ਕਾਰਨ ਭਾਵੇਂ ਮਨੁੱਖ ਨੇ ਪਦਾਰਥਕ ਤਰੱਕੀ ਤਾਂ ਬਹੁਤ ਕੀਤੀ ਹੈ, ਪਰ ਇਸ ਵਿਕਾਸ ਦੀ ਭਾਰੀ ਕੀਮਤ ਵਾਤਾਵਰਨ ਅਸੰਤੁਲਨ ਦੇ ਰੂਪ ਵਿਚ ਚੁਕਾਉਣੀ ਪਈ ਹੈ ਅਤੇ ਧਰਤੀ ਉੱਪਰ ਜੀਵਨ ਦਾ ਖ਼ਤਰਾ ਪੈਦਾ ਹੋ ਗਿਆ ਹੈ। ਮਨੁੱਖ ਦੇ ਕੁਦਰਤ ਅਤੇ ਧਰਤੀ ਉੱਪਰ ਵੱਸਣ ਵਾਲੇ ਦੂਸਰੇ ਜੀਵਾਂ ਨਾਲ ਸੰਬੰਧ ਵਿਗਾੜ ਦੀ ਚਰਮ-ਸੀਮਾ ਤਕ ਪੁੱਜ ਗਏ ਹਨ। ਨਿਖੇੜਵਾਦੀ ਵਿਚਾਰਧਾਰਾ ਨੇ ਮਨੁੱਖੀ ਭਾਈਚਾਰੇ ਨੂੰ ਵੀ ਨਸਲਾਂ, ਰੰਗਾਂ-ਰੂਪਾਂ, ਭਾਸ਼ਾਈ, ਸੱਭਿਆਚਾਰਕ, ਵਿਕਸਿਤ ਅਤੇ ਅਵਿਕਸਿਤ ਆਦਿਕ ਸ਼੍ਰੇਣੀਆਂ ਵਿਚ ਵੰਡ ਕੇ ਦੋ ਭਿਆਨਕ ਸੰਸਾਰ-ਜੰਗਾਂ ਨੂੰ ਜਨਮ ਦਿੱਤਾ ਹੈ। "ਪਿਛਲੀ ਪੌਣੀ ਸਦੀ ਦੌਰਾਨ ਵਾਪਰੇ ਕੁਝ ਮਹਾਂਵਿਨਾਸ਼ਕਾਰੀ ਵਰਤਾਰਿਆਂ, ਆਲਮੀ ਜੰਗਾਂ, ਨਾਜ਼ੀਵਾਦ, ਫਾਸੀਵਾਦ, ਹਿੰਸਾ ਅਤੇ ਕਤਲ-ਓ-ਗਾਰਤ ਵਿਚ ਅਸੀਮ ਵਾਧਾ ਹੋਇਆ ਹੈ, ਮਨੁੱਖੀ ਆਚਰਨ ਨਿਘਾਰ ਵੱਲ ਗਿਆ ਹੈ। ਵਾਤਾਵਰਨ ਦੀ ਭਿਅੰਕਰ ਤਬਾਹੀ ਵੇਖ ਕੇ ਮਾਨਵਵਾਦੀ ਸੂਖਮਭਾਵੀ ਚਿੰਤਨਸ਼ੀਲ ਵਰਗ ਦਾ ਵਿਗਿਆਨ ਦੇ ਵੱਡੇ-ਵੱਡੇ ਦਾਅਵਿਆਂ ਉੱਤੋਂ ਮੋਹ ਭੰਗ ਹੋ ਗਿਆ ਹੈ।"[੧੨] ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸੰਸਾਰ ਨੂੰ ਇਕ ਨਵੀਨ ਜੀਵਨ-ਸੰਕਲਪ ਪ੍ਰਦਾਨ ਕੀਤਾ ਹੈ ਜਿਸ ਅਨੁਸਾਰ ਕੁਦਰਤ ਦੀ ਇਸ ਸਾਰੀ ਭਿੰਨਤਾ ਅਤੇ ਵੰਨ-ਸੁਵੰਨਤਾ ਨੂੰ ਇਕ ਦੈਵੀ ਹਸਤੀ ਪਰਮਾਤਾਮਾ ਦਾ ਵਿਸ਼ੇਸ਼ ਲੱਛਣ ਪ੍ਰਵਾਨ ਕਰਕੇ ਇਸ ਅਨੇਕਤਾ ਨੂੰ ਨਿਹਾਰ ਕੇ ਵਿਸਮਾਦਿਤ ਹੋਇਆ ਜਾ ਸਕਦਾ ਹੈ। ਇਸ ਕੁਦਰਤੀ ਪਸਾਰੇ ਵਿਚਲੀ ਸਾਰੀ ਭਿੰਨਤਾ ਪਸਾਰੇ ਦੇ ਬਾਹਰਮੁਖੀ ਗੁਣਾਂ ਕਰਕੇ ਜਾਪਦੀ ਹੈ, ਪਰ ਇਸ ਦਾ ਅੰਤਰਮੁਖੀ ਸੁਭਾਅ ਅਤੇ ਲੱਛਣ ਇਕ ਤੋਂ ਅਨੇਕ ਹੋਣ ਦੀ ਗਵਾਹੀ ਭਰਦੇ ਹਨ। ਗੁਰਬਾਣੀ ਕੁਦਰਤ ਦੇ ਇਸ ਪਸਾਰੇ ਨੂੰ ਪਰਮਾਤਮਾ ਦਾ ਵਚਿੱਤਰ ਖੇਲ ਮੰਨਦੀ ਹੈ ਅਤੇ ਅਨੇਕਤਾ ਨੂੰ ਦੈਵੀ ਲੱਛਣ ਪ੍ਰਵਾਨ ਕਰਦੀ ਹੈ:

*ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥*
*ਕੋਇ ਨ ਕਿਸ ਹੀ ਜੇਹਾ ਉਪਾਇਆ॥*
*ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ॥* *(ਪੰਨਾ ੧੦੫੬)*

**ਵਾਤਾਵਰਨ ਅਸੰਤੁਲਨ:**

**ਹਵਾ:** ਪ੍ਰਾਣੀ ਅਤੇ ਬਨਸਪਤੀ ਜੀਵਨ ਲਈ ਲੋੜੀਂਦੇ ਜ਼ਰੂਰੀ ਤੱਤਾਂ ਵਿਚ ਹਵਾ ਪ੍ਰਥਮ ਹੈ। ਇਹ ਨੁਕਤਾ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕੁਦਰਤ ਵੱਲੋਂ ਮਨੁੱਖ ਨੂੰ ਮਿਲੀਆਂ ਨਿਆਮਤਾਂ ਦੇ ਭੰਡਾਰੇ ਅਮੁੱਕ ਅਤੇ ਅਥਾਹ ਹਨ। ਹਵਾ ਜਿਸ ਰਾਹੀਂ ਸਾਰੀ ਬਨਸਪਤੀ ਅਤੇ ਜੀਵ-ਪ੍ਰਣਾਲੀ ਸਾਹ ਲੈਂਦੀ ਅਤੇ ਛੱਡਦੀ ਹੈ ਧਰਤੀ ਦੇ ਹਰ ਕੋਨੇ ਵਿਚ ਮੌਜੂਦ ਹੈ। ਮਨੁੱਖ ਸਾਰੀ ਜ਼ਿੰਦਗੀ ਪਦਾਰਥਕ ਲੋੜਾਂ ਨੂੰ ਪੂਰਾ ਕਰਨ ਲਈ ਕਿੰਨਾ ਤਰਦੱਦ ਅਤੇ ਭੱਜ-ਦੌੜ ਕਰਦਾ ਹੈ, ਪਰ ਜਿਊਂਦੇ ਰਹਿਣ ਲਈ ਸਭ ਤੋਂ ਜ਼ਰੂਰੀ ਤੱਤ ਹਵਾ ਤਕ ਸਾਡੀ ਪਹੁੰਚ ਬਹੁਤ ਅਸਾਨ ਹੈ। ਵਾਯੂ-ਮੰਡਲ ਦੇ ਪੱਖ ਤੋਂ ਵਾਤਾਵਰਨ ਦੀ ਵਰਤਮਾਨ ਸਥਿਤੀ ਬੜੀ ਗੰਭੀਰ ਹੈ। ਕੁਦਰਤ ਦੇ ਇਸ ਸੋਮੇ ਪ੍ਰਤੀ ਮਨੁੱਖ ਨੇ ਇੰਨੀ ਲਾਪਰਵਾਹੀ ਵਿਖਾਈ ਹੈ ਕਿ ਜੀਵਨ ਦਾ ਗੰਭੀਰ ਸੰਕਟ ਪੈਦਾ ਹੋ ਗਿਆ ਹੈ। ਵਿਕਾਸ ਦੇ ਆਰਥਿਕ ਮਾਡਲਾਂ ਦੀ ਆੜ ਹੇਠ ਅਸੀਂ ਸਾਡੇ ਜੀਵਨ ਲਈ ਅਤਿ ਲੋੜੀਂਦੇ ਸੋਮੇ ਹਵਾ ਵਿਚ ਕਾਰਖਾਨਿਆਂ ਅਤੇ ਉਦਯੋਗਾਂ ਦੇ ਧੂੰਏਂ ਰਾਹੀਂ ਜ਼ਹਿਰੀਲੀਆਂ ਗੈਸਾਂ ਦਾ ਜ਼ਹਿਰ ਭਰ ਦਿੱਤਾ ਹੈ। ਵਾਤਾਵਰਨ ਦੀ ਸ਼ੁੱਧਤਾ ਲਈ ਕੁਦਰਤ ਨੇ ਸਾਨੂੰ ਇਕ ਅਨੁਸ਼ਾਸਿਤ ਸਿਸਟਮ ਦਿੱਤਾ ਸੀ ਕਿ ਪੇੜ-ਪੌਦਿਆਂ ਦੇ ਰੂਪ ਵਿਚ ਬਨਸਪਤੀ ਹਵਾ ਵਿੱਚੋਂ ਗੈਰ-ਜ਼ਰੂਰੀ ਤੱਤਾਂ ਨੂੰ ਸਾਫ ਕਰਦੀ ਅਤੇ ਸ਼ੁੱਧ ਹਵਾ ਪ੍ਰਦਾਨ ਕਰਦੀ, ਪਰ ਮਨੁੱਖ ਨੇ ਜੰਗਲਾਂ ਦੀ ਬੇਤਹਾਸ਼ਾ ਕਟਾਈ ਕੀਤੀ ਅਤੇ ਉਸ ਦੀ ਥਾਂ ਜ਼ਹਿਰੀਲੀਆਂ ਗੈਸਾਂ ਛੱਡਦੇ ਵੱਡੇ-ਵੱਡੇ ਕਾਰਖਾਨੇ ਲਗਾ ਕੇ ਕੁਦਰਤੀ ਸੰਤੁਲਨ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਜਿਹੜੀ ਸ਼ੁੱਧ ਹਵਾ ਜੀਵਨ ਲਈ ਜ਼ਰੂਰੀ ਸੀ, ਉਹੀ ਹਵਾ ਅੱਜ ਸਾਰੇ ਸੰਸਾਰ ਵਿਚ ਸਾਹ ਅਤੇ ਦਮੇ ਦੀਆਂ ਭਿਆਨਕ ਬੀਮਾਰੀਆਂ ਦਾ ਕਾਰਨ ਹੈ। ਵਰਤਮਾਨ ਸਮੇਂ ਸਾਰੇ ਸੰਸਾਰ ਵਿਚ ਰੋਜ਼ਾਨਾ ਹਜ਼ਾਰਾਂ ਟਨ ਜ਼ਹਿਰੀਲੀਆਂ ਗੈਸਾਂ ਦਾ ਧੂੰਆਂ ਲਗਾਤਾਰ ਅਸੀਂ ਵਾਯੂ-ਮੰਡਲ ਵਿਚ ਵਿਚ ਪਹੁੰਚਾ ਰਹੇ ਹਾਂ। ਇਹ ਧੂੰਆਂ, ਉਦਯੋਗਾਂ, ਵਾਹਨਾਂ, ਘਰਾਂ, ਕੂੜੇ-ਕਰਕਟ ਨੂੰ ਜਲਾ ਕੇ, ਸਿਗਰਟਨੋਸ਼ੀ, ਫਸਲਾਂ ਦੀ ਰਹਿੰਦ-ਖੂੰਦ ਸਾੜ ਕੇ, ਤਿਉਹਾਰਾਂ ਦੇ ਖਾਸ ਮੌਕਿਆਂ 'ਤੇ ਆਤਸ਼ਬਾਜ਼ੀਆਂ ਕਰ ਕੇ, ਮੁਰਦਿਆਂ ਨੂੰ ਜਲਾ ਕੇ, ਪਰਮਾਣੂ ਬੰਬਾਂ ਅਤੇ ਮਿਜ਼ਾਈਲਾਂ ਦੇ ਧਮਾਕੇ ਕਰ ਕੇ ਅਤੇ ਹੋਰ ਕਈ ਢੰਗਾਂ ਨਾਲ ਲਗਾਤਾਰ, ਅਕਾਸ਼ ਅਤੇ ਹਵਾ ਨੂੰ ਗੰਧਲਾ ਕਰ ਰਿਹਾ ਹੈ।

**ਪਾਣੀ :-** ਗੁਰਬਾਣੀ ਦਾ ਵਾਕ ਹੈ, *ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ* ਭਾਵ ਸਭ ਤੋਂ ਪਹਿਲਾ ਜੀਵਨ ਦਾ ਆਧਾਰ ਪਾਣੀ ਹੈ, ਜਿਸ ਕਰਕੇ ਸਾਰਾ ਕੁਝ ਹਰਿਆ ਭਰਿਆ ਜਿੰਦ-ਜਾਨ ਵਾਲਾ ਹੋ ਜਾਂਦਾ ਹੈ। ਧਰਤੀ, ਸਾਡਾ ਸਰੀਰ ਅਤੇ ਬਨਸਪਤੀ ਦਾ ਆਧਾਰ ਤਿੰਨ ਹਿੱਸੇ ਪਾਣੀ ਹੀ ਹੈ। ਪਾਣੀ ਤੋਂ ਬਿਨਾ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਜਲ ਤੋਂ ਬਿਨਾ ਜੀਵਨ ਮੰਡਲ ਦੀ ਇਹ ਸ਼ਾਖ ਕੁਮਲਾ ਜਾਂਦੀ ਹੈ। ਪਾਣੀ ਸਾਡੇ ਜੀਵਨ ਵਿਚ ਸੀਤਲਤਾ, ਪਾਵਨਤਾ ਅਤੇ ਤ੍ਰਿਪਤੀ ਪੈਦਾ ਕਰਦਾ ਹੈ। ਜੇਕਰ ਪਾਣੀ ਜੀਵਨ ਦਿੰਦਾ ਹੈ ਤਾਂ ਮਨੁੱਖ ਜਾਤੀ ਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਇਸ ਕੁਦਰਤੀ ਦਾਤ ਵਿਚ ਵਿਗਾੜ ਪੈਦਾ ਕੀਤਿਆਂ ਇਹ ਜੀਵਨ ਲੈ ਵੀ ਸਕਦਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਮਨੁੱਖ ਨੇ ਧਰਮ ਗ੍ਰੰਥਾਂ ਦੇ ਮਹਾਵਾਕਾਂ ਨੂੰ ਅਤੇ

ਵਿਗਿਆਨਕ ਚੇਤਾਵਨੀਆਂ ਨੂੰ ਅੱਖੋਂ-ਪਰੋਖੇ ਕਰਦੇ ਹੋਏ ਸ਼ੁੱਧ ਪਾਣੀ ਦੇ ਕੁਦਰਤੀ ਸ੍ਰੋਤਾਂ ਵਿਚ ਭਾਰੀ ਮਾਤਰਾ ਵਿਚ ਗੰਦਗੀ ਅਤੇ ਜ਼ਹਿਰੀਲੇ ਪਦਾਰਥ ਸੁੱਟੇ ਹਨ। ਸਮੁੰਦਰਾਂ, ਝੀਲਾਂ, ਦਰਿਆਵਾਂ ਅਤੇ ਨਦੀਆਂ ਨੂੰ ਕੂੜੇਦਾਨ ਵਜੋਂ ਵਰਤਿਆ ਜਾ ਰਿਹਾ ਹੈ। ਸਾਡੇ ਘਰਾਂ ਦਾ ਮਲ-ਮੂਤਰ, ਫੈਕਟਰੀਆਂ ਦਾ ਜ਼ਹਿਰੀਲਾ ਘੋਲ, ਕੀਟ-ਨਾਸ਼ਕ ਦਵਾਈਆਂ, ਮੁਰਦੇ ਜੀਵ, ਖਣਿਜ ਤੇਲ, ਸ਼ਹਿਰਾਂ ਦੇ ਸੀਵਰੇਜ ਦਾ ਪਾਣੀ ਅਤੇ ਹੋਰ ਅਨੇਕਾਂ ਹੀ ਘਾਤਕ ਪਦਾਰਥ, ਸ਼ੁੱਧ ਜਲ ਦੀ ਭੇਟ ਕਰਕੇ ਅਸੀਂ ਆਪਣੀ ਸੋਚ ਦਾ ਦੀਵਾਲਾ ਕੱਢ ਰਹੇ ਹਾਂ। ਅਗਿਆਨਤਾ ਦੀ ਹਨੇਰ-ਗਰਦੀ ਹੋਣ ਕਰਕੇ ਭਾਰਤ ਵਰਗੇ ਸੰਘਣੀ ਵੱਸੋਂ ਵਾਲੇ ਦੇਸ਼ਾਂ ਦੇ ਸਮੁੰਦਰਾਂ , ਦਰਿਆਵਾਂ, ਨਦੀਆਂ ਦਾ ਹਾਲ ਤਾਂ ਬਦ ਨਾਲੋਂ ਵੀ ਬਦਤਰ ਹੈ। ਪਾਣੀ ਦੀ ਇਸੇ ਅਸ਼ੁੱਧਤਾ ਨੇ ਪੰਜਾਬ ਰਾਜ ਦੇ ਸਮੁੱਚੇ ਮਾਲਵੇ ਖੇਤਰ ਵਿਚ ਕੈਂਸਰ ਦਾ ਰੂਪ ਧਾਰ ਕੇ ਭਾਰੀ ਤਬਾਹੀ ਮਚਾਈ ਹੈ। ਡਾਇਰੀਆ, ਉਲਟੀਆਂ, ਪਾਚਨ ਕਿਰਿਆ ਅਤੇ ਚਮੜੀ ਦੇ ਕਈ ਕਿਸਮ ਦੇ ਰੋਗਾਂ ਦਾ ਕਾਰਨ ਪਾਣੀ ਦਾ ਜ਼ਹਿਰੀਲਾਪਨ ਹੀ ਹੈ। ਪਾਣੀ ਦੇ ਇਸ ਤਰ੍ਹਾਂ ਜ਼ਹਿਰੀਲੇ ਹੋਣ ਦਾ ਕਾਰਨ ਕੁਦਰਤੀ ਨਹੀਂ ਬਲਕਿ ਮਨੁੱਖ ਜਾਤੀ ਦੀ ਦੇਣ ਹੈ। ਸਵਾਰਥ ਦੀ ਹੱਦ ਹੈ ਕਿ ਪਹਿਲਾਂ ਸ਼ੁੱਧ ਪਾਣੀ ਨੂੰ ਆਪ ਹੀ ਗੰਧਲਾ ਕੀਤਾ ਅਤੇ ਫਿਰ ਪਾਣੀ ਸ਼ੁੱਧ ਕਰਨ ਦੇ ਪਲਾਂਟ ਲਗਾ ਕੇ ਬੋਤਲਾਂ ਵਿਚ ਭਰ ਕੇ ਵੇਚਿਆ ਅਤੇ ਮੁਨਾਫਾ ਕਮਾਇਆ ਜਾ ਰਿਹਾ ਹੈ।

**ਧਰਤੀ:** ਧਰਤੀ ਮਨੁੱਖਤਾ ਦਾ ਉਹ ਘਰ ਹੈ, ਜਿੱਥੇ ਭਾਂਤ-ਭਾਂਤ ਦੀ ਬਨਸਪਤੀ, ਪਹਾੜਾਂ, ਝਰਨਿਆਂ, ਜੀਵ-ਜੰਤੂਆਂ, ਸਮੁੰਦਰਾਂ ਅਤੇ ਪੰਛੀਆਂ ਦਾ ਸਮੂਹਿਕ ਵਾਸਾ ਹੈ। ਧਰਤੀ ਦਾ ਇਹ ਕੁਦਰਤੀ ਮਨਮੋਹਕ ਰੂਪ ਅਤੇ ਆਕਰਸ਼ਣ ਮਨੁੱਖ ਦੀ ਦਖਲ-ਅੰਦਾਜ਼ੀ ਕਰਕੇ ਬੜੀ ਤੇਜ਼ੀ ਨਾਲ ਵਿਲੁਪਤ ਹੋ ਰਿਹਾ ਹੈ। ਧਰਤੀ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਮਨੁੱਖ ਨੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਧਰਤੀ ਦੀ ਹਿੱਕ ਪਾੜ ਕੇ ਖਣਿਜ ਪਦਾਰਥ, ਪਾਣੀ, ਤੇਲ ਕੱਢ ਕੇ ਅਤੇ ਧਰਤੀ ਉਤਲੇ ਜੰਗਲਾਂ ਦੀ ਕਟਾਈ ਕਰ ਕੇ ਇਸ ਨੂੰ ਖੋਖਲਾ ਕੀਤਾ ਹੈ। ਇਸ ਦੇ ਨਾਲ ਹੀ ਧਰਤੀ ਵਿਚ ਅਨੇਕਾਂ ਕੀਟ ਨਾਸ਼ਕ, ਰਸਾਇਣਕ ਦਵਾਈਆਂ, ਖਾਦਾਂ, ਜ਼ਹਿਰੀਲੇ ਕਾਰਕਾਂ ਦਾ ਮਿਸ਼ਰਣ ਕਰਕੇ ਧਰਤੀ ਨੂੰ ਅਧਮੋਈ ਕਰ ਦਿੱਤਾ ਹੈ। ਵਰਤਮਾਨ ਸਮੇਂ ਧਰਤੀ ਕੂੜੇ-ਕਰਕਟ, ਜਿਸ ਵਿਚ ਗੈਰ-ਕੁਦਰਤੀ ਤੱਤਾਂ (ਸਿੰਥੈਟਿਕ) ਦੀ ਬਹੁਤਾਤ ਹੈ ਦਾ ਢੇਰ ਬਣ ਚੁੱਕੀ ਹੈ। ਵੱਡੇ-ਵੱਡੇ ਮਹਾਨਗਰਾਂ ਦੀ ਜ਼ਮੀਨ ਹੇਠ ਭਾਰੀ ਮਸ਼ੀਨਾਂ ਰਾਹੀਂ ਖੁਦਾਈ ਕਰ ਕੇ, ਬਜ਼ਾਰ, ਸਟੇਸ਼ਨ, ਬੱਸ ਅੱਡੇ, ਹਸਪਤਾਲ ਬਣਾ ਲਏ ਹਨ ਜਿਸ ਕਾਰਨ ਧਰਤੀ ਦੀ ਸਤਹ ਕਮਜ਼ੋਰ ਹੋ ਗਈ ਹੈ। ਹਵਾ, ਪਾਣੀ ਅਤੇ ਧਰਤੀ ਜੋ ਸਾਨੂੰ ਕੁਦਰਤੀ ਨਿਆਮਤਾਂ ਸਨ ਅਤੇ ਜੀਵਨ ਪ੍ਰਦਾਨ ਕਰਨ ਵਾਲੇ ਸੋਮੇ ਸਨ, ਅੱਜ ਮੌਤ ਦਾ ਕਾਰਨ ਕਿਵੇਂ ਬਣਦੇ ਜਾ ਰਹੇ ਹਨ? ਇਸ ਪ੍ਰਸ਼ਨ 'ਤੇ ਗੰਭੀਰ ਹੋਣ ਦੀ ਲੋੜ ਹੈ। ਵਿਕਾਸ ਦੇ ਨਾਮ ਤੇ ਕੁਦਰਤ ਨਾਲ ਕੀਤਾ ਜਾ ਰਿਹਾ ਖਿਲਵਾੜ ਵਿਕਾਸ ਨਹੀਂ ਵਿਨਾਸ਼ ਹੈ। ਕੁਦਰਤੀ ਵਾਤਾਵਰਨ ਨਾਲ ਕੀਤੇ ਇਸ ਵਿਸਾਹਘਾਤ ਦਾ ਹੀ ਨਤੀਜਾ ਹੈ ਕਿ ਅੱਜ ਪੂਰੇ ਵਿਸ਼ਵ ਨੂੰ, ਤਾਪਮਾਨ ਦਾ ਵਾਧਾ, ਗਲੇਸ਼ੀਅਰਾਂ ਦਾ ਪਿਘਲਣਾ, ਸਮੁੰਦਰੀ ਸੁਨਾਮੀਆਂ, ਓਜ਼ਨ ਪਰਤ ਦਾ ਖਤਮ ਹੋਣਾ,

ਤੇਜ਼ਾਬੀ ਵਰਖਾ, ਭੁਚਾਲਾਂ ਅਤੇ ਸੋਕਿਆਂ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਵਾਤਾਵਰਨ ਸੰਭਾਲ ਦਾ ਗੁਰਮਤਿ ਦ੍ਰਿਸ਼ਟੀਕੋਣ:** ਗੁਰਮਤਿ-ਦਰਸ਼ਨ ਕੁਦਰਤ ਦੀ ਸੰਭਾਲ ਪ੍ਰਤੀ ਬੜਾ ਵਿਸ਼ਾਲ ਤੇ ਵਿਵਹਾਰਕ ਸੰਕਲਪ ਪ੍ਰਸਤੁਤ ਕਰਦਾ ਹੈ। ਗੁਰਮਤਿ-ਦਰਸ਼ਨ ਨੇ ਸਿੱਖ ਲਈ ਸਭ ਤੋਂ ਉੱਚੀ ਤੇ ਪ੍ਰਮੁੱਖ ਕੀਮਤ ਪਰਮਾਤਮਾ ਦੀ ਪ੍ਰਾਪਤੀ ਨਿਰਧਾਰਿਤ ਕੀਤੀ ਹੈ। ਇਸ ਉੱਚੇ ਆਦਰਸ਼ ਦੀ ਪ੍ਰਾਪਤੀ ਲਈ ਕੁਦਰਤ ਦਾ ਰਹੱਸ ਅਤੇ ਪ੍ਰੇਮ ਜ਼ਰੂਰੀ ਸਾਧਨ ਹਨ। ਇਸ ਦੇ ਉਲਟ ਪੱਛਮੀ ਸੰਸਾਰ ਵਿਚ ਪੂੰਜੀਵਾਦ ਅਤੇ ਪਦਾਰਥਕ ਉੱਨਤੀ ਹੀ ਮੁਖ ਨਿਸ਼ਾਨਾ ਹੋਣ ਕਰਕੇ ਕੁਦਰਤੀ ਵਾਤਾਵਰਨ ਪ੍ਰਤੀ ਪਹੁੰਚ ਬੜੀ ਅਨੈਤਿਕ ਰਹੀ ਹੈ। ਕੁਦਰਤ ਪ੍ਰਤੀ ਇਸੇ ਦ੍ਰਿਸ਼ਟੀਕੋਣ ਨੇ ਮੌਜੂਦਾ ਸਮੇਂ ਪੂਰੇ ਵਿਸ਼ਵ ਲਈ ਵਾਤਾਵਰਨ ਦਾ ਗੰਭੀਰ ਸੰਕਟ ਪੈਦਾ ਕੀਤਾ ਹੈ।

ਕੁਦਰਤ ਨੂੰ ਪ੍ਰੇਮ ਕਰਨ ਵਾਲਾ ਹਿਰਦਾ ਕੁਦਰਤੀ ਵਾਤਾਵਰਨ ਨੂੰ ਵਿਗਾੜਨ ਬਾਰੇ ਸੋਚ ਹੀ ਨਹੀਂ ਸਕਦਾ। ਉਸ ਦਾ ਇਹ ਬੁਨਿਆਦੀ ਵਿਸ਼ਵਾਸ ਹੁੰਦਾ ਹੈ ਕਿ ਕਾਦਰ ਕੁਦਰਤ ਦੇ ਕਣ-ਕਣ ਵਿਚ ਵਿਆਪਕ ਹੈ, ਸਾਰੇ ਪਸਾਰੇ ਵਿਚ ਪਰਮਾਤਮਾ ਦੀ ਜੋਤ ਦਾ ਨੂਰ ਹੈ। "ਜਿਸ ਦੇ ਅੰਦਰ ਜਜ਼ਬਾਤਾਂ ਦੀ ਸੁਲਘਦੀ ਚੰਗਿਆੜੀ ਹੈ, ਜਿਸ ਦੇ ਅੰਦਰ ਜਾਗਤ ਜੋਤਿ ਦਾ ਨਿਵਾਸ ਹੈ, ਉਹ ਕੁਦਰਤੀ ਦ੍ਰਿਸ਼ਾਂ, ਰੰਗਾਂ-ਰੂਪਾਂ ਦੇ ਕੁਦਰਤੀ ਨਾਦ ਤੋਂ ਮੁਤਾਸਿਰ ਹੋ ਕੇ ਸਦਾ ਅਨੰਦ ਵਿਚ ਰਹਿ ਸਕਦਾ ਹੈ।"[੧੩] ਕੁਦਰਤ ਸੱਚੇ ਦੀ ਸ਼ਨਾਖਤ ਦਾ ਵਸੀਲਾ ਹੈ:

*ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥* *(ਪੰਨਾ ੧੪੧)*

ਕੁਦਰਤ ਵੱਲੋਂ ਬਖਸ਼ਿਆ ਵਾਤਾਵਰਨ ਲੱਖਾਂ ਸਾਲਾਂ ਤੋਂ ਧਰਤੀ ਰੂਪੀ ਧਰਮਸਾਲ ਦੀ ਰੱਖਿਆ ਕਰਦਾ ਆ ਰਿਹਾ ਹੈ ਇਸ ਰਹੱਸ ਦਾ ਪ੍ਰਕਾਸ਼ ਪੂਰੇ ਗੁਰੂ-ਮਿਹਰ ਸਦਕਾ ਹੀ ਸੰਭਵ ਹੈ। ਕੁਦਰਤ ਵਿੱਚੋਂ ਕਰਤੇ ਦਾ ਦੀਦਾਰ ਕਰਨਾ ਸਿੱਖ ਫ਼ਲਸਫ਼ੇ ਦਾ ਅਮਲੀ ਪੱਖ ਹੈ। ਕਾਦਰ ਆਪ ਹੀ ਪ੍ਰੇਮ ਰੂਪ ਹੋ ਕੇ ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ ਫੈਲਿਆ ਹੋਇਆ ਹੈ। ਗੁਰਮਤਿ ਮਾਰਗ ਦਾ ਇਹ ਵਿਵਹਾਰਕ ਪੱਖ ਹੈ ਕਿ, 'ਕਾਦਰ ਦੀ ਕੁਦਰਤ ਦਾ ਜ਼ਹੂਰ, ਨਾਮ, ਰੂਪ, ਸ਼ਬਦ ਆਦਿ ਪਦਾਰਥਕ ਗੁਣਾਂ ਵਿਚ ਮਹਿਸੂਸ ਕਰਕੇ ਸਰਬਵਿਆਪੀ ਜੋਤ ਦੇ ਨੇੜੇ ਹੋਣਾ ਤੇ ਲਿਵ ਲਾਉਣਾ ਹੈ।"[੧੪] ਕਾਦਰ, ਮਨੁੱਖ ਅਤੇ ਕੁਦਰਤ ਆਪਸ ਵਿਚ ਇਸੇ ਪ੍ਰੇਮ ਦੇ ਸੂਤਰ ਵਿਚ ਪ੍ਰੋਤੇ ਹੋਏ ਹਨ। ਭ੍ਰਾਂਤੀ-ਵਸ ਹੋ ਕੇ ਮਨੁੱਖ ਕਿੰਨਾ ਵੀ ਆਪਣੇ ਆਪ ਨੂੰ ਵੱਖਰਾ ਤੇ ਕੁਦਰਤੀ ਹੋਣੀ ਤੋਂ ਬੇਲਾਗ ਸਮਝੇ, ਪਰ ਰੱਬ ਉਸ ਨੂੰ ਆਪਣੀ ਬੁੱਕਲ ਵਿਚ ਸਮੋਈ ਬੈਠਾ ਨਿਹਾਰ ਰਿਹਾ ਹੈ:

*ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥*
*(ਪੰਨਾ ੨੬੮)*

ਗੁਰਬਾਣੀ ਵਿਚ ਅਜਿਹੇ ਵਿਸਮਾਦੀ ਪ੍ਰੇਮ ਨੂੰ ਕੁਦਰਤੀ ਬਿੰਬਾਂ ਰਾਹੀਂ ਹੀ ਪ੍ਰਗਟਾਇਆ ਗਿਆ ਹੈ ਜਿਵੇਂ: ਜਲ-ਕਮਲੇਹੁ, ਮਛਲੀ-ਨੀਰ, ਭੰਵਰੇ-ਫੁਲ, ਚਾਤ੍ਰਿਕ-ਮੀਂਹ, ਚਕਵੀ-ਸੂਰਜ ਆਦਿ:

*ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ ਮਨ ਐਸਾ ਨੇਹੁ ਕਰੇਹੁ॥*

*ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ॥ (ਪੰਨਾ ੪੫੪)*

ਪਰਮਾਤਮਾ ਆਪ ਇਸ ਜਗਤ ਰੂਪੀ ਵਾੜੀ ਉੱਤੇ ਬਸੰਤ ਦਾ ਖੇੜਾ ਬਣ ਕੇ ਪਸਰਿਆ ਹੋਇਆ ਹੈ। "ਅਕਾਲ ਪੁਰਖ ਨਾ ਕੇਵਲ ਆਪ ਹੀ ਸੁੰਦਰ ਹੈ, ਸਗੋਂ ਬ੍ਰਹਿਮੰਡ ਦੀ ਸੁੰਦਰਤਾ ਦਾ ਭੋਗਣ ਵਾਲਾ ਅਤੇ ਇਸ ਸਾਰੀ ਸੁੰਦਰਤਾ ਦਾ ਮੂਲ ਸੋਮਾ ਵੀ ਆਪ ਹੈ।"[੧੫] ਕਾਵਿ-ਰਾਗ ਅਤੇ ਕੁਦਰਤ ਪ੍ਰੇਮ ਦਾ ਦੈਵੀ ਸੰਜੋਗ ਸਿੱਖ ਹਿਰਦੇ ਨੂੰ ਵਿਸਮਾਦੀ ਅਵਸਥਾ ਦਾ ਹੁਲਾਰਾ ਦਿੰਦਾ ਹੈ। ਗੁਰਮਤਿ-ਫ਼ਲਸਫ਼ਾ ਮਨੁੱਖੀ ਮਨ ਨੂੰ ਕੁਦਰਤ ਨਾਲ ਇਕਸੁਰ ਕਰਦਾ ਹੈ। ਕੁਦਰਤ ਦੇ ਮਨਮੋਹਕ ਦ੍ਰਿਸ਼ ਮਨੁੱਖੀ ਮਨ ਵਿਚ ਸੁਖ-ਸ਼ਾਂਤੀ, ਸਹਿਜ ਅਤੇ ਚਾਉ ਦੇ ਭਾਵ ਪੈਦਾ ਕਰਦੇ ਹਨ। ਅੰਮ੍ਰਿਤ ਵੇਲੇ (ਸਵੇਰ ਦਾ ਦ੍ਰਿਸ਼) *'ਚਿੜੀ ਚੁਹਕੀ ਪਹੁ ਫੁਟੀ...'*, (ਰਾਤ ਵੇਲੇ) *'ਭਿੰਨੀ ਰੈਨੜੀਐ ਚਾਮਕਨਿ ਤਾਰੇ॥' 'ਬਸੰਤੁ ਚੜਿਆ ਫੂਲੀ ਬਨਰਾਇ॥'* ਗੁਰਬਾਣੀ ਦੇ ਵਾਕੰਸ਼ਾਂ ਵਿਚ ਕੁਦਰਤ ਦਾ ਸੁਹਜ ਭਰਿਆ ਪਿਆ ਹੈ। ਮਨੁੱਖੀ ਮਨ ਦਾ ਖੇੜਾ ਹੀ ਉਸ ਦੀ ਸਰੀਰਕ ਅਰੋਗਤਾ ਦਾ ਆਧਾਰ ਬਣਦਾ ਹੈ। ਕੁਦਰਤ ਮਨ ਦੇ ਖੇੜੇ ਦਾ ਭਰਪੂਰ ਸ੍ਰੋਤ ਹੈ। ਜਿੰਨਾ ਮਨੁੱਖ ਕੁਦਰਤ ਨੂੰ ਮਾਣੇਗਾ, ਕੁਦਰਤ ਦੀ ਗੋਦ ਦਾ ਦੁਲਾਰਾ ਬਣੇਗਾ, ਕੁਦਰਤ ਨਾਲ ਪ੍ਰੇਮ ਕਰੇਗਾ, ਉਨਾ ਹੀ ਮਾਨਸਿਕ ਅਤੇ ਸਰੀਰਿਕ ਤੌਰ 'ਤੇ ਤੰਦਰੁਸਤ ਰਹੇਗਾ। ਕੁਦਰਤੀ ਸੋਮਿਆਂ ਦੀ ਸੰਭਾਲ ਅਤੇ ਪ੍ਰੇਮ ਮਨੁੱਖ ਦੀ ਸਹਿਜ ਬਿਰਤੀ ਹੋਵੇਗੀ। ਗੁਰਬਾਣੀ ਦੇ ਹੇਠ ਲਿਖੇ ਪ੍ਰਮਾਣ ਸਿੱਖ ਸੁਭਾਉ ਦੀ ਇਸੇ ਸਹਿਜ ਬਿਰਤੀ ਦਾ ਹੀ ਪ੍ਰਗਟਾਅ ਹਨ:

*-ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਪੰਨਾ ੮)*
*-ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥*
*ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥ (ਪੰਨਾ ੧੪੬)*

ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ, ਧਰਤੀ ਨੂੰ ਮਾਤਾ ਤੁਲ ਸਤਿਕਾਰ ਅਤੇ ਦਰਿਆਵਾਂ ਨਾਲ ਦੋਸਤੀ ਅਜਿਹੇ ਸੂਖਮ ਅਹਿਸਾਸ ਕੁਦਰਤ ਪ੍ਰਤੀ ਗੁਰਮਤਿ ਚੇਤਨਾ ਨੇ ਸਿੱਖ ਸੁਰਤ ਵਿਚ ਸਹਿਜੇ ਹੀ ਭਰੇ ਹਨ। ਸਿੱਖ ਚਿੰਤਨ ਕੁਦਰਤ ਨਾਲ ਸਿੱਖ ਦਾ ਸਮਨਵੈ ਭਰਪੂਰ ਸੰਬੰਧ ਸਥਾਪਿਤ ਕਰਦਾ ਹੈ। ਸਿੱਖ ਇਤਿਹਾਸ ਦਾ ਇਹ ਵਿਸਮਾਦੀ ਪੱਖ ਹੈ ਕਿ ਨਾਨਕ ਨਾਮ-ਲੇਵਾ ਨਿਰਮਲ ਪੰਥ ਦਾ ਅਰੰਭ ਵੇਈਂ ਰੂਪੀ ਚੱਲਦੇ ਜਲ ਦੇ ਕੰਢੇ ਤੋਂ, ਆਦਿ ਗ੍ਰੰਥ ਦਾ ਅਰੰਭ (ਸੰਕਲਨ) ਰਾਮਸਰ ਸਾਹਿਬ ਦੇ ਕਿਨਾਰੇ ਤੋਂ ਅਤੇ ਖਾਲਸੇ ਪੰਥ ਦੀ ਸਾਜਨਾ ਅਨੰਦਪੁਰ ਦੇ ਰਮਣੀਕ ਤੇ ਕੁਦਰਤੀ ਵਾਤਾਵਰਨ ਵਿਚ ਹੋਈ। ਗੁਰੂ-ਜੋਤ ਨੇ ਜਿੱਥੇ ਵੀ ਆਪਣਾ ਆਸਣ ਟਿਕਾਇਆ ਉੱਥੇ ਜਲ ਅਤੇ ਕੁਦਰਤੀ ਵਾਤਵਰਨ ਦਾ ਹੋਣਾ ਲਾਜ਼ਮੀ ਸੀ। ਸਿੱਖ ਇਤਿਹਾਸ ਅਜਿਹੇ ਵਲਵਲਿਆਂ ਨਾਲ ਭਰਿਆ ਪਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਰਾਇ-ਭੋਇ ਦੀ ਤਲਵੰਡੀ ਵਿਖੇ ਕੁਦਰਤੀ ਵਾਤਾਵਰਨ, ਜਿਸ ਵਿਚ ਹਰਿਆਲੀ, ਬ੍ਰਿਛਾਂ ਦੀ ਧੁਪ-ਛਾਂ, ਮੱਝਾਂ ਚਾਰਨੀਆਂ, ਖੇਤ ਹਰੇ ਕਰਨਾ, ਕਾਦਰ ਦੀ ਯਾਦ ਵਿਚ ਨਿਰੰਤਰ ਲੀਨ ਰਹਿਣਾ ਵਿਸਮਾਦਿਤ ਕਰਦਾ ਹੈ। ਗੁਰੂ ਨਾਨਕ ਸਾਹਿਬ ਨੇ ਜਿਸ ਵੇਈਂ ਨਦੀ ਵਿਚ ਇਸ਼ਨਾਨ ਕਰ ਕੇ 'ਨਿਰਮਲ ਪੰਥ' ਦਾ ਪ੍ਰਚਾਰ ਅਰੰਭ ਕੀਤਾ ਉਹ ਵੇਈਂ ਅੱਜ ਤਕ ਸਿੱਖਾਂ ਦੇ ਪ੍ਰੇਮ ਕਰਕੇ ਠਾਠਾਂ ਮਾਰ ਰਹੀ ਹੈ। ਜਿਸ

ਬੇਰੀ ਹੇਠ ਗੁਰੂ ਜੀ ਨਿੱਤ ਕਾਦਰ ਦੀ ਯਾਦ ਵਿਚ ਬੈਠਦੇ ਉਹ ਅੱਜ 'ਬੇਰ ਸਾਹਿਬ' ਹੈ। ਗੁਰੂ-ਜੋਤਿ ਨਾਲ ਸੰਬੰਧਤ ਯਾਦਗਾਰਾਂ ਵੀ ਕੁਦਰਤੀ ਵਾਤਾਵਰਨ ਨੂੰ ਸੰਭਾਲਣ ਤੇ ਪਿਆਰ ਕਰਨ ਦਾ ਪ੍ਰਤੱਖ ਪ੍ਰਮਾਣ ਹਨ ਜਿਵੇਂ: ਗੁਰੂ ਕਾ ਬਾਗ, ਗੁਰੂ ਕਾ ਤਾਲ, ਅੰਮ੍ਰਿਤਸਰ, ਸੰਤੋਖਸਰ, ਬਿਬੇਕਸਰ, ਰਾਮਸਰ, ਬੀੜ ਬਾਬਾ ਬੁੱਢਾ ਜੀ, ਜੰਡ ਸਾਹਿਬ, ਬੇਰ ਸਾਹਿਬ, ਰੀਠਾ ਸਾਹਿਬ, ਮੋਤੀ ਬਾਗ, ਹੀਰਾ ਬਾਗ, ਨਿੰਮ ਸਾਹਿਬ ਆਦਿ ਅਨੇਕਾਂ ਗੁਰ-ਛੋਹ ਪ੍ਰਾਪਤ ਇਤਿਹਾਸਿਕ ਸਥਾਨ ਵਾਤਾਵਰਨ ਸੰਭਾਲ ਪ੍ਰਤੀ ਸਿੱਖ ਸਿਧਾਂਤ ਦਾ ਅਮਲੀ ਪ੍ਰਗਟਾਅ ਹਨ। ਗੁਰੂ-ਜੋਤ ਦੁਆਰਾ ਬਾਉਲੀਆਂ, ਸਰੋਵਰਾਂ ਅਤੇ ਬਾਗਾਂ ਦਾ ਨਿਰਮਾਣ ਸਿੱਖ ਚਿੰਤਨ ਦੀ ਕੁਦਰਤ ਪ੍ਰਤੀ ਸੰਵੇਦਨਾ ਤੇ ਗੰਭੀਰਤਾ ਦਾ ਸੂਚਕ ਹੈ। ਪਿਛਲੇ ਕੁਝ ਦਹਾਕਿਆਂ ਤੋਂ ਸਿੱਖ ਸਮਾਜ ਵਾਤਾਵਰਨ-ਸੰਭਾਲ ਪ੍ਰਤੀ ਆਪਣੇ ਫਰਜ਼ਾਂ ਤੋਂ ਅਵੇਸਲਾ ਹੋਇਆ ਹੈ ਜਿਸ ਦਾ ਮੁੱਖ ਕਾਰਨ ਗੁਰੂ-ਸਿਧਾਂਤ ਤੋਂ ਦੂਰ ਜਾਣਾ ਹੈ। ਕਿਸਾਨਾਂ ਦੁਆਰਾ ਫਸਲਾਂ ਦਾ ਝਾੜ ਵਧਾਉਣ ਲਈ ਖੇਤੀ ਦੇ ਕੁਦਰਤੀ ਢੰਗਾਂ ਨੂੰ ਤਿਆਗ ਕੇ ਬੇਤਹਾਸ਼ਾ ਰਸਾਇਣਕ ਖਾਦਾਂ ਅਤੇ ਕੀਟ-ਨਾਸ਼ਕਾਂ ਦੀ ਵਰਤੋਂ ਕਰਨ ਦੇ ਨਾਲ-ਨਾਲ ਫਸਲਾਂ ਦੀ ਰਹਿੰਦ-ਖੂਹੰਦ ਨੂੰ ਅੱਗ ਲਗਾ ਕੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਗੁਰ-ਸਿਧਾਂਤ ਅਤੇ ਇਤਿਹਾਸ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ-ਜੋਤਿ ਕੁਦਰਤ ਦੇ ਰਹੱਸਾਤਮਕ ਪ੍ਰੇਮ ਨਾਲ ਭਰਪੂਰ ਸੀ। ਵਰਤਮਾਨ ਸਮੇਂ ਜੇਕਰ ਸਿੱਖ ਗੁਰੂ-ਦਰ ਤੋਂ ਬਖਸ਼ਿਸ਼ਾਂ ਲੈਣਾ ਚਾਹੁੰਦਾ ਹੈ ਤਾਂ ਉਸ ਨੂੰ ਕੁਦਰਤ ਪ੍ਰੇਮ ਅਤੇ ਸੰਭਾਲ ਪ੍ਰਤੀ ਸੁਚੇਤ ਹੋਣਾ ਪਵੇਗਾ। ਗੁਰੂ-ਜੋਤ ਦਾ ਮਿਲਾਪ ਕੁਦਰਤ ਦੇ ਦਰਵਾਜ਼ੇ ਰਾਹੀਂ ਹੀ ਸੰਭਵ ਹੈ। ਗੁਰ-ਅਨੁਭਵ ਅਨੁਸਾਰ ਕੁਦਰਤ ਦਾ ਕਣ-ਕਣ ਕਾਦਰ ਦੇ ਪ੍ਰੇਮ ਗੀਤ ਗਾ ਰਿਹਾ ਹੈ, ਸਿੱਖ ਨੂੰ ਵੀ ਇਨ੍ਹਾਂ ਪ੍ਰੇਮ ਗੀਤਾਂ ਨਾਲ ਇਕਸੁਰ ਹੋਣਾ ਪਵੇਗਾ:

*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ॥*
*ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ*
*ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥*
*ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ*
*ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥*

*(ਪੰਨਾ ੫੪੦)*

ਕੁਦਰਤ ਦੀ ਦੈਵੀ ਅਨੁਭੂਤੀ ਅਤੇ ਪ੍ਰੇਮ ਗੁਰਮਤਿ ਮਾਰਗ ਦੀ ਸੰਸਾਰ ਨੂੰ ਵਿਸ਼ੇਸ਼ ਦੇਣ ਹੈ। ਕੁਦਰਤ ਨੂੰ ਨਿਹਾਰਦਿਆਂ ਇਸ ਦੇ ਸੁਹਜ ਅਤੇ ਰਸ ਨੂੰ ਮਾਣਦੇ ਹੋਏ ਕੁੱਲ ਮਨੁੱਖਤਾ ਤਨ ਦੀ ਅਰੋਗਤਾ, ਮਨ ਦਾ ਟਿਕਾਅ ਅਤੇ ਆਤਮਿਕ ਵਿਗਾਸ ਨਾਲ ਭਰਪੂਰ ਹੋ ਸਕਦੀ ਹੈ।

*ਹਵਾਲੇ ਅਤੇ ਟਿੱਪਣੀਆਂ*

੧. *ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, ੨੦੦੪, ਪੰਨਾ ੨੫੩*
੨. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* (ਪੋਥੀ ਤੀਜੀ), ਰਾਜ ਪਬਲਿਸ਼ਰਜ਼, ਜਲੰਧਰ, ਪੰਨਾ-੬੨੩

੩. ਗੁਰਚਰਨ ਸਿੰਘ, (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼* (ਜਿਲਦ ਪਹਿਲੀ), ਪੰਜਾਬੀ ਯੂਨੀਵਰਸਿਟੀ ਪਟਿਆਲਾ, ੨੦੦੨, ਪੰਨਾ-੬੮੧

੪. ਕਪੂਰ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ,* ਵਾਰਿਸ ਸ਼ਾਹ ਫਊਂਡੇਸ਼ਨ, ਸ੍ਰੀ ਅੰਮ੍ਰਿਤਸਰ, ੨੦੦੯, ਪੰਨਾ-੫੪

੫. ਡਾ. ਜਸਵੰਤ ਸਿੰਘ ਨੇਕੀ, ਵਿਸਮਾਦ, ਬਲਕਾਰ ਸਿੰਘ (ਸੰਪਾ.) *ਗੁਰੂ ਨਾਨਕ ਧਰਮ ਚਿੰਤਨ,* ਪੰਜਾਬੀ ਯੂਨੀਵਰਸਿਟੀ ਪਟਿਆਲਾ, ੧੯੮੫, ਪੰਨਾ-੧੮

੬. ਸ. ਕਪੂਰ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ,* ਵਾਰਿਸ ਸ਼ਾਹ ਫਊਂਡੇਸ਼ਨ, ਸ੍ਰੀ ਅੰਮ੍ਰਿਤਸਰ, ੨੦੦੯, ਪੰਨਾ ੫੪

੭. ਡਾ. ਹਰਪਾਲ ਸਿੰਘ ਪੰਨੂ, *ਗੁਰ ਨਾਨਕ ਦਾ ਕੁਦਰਤ ਸਿਧਾਂਤ,* ਪੰਜਾਬੀ ਯੂਨੀਵਰਸਿਟੀ,ਪਟਿਆਲਾ, ੨੦੦੨, ਪੰਨਾ-੫੩

੮. ਸ਼ੇਰ ਸਿੰਘ, *ਵਿਚਾਰਧਾਰਾ,* ਲਾਹੌਰ ਬੁਕ ਸ਼ਾਪ, ਲੁਧਿਆਣਾ, ਮਿਤੀਹੀਣ, ਪੰਨਾ-੩੬੮

੯. ਡਾ. ਹਰਪਾਲ ਸਿੰਘ ਪੰਨੂ, *ਗੁਰ ਨਾਨਕ ਦਾ ਕੁਦਰਤ ਸਿਧਾਂਤ,* ਪੰਜਾਬੀ ਯੂਨੀਵਰਸਿਟੀ,ਪਟਿਆਲਾ, ੨੦੦੨, ਪੰਨਾ-੧੧੨

੧੦. ਜੋਧ ਸਿੰਘ , ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਚੌਗਿਰਦਾ ਬੋਧ, ਸ. ਅਮਰਜੀਤ ਸਿੰਘ(ਸੰਪਾ.), ਵਿਸਮਾਦੁ ਨਾਦ,ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ(ਵਿਸ਼ੇਸ਼ ਅੰਕ), ਇੰਟਰਨੈਸ਼ਨਲ ਇੰਸਟੀਚਿਊਟ ਆਫ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਸਟੱਡੀਜ਼,ਜਵੱਦੀ ਟਕਸਾਲ,ਲੁਧਿਆਣਾ, ੧੯੯੪ ਪੰਨਾ-੩੯੩

੧੧. ਉਹੀ, ਪੰਨਾ-੩੮੦

੧੨. ਅਜਮੇਰ ਸਿੰਘ, *ਸਿੱਖਾਂ ਦੀ ਸਿਧਾਂਤਕ ਘੇਰਾਬੰਦੀ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੧੫, ਪੰਨਾ-੨੨੩

੧੩. ਸ਼ੇਰ ਸਿੰਘ, *ਵਿਚਾਰਧਾਰਾ,* ਲਾਹੌਰ ਬੁਕ ਸ਼ਾਪ, ਲੁਧਿਆਣਾ, ਮਿਤੀਹੀਣ, ਪੰਨਾ-੩੭੧

੧੪. ਸ਼ੇਰ ਸਿੰਘ, *ਵਿਚਾਰਧਾਰਾ,* ਲਾਹੌਰ ਬੁਕ ਸ਼ਾਪ, ਲੁਧਿਆਣਾ, ਮਿਤੀਹੀਣ, ਪੰਨਾ-੩੨੬

੧੫. ਸ਼ੇਰ ਸਿੰਘ, *ਵਿਚਾਰਧਾਰਾ,* ਲਾਹੌਰ ਬੁਕ ਸ਼ਾਪ, ਲੁਧਿਆਣਾ, ਮਿਤੀਹੀਣ, ਪੰਨਾ-੩੬੮

■

## ਜ਼ਿਲ੍ਹਾ ਤਰਨ ਤਾਰਨ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਬੀਰ ਸਿੰਘ ਮਾਨੋਚਾਹਲ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ਼ਹੀਦਾਂ, ਜਲਾਲਾਬਾਦ, ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਤਰਨ ਤਾਰਨ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਦੌਰਾਨ ੧੫ ਨਵੰਬਰ, ੨੦੧੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕਰ ਕੇ ਕੁੱਲ ੭੦ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ।

ਗਾਗਰ 'ਚ ਸਾਗਰ-- ੮੪

# ਮਿਤ੍ਰ ਪਿਆਰੇ ਨੂੰ . . .

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*
*ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆ ਦਾ ਰਹਣਾ॥(ਖਿਆਲ ਪਾਤਿਸ਼ਾਹੀ ੧੦)*

ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸ਼ਬਦ ਪ੍ਰਭੂ-ਪਿਆਰ ਤੇ ਵੈਰਾਗ ਦੀ ਸਿਖਰ ਹੈ। ਦੂਜੇ ਪਾਸੇ ਸਿੱਖ ਮਾਨਸਿਕਤਾ ਵਿਚ ਰਮਿਆ ਹੋਇਆ ਉਹ ਇਤਿਹਾਸਿਕ ਹਿੱਸਾ ਹੈ ਜੋ ਚਮਕੌਰ ਸਾਹਿਬ ਦੇ ਸਾਕੇ ਤੋਂ ਬਾਅਦ ਮਾਛੀਵਾੜੇ ਦੇ ਜੰਗਲ ਦਾ ਹਾਲ ਹੈ। ਇੱਥੇ ਪੰਥ ਦਾ ਵਾਲੀ ਤੇ ਪੰਥ ਦੇ ਵਾਰਸ ਮੋਹ ਦੀਆਂ ਤੰਦਾਂ ਦਾ ਤਾਣਾ-ਬਾਣਾ ਬੁਣਦੇ ਹਨ। ਕਦੀ ਅਤਿ ਵਿਜੋਗ ਤੇ ਫਿਰ ਸੰਜੋਗ ਇਹ ਸੰਸਾਰੀ ਸਮਝਾਂ ਦੀ ਖੇਡ ਤੋਂ ਨਿਆਰਾ ਜਿਹਾ ਕਾਂਡ ਹੈ। ਦਸਮ ਪਾਤਸ਼ਾਹ ਜੀ ਦੀ ਰਾਗ-ਬੱਧ ਬਾਣੀ ਦੇ ਕੁੱਲ ੧੦ ਸ਼ਬਦਾਂ ਵਿੱਚੋਂ ਇਹ ਛੇਵਾਂ ਸ਼ਬਦ ਹੈ।

ਇਸ ਸ਼ਬਦ ਦੇ ਪਿਛੋਕੜ ਵਿਚ ਕਲਗੀਧਰ ਪਾਤਸ਼ਾਹ ਜੀ ਦੇ ਇਤਿਹਾਸਿਕ ਸਫਰ ਦਾ ਜ਼ਿਕਰ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਤਿਆਗਣਾ, ਸਰਸਾ 'ਤੇ ਪਰਵਾਰ ਵਿਛੋੜਾ, ਚਮਕੌਰ ਸਾਹਿਬ ਦੀ ਅਸਾਵੀਂ ਜੰਗ ਫਿਰ ਬੇਅੰਤ ਮੁਗ਼ਲ ਫੌਜਾਂ ਨੂੰ ਵੰਗਾਰ ਕੇ ਰਾਤ ਦੇ ਹਨ੍ਹੇਰੇ ਸਮੇਂ ਸਤਿਗੁਰਾਂ ਦਾ ਤਾਰੇ ਦੀ ਸੇਧ 'ਤੇ ਜਾਣਾ, ਪੋਹ ਦੇ ਮਹੀਨੇ ਦੀ ਹੱਡ-ਚੀਰਵੀਂ ਸਰਦੀ, ਫਿਰ ਰੋੜਾਂ ਦੇ ਸੱਥਰ 'ਤੇ ਟਿੰਡ ਦਾ ਸਿਰਹਾਣਾ ਲਾ ਕੇ ਅਰਾਮ ਕਰਨਾ ਅਤੇ ਫਿਰ ਉਸ *ਪਰਮ ਪੁਰਖ ਕੇ ਦਾਸੇ* ਦਾ 'ਜਗਤ ਤਮਾਸ਼ਾ' ਦੇਖਦਿਆਂ ਆਪਣੇ ਪ੍ਰਭੂ ਨੂੰ ਹਾਲ ਸੁਣਾਉਣਾ ਹੈ।

ਇਨ੍ਹਾਂ ਰਾਗ-ਬੱਧ ੧੦ ਸ਼ਬਦਾਂ ਦਾ ਮੁੱਖ ਸਿਰਲੇਖ ਸ਼ਬਦ ਹਜ਼ਾਰੇ ਪਾਤਸ਼ਾਹੀ ੧੦ ਵੀਂ ਮਿਲਦਾ ਹੈ। ਡਾ. ਤਾਰਨ ਸਿੰਘ ਅਨੁਸਾਰ ਸ. ਬ੍ਰਜਿੰਦਰ ਸਿੰਘ ਦਾ ਵਿਚਾਰ ਹੈ ਕਿ ਹਿਜਰ ਵਿਚ ਲਿਖੇ ਹੋਣ ਕਰਕੇ ਇਨ੍ਹਾਂ ਦਾ ਨਾਮ ਹਜ਼ਾਰੇ ਦੇ ਸ਼ਬਦ ਹੈ- ਹਿਜਰ ਦਾ ਭਾਵ ਵਿਛੋੜਾ ਹੈ। . . . ਇਹ ਸ਼ਬਦ ਹਿਜਰ ਦੇ ਵਲਵਲੇ ਅਧੀਨ ਜਿਸ ਦੀ ਸਿਖਰ *ਮਿਤ੍ਰ ਪਿਆਰੇ* ਵਾਲੇ ਖਿਆਲ ਪਾਤਿਸਾਹੀ ੧੦ ਵਿਚ ਹੈ। (ਸ੍ਰੀ ਦਸਮ ਗ੍ਰੰਥ ਰੂਪ ਤੇ ਰਸ ਪੰਨਾ ੨੧੧)

ਮਹਾਨ ਕੋਸ਼ ਅਨੁਸਾਰ ਖਯਾਲ- ਸੰਕਲਪ, ਫੁਰਨਾ। ਗਾਯਨ ਲਈ ਬਣਾਇਆ

**ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ: +੯੧੯੮੧੫੯-੮੫੫੫੯*

ਹੋਇਆ ਗੀਤ ਦਾ ਇਕ ਵਜ਼ਨ, ਦੇਖੋ ਖਿਆਲ ਪਾਤਸ਼ਾਹੀ ੧੦-"ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।" (ਪੰਨਾ ੩੭੮)

ਉਸ ਮ੍ਰਿੱਤ ਪਿਆਰੇ ਅਕਾਲ ਪੁਰਖ ਦੀ ਸ਼ਕਤੀ ਦਾ ਵਰਣਨ ਕਲਗੀਧਰ ਪਾਤਸ਼ਾਹ ਜੀ ਨੇ ਅਨੇਕ ਵਾਰ ਕੀਤਾ ਹੈ, ਪਰ ਇਕ ਸਵੈਯਾ ਅਕਸਰ ਸੰਗਤਾਂ ਵਿਚ ਬਹੁਤ ਵਾਰ ਪੜ੍ਹਿਆ ਜਾਂਦਾ ਹੈ:

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸੰਬੂਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੋ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*

*(ਤ੍ਵ ਪ੍ਰਸਾਦਿ॥ਸ੍ਵਯੇ ਪਾ: ੧੦)*

ਭਾਵ ਕਿ ਉਹ ਪ੍ਰਭੂ ਰੋਗਾਂ ਤੋਂ, ਸੋਗਾਂ ਤੋਂ ਅਤੇ ਜਲ ਦੇ ਜੀਵ-ਜੰਤੂਆਂ ਤੋਂ ਬੇਅੰਤ ਢੰਗਾਂ ਨਾਲ ਬਚਾਓ ਕਰਦਾ ਹੈ। ਦੁਸ਼ਮਣ ਅਨੇਕਾਂ ਵਾਰ ਭਾਵੇਂ ਵਾਰ ਕਰੇ ਤਾਂ ਵੀ ਉਸ ਦੇ ਤਨ ਉੱਤੇ ਇਕ ਵੀ ਘਾਓ ਨਹੀਂ ਲੱਗਦਾ। ਪ੍ਰਭੂ ਆਪਣਾ ਹੱਥ ਦੇ ਕੇ ਰੱਖਿਆ ਕਰਦਾ ਹੈ ਅਤੇ ਵੈਰੀ ਦੇ ਪਾਪੀ ਸੋਚ ਨਾਲ ਕੀਤੇ ਪਾਪ ਉਸ ਤਕ ਪਹੁੰਚਦੇ ਹੀ ਨਹੀਂ। ਹੇ ਜਗਿਆਸੂ ਜਨੋਂ! ਹੋਰਾਂ ਦੀ ਗੱਲ ਕੀ ਕਹਾਂ ਉਹ ਪ੍ਰਭੂ ਤਾਂ ਮਾਂ ਦੇ ਪੇਟ ਵਿਚ ਗਰਭ ਦੌਰਾਨ ਵੀ ਜੀਵ ਨੂੰ ਬਚਾ ਕੇ ਰੱਖਦਾ ਹੈ।

ਕਲਗੀਧਰ ਪਾਤਸ਼ਾਹ ਉਸ ਅਕਾਲ ਪੁਰਖ ਪਿਆਰੇ ਮਿੱਤਰ ਨੂੰ ਮੁਖ਼ਾਤਬ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਅਕਾਲ ਪੁਰਖ ਲਈ 'ਮਿਤ੍ਰ' ਸ਼ਬਦ ਅਨੇਕ ਵਾਰ ਆਇਆ ਹੈ। ਪੰਚਮ ਪਾਤਸ਼ਾਹ ਜੀ ਦਾ ਫੁਰਮਾਨ ਹੈ:

*ਮਿਤ੍ਰੁ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ ਕਸੁੰਭੈ ਭੁਲੀ॥*
*ਤਉ ਸਜਣ ਕੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ॥*

*(ਪੰਨਾ ੯੬੩)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ ਉਸ ਪਿਆਰੇ ਮਿੱਤਰ (ਪ੍ਰਭੂ) ਨੂੰ ਸਾਡਾ ਸੇਵਕਾਂ (ਮੁਰੀਦਾਂ) ਦਾ ਹਾਲ ਸੁਣਾ ਦੇਣਾ।

ਹੇ ਪਿਆਰੇ ਮਿੱਤਰ ਪ੍ਰਭੂ ਜੀ! ਤੇਰੀ ਯਾਦ, ਸਿਮਰਨ ਤੇ ਸੰਜੋਗ ਤੋਂ ਬਗੈਰ ਰਜਾਈਆਂ ਦਾ ਓੜਨਾ, ਭਾਵ ਬਿਸਤਰ ਦਾ ਸਹਾਰਾ ਇਉਂ ਪ੍ਰਤੀਤ ਹੁੰਦਾ ਹੈ ਕਿ ਵਿਛੜ ਕੇ ਜੀਣਾ ਸੱਪਾਂ ਦੇ ਨਿਵਾਸ ਸਥਾਨ 'ਤੇ ਵਾਸਾ ਕਰਨ ਦੇ ਬਰਾਬਰ ਹੈ।

'ਨਾਗ ਨਿਵਾਸਾਂ ਦੇ ਰਹਣਾ' ਦੀ ਵਿਚਾਰ ਕਰਦਿਆਂ ਇਕ ਬੰਦਗੀ ਵਾਲੀ ਰੂਹ ਨੇ ਕਈ ਸਾਲ ਪਹਿਲਾਂ ਕਥਾ ਸੁਣਾਈ ਜੋ ਸ੍ਰੀ ਹਜ਼ੂਰ ਸਾਹਿਬ ਦੀ ਪੈਦਲ ਯਾਤਰਾ ਕਰਦੇ ਸਨ। ਉਹ ਕਹਿੰਦੇ ਕਈ ਵਾਰੀ ਬੇਅੰਤ ਸ਼ਬਦਾਂ ਦੇ ਅਰਥ ਸਤਿਗੁਰੂ ਕਲਾ ਵਰਤਾ ਕੇ ਸਮਝਾਉਂਦੇ ਹਨ। ਕਹਿੰਦੇ ਜਦ ਮੈਂ ਪਹਿਲੀ ਵਾਰ ਪੈਦਲ ਯਾਤਰਾ 'ਤੇ

ਚੱਲਿਆਂ ਤਾਂ ਹਜ਼ੂਰ ਸਾਹਿਬ ਜਾਂਦਿਆਂ ਇਕ ਪਰਵਾਸੀ ਸੱਜਣ ਮਿਲਿਆ ਤੇ ਕਹਿੰਦਾ ਬਾਬਾ ਜੀ! ਕਹਾਂ ਜਾ ਰਹੇ ਹੋ?

'ਮੈਂ ਕਿਹਾ, ਸ੍ਰੀ ਹਜ਼ੂਰ ਸਾਹਿਬ ਯਾਤਰਾ ਲਈ'

ਉਹ ਕਹਿੰਦਾ, ਆਗੇ ਕੈਸੇ ਜਾਉਗੇ, ਆਗੇ ਸਾਂਪੋ (ਸੱਪਾਂ) ਦੀ ਧਰਤੀ ਹੈ।

'ਮੈਂ ਕਿਹਾ, ਸਾਡਾ ਸਾਧਾਂ ਦਾ ਸੱਪਾਂ ਨਾਲ ਕੀ ਵੈਰ?'

ਕਹਿੰਦੇ ਮੈਂ ਸੋਚਿਆ ਦਸ/ਵੀਹ ਸੱਪ ਹੋਣਗੇ, ਪਰ ਮੇਰਾ ਭਰਮ ਟੁੱਟ ਗਿਆ ਅੱਗੇ ਅੱਠ-ਦਸ ਏਕੜ ਵਿਚ ਏਨੇ ਸੱਪ ਜਿਵੇਂ ਕੀੜਿਆਂ ਦੇ ਭੌਣ ਹੁੰਦੇ ਐ। ਕਹਿੰਦੇ ਮੈਂ ਵਾਹਿਗੁਰੂ ਵਾਹਿਗੁਰੂ ਕਰਦਾ ਡੰਡੀਓ ਡੰਡੀ ਲੰਘ ਗਿਆ, ਪਰ ਉਂਜ ਮੈਨੂੰ ਕਦੇ ਵੀ ਇਹ ਅਹਿਸਾਸ ਨਹੀਂ ਸੀ ਹੋਣਾ ਕਿ 'ਨਾਗ ਨਿਵਾਸਾਂ ਦੇ ਰਹਣਾ' ਦੇ ਸਹੀ ਅਰਥ ਕੀ ਹੋ ਸਕਦੇ ਹਨ।

ਅੱਗੇ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ, ਹੇ ਪ੍ਰਭੂ! ਤੇਰੇ ਵਿਜੋਗ ਵਿਚ ਸੁਰਾਹੀ (ਪਾਣੀ ਵਾਲੀ ਝੱਝਰ) ਸੂਲ ਦੀ ਤਰ੍ਹਾਂ ਅਤੇ ਪਾਣੀ ਦਾ ਪਿਆਲਾ- ਖੰਜਰ (ਛੋਟੀ ਕਟਾਰੀ) ਦੀ ਤਰ੍ਹਾਂ ਦੁਖਦਾਈ ਲੱਗਦਾ ਹੈ, ਇਹ ਦੁਖ ਕਸਾਈਆਂ ਦੇ ਬਿੰਗ (ਖ਼ਮ, ਟੇਢ-ਮਹਾਨ ਕੋਸ਼) ਸਹਿਣ ਦੇ ਬਰਾਬਰ ਹੈ। ਮਹਾਨ ਕੋਸ਼ ਦੇ ਕਰਤਾ ਨੇ 'ਬਿੰਗ' ਦੇ ਭਾਵ ਅਰਥ ਇਹ ਵੀ ਕੀਤੇ ਹਨ "ਵਯੰਗਵਾਕਯ ਕਸਾਈਆਂ ਦੇ ਕਸਟ ਤੁਲਯ ਹਨ।"

ਅੰਤ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ, ਹੇ ਪ੍ਰਭੂ! ਜੇ ਤੂੰ ਸਾਡੇ ਅੰਗ-ਸੰਗ ਹੈਂ ਤਾਂ ਸਾਨੂੰ ਸੱਥਰ (ਜ਼ਮੀਨ 'ਤੇ ਲੇਟਣਾ) ਵੀ ਭਲਾ ਹੈ, ਪਰ ਵਿਜੋਗ ਵਿਚ ਜਿਊਣਾ ਭੱਠ ਪੈਣ ਦੇ ਸਮਾਨ ਹੈ, ਭਾਵੇਂ ਸੰਸਾਰੀ ਲੱਖ ਖੁਸ਼ੀਆਂ ਖੇੜੇ ਹੋਣ।

■

## ਤਖਤ ਸ੍ਰੀ ਦਮਦਮਾ ਸਾਹਿਬ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ

ਇੰਚਾਰਜ, ਸਬ-ਆਫਿਸ (ਧਰਮ ਪ੍ਰਚਾਰ ਕਮੇਟੀ) ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਤਖਤ ਸ੍ਰੀ ਦਮਦਮਾ ਸਾਹਿਬ ਵੱਲੋਂ ਮਹੀਨਾ ਨਵੰਬਰ ਅਤੇ ਦਸੰਬਰ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਬਾਹਰਲੇ ਵੱਖ-ਵੱਖ ਨਗਰਾਂ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ਕੁੱਲ ੧੯੮੪ ਪ੍ਰਾਣੀਆਂ ਨੂੰ ਤਖਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਗੁਰੂ ਵਾਲੇ ਬਣਾਇਆ।

ਫਰਵਰੀ ੨੦੧੮ ਦਾ ਬਾਕੀ . . .

# ਸੈਲੂਲਰ ਜੇਲ੍ਹ ਅੰਡੇਮਾਨ: ਪੰਜਾਬ ਦੇ ਸੁਤੰਤਰਤਾ ਸੰਗਰਾਮੀ

*-ਡਾ.ਪਰਮਵੀਰ ਸਿੰਘ**

**ਸ. ਰੋਡਾ ਸਿੰਘ:** ਪੰਜਾਬ ਦੇ ਮੌਜੂਦਾ ਮੋਗਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਰੋਡਾ ਦੇ ਵਸਨੀਕ ਸ. ਵਸਾਵਾ ਸਿੰਘ ਦਾ ਇਹ ਪੁੱਤਰ ਸੀ। ਬੇਰੋਜ਼ਗਾਰੀ ਦੂਰ ਕਰਨ ਲਈ ਇਹ ਸ਼ੰਘਾਈ ਚਲਾ ਗਿਆ ਸੀ ਜਿੱਥੇ ਇਸ ਨੇ ਚੌਕੀਦਾਰ ਦੀ ਨੌਕਰੀ ਕਰ ਲਈ ਸੀ। ਐਸ.ਐਸ. ਮਸ਼ੀਮਾ ਮਾਰੂ ਜਹਾਜ਼ ਰਾਹੀਂ ਇਹ ਕੋਲੰਬੋ ਹੁੰਦਾ ਹੋਇਆ ਪੰਜਾਬ ਪੁੱਜਾ। ਗ਼ਦਰ ਲਹਿਰ ਵਿਚ ਹਿੱਸਾ ਲੈਣ ਕਰ ਕੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਮੁਕੱਦਮਾ ਚਲਾਇਆ ਗਿਆ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ੧੩ ਸਤੰਬਰ, ੧੯੧੫ ਈ. ਨੂੰ ਇਨ੍ਹਾਂ ਦੀ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ। ਮਾਲਵਾ ਇਤਿਹਾਸ ਵਿਚ ਇਨ੍ਹਾਂ ਦਾ ਜੇਲ ਵਿਚ ਅਕਾਲ ਚਲਾਣਾ ਹੋਇਆ ਦੱਸਿਆ ਗਿਆ ਹੈ।

**ਸ. ਲਾਲ ਸਿੰਘ:** ਪੰਜਾਬ ਦੇ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਭੂਰੇ ਦੇ ਵਸਨੀਕ ਸ. ਮੀਹਾਂ ਸਿੰਘ ਦਾ ਇਹ ਪੁੱਤਰ ਸੀ। ੧੮੮੫ ਈ. ਵਿਚ ਇਨ੍ਹਾਂ ਦਾ ਜਨਮ ਹੋਇਆ। ਗ਼ਦਰ ਲਹਿਰ ਵਿਚ ਹਿੱਸਾ ਲੈਣ ਕਰ ਕੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ੧੩ ਸਤੰਬਰ, ੧੯੧੫ ਈ. ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਇਨ੍ਹਾਂ ਦੀ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਕਾਲੇ ਪਾਣੀ ਭੇਜ ਦਿੱਤਾ ਗਿਆ ਸੀ।

**ਸ. ਲਾਲ ਸਿੰਘ ਦੂਜਾ:** ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਨਾਰੰਗਵਾਲ ਦੇ ਵਸਨੀਕ ਸ. ਉਦੇ ਸਿੰਘ ਦੇ ਘਰ ਮਾਰਚ ੧੮੮੭ ਈ. ਵਿਚ ਇਨ੍ਹਾਂ ਦਾ ਜਨਮ ਹੋਇਆ। ਇਹ ਤੀਜੀ ਕੈਵਲਰੀ ਰੈਜਮੈਂਟ ਦਾ ਸਵਾਰ ਸੀ। ਗ਼ਦਰ ਲਹਿਰ ਦੇ ਪ੍ਰਭਾਵ ਅਧੀਨ ਇਸ ਨੇ ਸਾਥੀਆਂ ਸਮੇਤ ਫਰਵਰੀ ੧੯੧੫ ਈ. ਵਿਚ ਫ਼ਿਰੋਜ਼ਪੁਰ ਛਾਉਣੀ ’ਤੇ ਹਮਲਾ ਕਰ ਦਿੱਤਾ ਜਿਹੜਾ ਕਿ ਨਾਕਾਮ ਕਰ ਦਿੱਤਾ ਗਿਆ। ਗ੍ਰਿਫ਼ਤਾਰ ਕਰ ਕੇ ਦੂਜੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿਚ ਇਸ ’ਤੇ ਮੁਕੱਦਮਾ ਚਲਾਇਆ ਗਿਆ। ਪਹਿਲਾਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਫਿਰ ਇਹ ਸਜ਼ਾ ੧੦ ਸਾਲ ਦੀ ਕਰ ਕੇ ੨੬ ਸਾਲ ਦੇ ਇਸ ਨੌਜਵਾਨ ਨੂੰ ਅੰਡੇਮਾਨ ਭੇਜ ਦਿੱਤਾ ਗਿਆ। ਸੈਲੂਲਰ ਜੇਲ੍ਹ ਵਿਚ ਉੱਕਰੇ ਹੋਏ ਨਾਵਾਂ ਦੀ ਸੂਚੀ ਵਿਚ ਇਨ੍ਹਾਂ ਦਾ ਨਾਂ ਸ਼ਾਮਲ ਨਹੀਂ ਹੈ।

*ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: +੯੧੯੮੭੨੦-੭੪੩੨੨

**ਸ. ਲੱਖਣ ਸਿੰਘ:** ੧੯੧੫ ਈ. ਵਿਚ ਗ਼ਦਰ ਲਹਿਰ ਵਿਚ ਹਿੱਸਾ ਲੈਣ ਕਾਰਨ ਸਜ਼ਾ ਸੁਣਾ ਕੇ ਇਸ ਨੂੰ ਅੰਡੇਮਾਨ ਭੇਜ ਦਿੱਤਾ ਗਿਆ। Unsung Heroes of Freedom Struggle in Andamans: Who's Who ਸਿਰਲੇਖ ਅਧੀਨ ਪੁਸਤਕ ਵਿਚ ਇਨ੍ਹਾਂ ਦਾ ਨਾਂ ਆਉਂਦਾ ਹੈ ਪਰ ਉੱਥੇ ਉੱਕਰੇ ਹੋਏ ਨਾਵਾਂ ਦੀ ਸੂਚੀ ਵਿਚ ਇਨ੍ਹਾਂ ਦਾ ਨਾਂ ਸ਼ਾਮਲ ਨਹੀਂ ਹੈ।

**ਸ. ਵਸਾਵਾ ਸਿੰਘ:** ਇਹ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਗਿਲਵਾਲੀ ਦੇ ਵਸਨੀਕ ਸ. ਮੀਹਾਂ ਸਿੰਘ ਦਾ ਪੁੱਤਰ ਸੀ। ਗ਼ਦਰ ਲਹਿਰ ਵਿਚ ਹਿੱਸਾ ਲੈਣ ਕਾਰਨ ੧੩ ਸਤੰਬਰ, ੧੯੧੫ ਈ. ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਇਨ੍ਹਾਂ ਨੂੰ ਮੌਤ ਦੀ ਸਜ਼ਾ ਹੋਈ ਸੀ। ਵਾਇਸਰਾਇ ਨੇ ਇਹ ਸਜ਼ਾ ਉਮਰ ਕੈਦ ਵਿਚ ਬਦਲ ਕੇ ਇਸ ਨੂੰ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਖੇ ਸਥਾਪਿਤ ਸੈਲੂਲਰ ਜੇਲ੍ਹ ਵਿਖੇ ਭੇਜ ਦਿੱਤਾ ਗਿਆ ਸੀ।

**ਸੰਤ ਵਿਸਾਖਾ ਸਿੰਘ:** ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਦਦੇਹਰ ਵਿਖੇ ੧੩ ਅਪ੍ਰੈਲ, ੧੮੭੭ ਈ. ਨੂੰ ਸ. ਦਿਆਲ ਸਿੰਘ ਅਤੇ ਮਾਤਾ ਇੰਦ ਕੌਰ ਦੇ ਘਰ ਜਨਮੇ ਸ. ਵਿਸਾਖ਼ਾ ਸਿੰਘ ਬਚਪਨ ਤੋਂ ਹੀ ਧਾਰਮਿਕ ਬਿਰਤੀ ਦੇ ਮਾਲਕ ਸਨ। ਆਪਣੇ ਪਿਛੋਕੜ ਅਤੇ ਵਿਰਾਸਤ ਸੰਬੰਧੀ ਆਪਣੀ 'ਆਤਮ ਕਥਾ' ਵਿਚ ਲਿਖਦੇ ਹਨ:

*ਜ਼ਿਲ੍ਹਾ ਹਮਾਰਾ ਅੰਮ੍ਰਿਤਸਰ। ਸਭ ਜਨ ਜਾਨਣ ਸਿਫ਼ਤੀ ਘਰ।*
*ਤਰਨਤਾਰਨ ਤਹਿਸੀਲ ਪਛਾਨੋ। ਗੁਰ ਪੰਚਮ ਕਾ ਤੀਰਥ ਠਾਨੋ।*
*ਡਾਕ ਘਰ ਵੱਡੀ ਸਰਹਾਲੀ। ਬਾਬੇ ਜੋ ਗੁਰਦਿੱਤ ਸਿੰਘ ਵਾਲੀ।*
*ਨਗਰ ਦਦੇਹਰ ਹਮਾਰਾ ਕਹੀਏ। ਸੰਧੂ ਗੋਤ ਆਪ ਲਿਖ ਲਈਏ।*
*ਮਿਹਰ ਸਿੰਘ ਪੜਦਾਦਾ ਮੇਰਾ। ਗੁਰ ਦਸਮੇਸ਼ ਸੇ ਅੰਮ੍ਰਿਤ ਢੇਰਾ।*
*ਕਰਦਾ ਰਿਹਾ ਗੁਰਾਂ ਮਿਲ ਜੰਗ। ਪੁਤ੍ਰ ਓਸ ਦੇ ਹੋਏ ਪੰਜ।*
*ਪੰਜੇ ਹੋਏ ਬਹੁਤ ਜਵਾਨ। ਧਰਮ ਹੇਤ ਖੰਡਾ ਵਾਹਨ।*
*ਇਨ ਮੈਂ ਮੇਘ ਸਿੰਘ ਜੋ ਚੌਥਾ। ਮੈਂ ਹਾਂ ਸਮਝੋ ਉਨ ਕਾ ਪੋਤਾ।*
*ਦਿਆਲ ਸਿੰਘ ਜੀ ਪਿਤਾ ਹਮਾਰੇ। ਹੋਰ ਪਿਤਾ ਦੇ ਭਾਈ ਚਾਰੇ।*
*ਪੰਜੇ ਹੋਏ ਧਰਮੀ ਕਿਰਤੀ। ਭਾਉ ਭਗਤ ਸੀ ਸੁਹਣੀ ਬਿਰਤੀ।*
*ਇੰਦ ਕੌਰ ਹਮਾਰੀ ਮਾਤਾ। ਇਕ ਭੈਣ ਹੈ ਦੋਇ ਭ੍ਰਾਤਾ।*
*ਜਾਇਦਾਦ ਹੈ ਜ਼ਬਤ ਹਮਾਰੀ। ਗੌਰਮਿੰਟ ਨੇ ਕੀਤੀ ਸਾਰੀ।*
*ਕਰੇ ਬੇਨਤੀ ਸਿੰਘ ਵਸਾਖ। ਬੰਧਨ ਤੋੜੇ ਸਤਿਗੁਰ ਖ਼ਾਸ।*

ਸੁਤੰਤਰਤਾ ਅੰਦੋਲਨ ਵਿਚ ਇਹ ਬਾਬਾ ਵਿਸਾਖ਼ਾ ਸਿੰਘ ਦੇ ਨਾਂ ਨਾਲ ਜਾਣੇ ਜਾਂਦੇ ਹਨ। ਗੁਰਬਾਣੀ ਅਤੇ ਗੁਰਮਤਿ ਪਰੰਪਰਾਵਾਂ ਦੇ ਧਾਰਨੀ ਬਾਬਾ ਵਿਸਾਖ਼ਾ ਸਿੰਘ ੧੯ ਸਾਲ ਦੇ ਹੋਏ ਤਾਂ ਫ਼ੌਜ ਦੀ ਨੌਕਰੀ ਅਧੀਨ ਚੀਨ ਚਲੇ ਗਏ। ਚੀਨ ਵਿਖੇ ਨੌਕਰੀ ਛੱਡ

ਕੇ ਅਮਰੀਕਾ ਗਏ ਤਾਂ ਉੱਥੇ ਬਾਬਾ ਜਵਾਲਾ ਸਿੰਘ ਨਾਲ ਮੁਲਾਕਾਤ ਹੋਈ ਅਤੇ ਦੋਵਾਂ ਨੇ ਰਲ ਕੇ ਸਰਕਾਰ ਪਾਸੋਂ ੫੦੦ ਏਕੜ ਦਾ ਫਾਰਮ ਲੈ ਕੇ ਖੇਤੀ ਅਰੰਭ ਕਰ ਦਿੱਤੀ। ਖੇਤੀ ਚੰਗੀ ਹੋਈ ਤਾਂ ਅਮਰੀਕਾ ਵਿਖੇ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਹਿਤ ਗੁਰੂ ਨਾਨਕ ਐਜੂਕੇਸ਼ਨਲ ਸੁਸਾਇਟੀ ਦੀ ਸਥਾਪਨਾ ਕਰ ਲਈ। ਪਰਸ਼ਾਦਾ-ਪਾਣੀ ਦੇ ਨਾਲ-ਨਾਲ ਲੋੜਵੰਦ ਵਿਦਿਆਰਥੀਆਂ ਦੀਆਂ ਫ਼ੀਸਾਂ ਭਰਨ ਦੀ ਸਹਾਇਤਾ ਕੀਤੀ ਜਾਂਦੀ ਸੀ। ਸਟਾਕਟਨ ਵਿਖੇ ਗੁਰਦੁਆਰਾ ਸਾਹਿਬ ਬਣਾਉਣ ਵਿਚ ਯੋਗਦਾਨ ਪਾਇਆ। ਗ਼ਦਰ ਲਹਿਰ ਦੇ ਪ੍ਰਭਾਵ ਅਧੀਨ ਗੁਰਮਤਿ ਪਰੰਪਰਾਵਾਂ ਦੇ ਨਾਲ-ਨਾਲ ਸੰਘਰਸ਼ਮਈ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਗ਼ਦਰ ਲਹਿਰ ਦੇ ਪ੍ਰਭਾਵ ਅਧੀਨ ਮਨ ਵਿਚ ਦੇਸ਼ ਦੀ ਅਜ਼ਾਦੀ ਦਾ ਜਿਹੜਾ ਸੰਕਲਪ ਮਨ ਵਿਚ ਆਇਆ ਸੀ ਉਸ ਨੂੰ ਪੂਰਾ ਕਰਨ ਲਈ ਭਾਰਤ ਵੱਲ ਚੱਲ ਪਏ। ਇਨ੍ਹਾਂ ਦੀਆਂ ਕਾਰਵਾਈਆਂ ਦੀ ਸੂਹ ਸਰਕਾਰ ਤਕ ਪਹੁੰਚ ਗਈ ਅਤੇ ੭ ਜਨਵਰੀ, ੧੯੧੫ ਈ. ਨੂੰ ਇਨ੍ਹਾਂ ਨੂੰ ਮਦਰਾਸ ਪੁੱਜਦੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਪਹਿਰੇ ਅਧੀਨ ਲੁਧਿਆਣੇ ਲਿਆ ਕੇ ਪਿੰਡ ਦੀ ਜੂਹ-ਬੰਦੀ ਦਾ ਹੁਕਮ ਕਰ ਦਿੱਤਾ ਗਿਆ। ਜੂਹ-ਬੰਦੀ ਦੌਰਾਨ ਵੀ ਇਨ੍ਹਾਂ ਨੇ ਆਪਣੇ ਗ਼ਦਰੀ ਸਾਥੀਆਂ ਨਾਲ ਸੰਪਰਕ ਕਾਇਮ ਕਰ ਲਿਆ ਸੀ ਅਤੇ ਪਾਰਟੀ ਦੇ ਆਦੇਸ਼ਾਂ ਅਨੁਸਾਰ ਕੰਮ ਕਰਨਾ ਅਰੰਭ ਕਰ ਦਿੱਤਾ ਸੀ। ਫਰਵਰੀ ੧੯੧੫ ਈ. ਦੌਰਾਨ ਦੇਸ਼ ਦੀ ਅਜ਼ਾਦੀ ਲਈ ਕੀਤੇ ਜਾਣ ਵਾਲੇ ਹਥਿਆਰਬੰਦ ਸੰਘਰਸ਼ ਦੀ ਭਿਣਕ ਸਰਕਾਰ ਨੂੰ ਪੈ ਗਈ ਅਤੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ੧੩ ਸਤੰਬਰ, ੧੯੧੫ ਈ. ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਸਜ਼ਾ ਭੁਗਤਣ ਲਈ ਅੰਡੇਮਾਨ ਜਾਣ ਦਾ ਹੁਕਮ ਹੋ ਗਿਆ। ਪੰਜਾਬ ਤੋਂ ਪਹਿਲਾਂ ਕਲਕੱਤੇ ਲਿਜਾਇਆ ਗਿਆ ਜਿੱਥੇ ਅਲੀਪੁਰ ਜੇਲ੍ਹ ਵਿਚ ਇਕ ਹਫ਼ਤਾ ਰੱਖਣ ਉਪਰੰਤ ੭ ਦਸੰਬਰ, ੧੯੧੫ ਈ. ਨੂੰ ਮਹਾਰਾਜਾ ਨਾਮਕ ਜਹਾਜ਼ ਰਾਹੀਂ ਅੰਡੇਮਾਨ ਰਵਾਨਾ ਕੀਤਾ ਗਿਆ। ਤਿੰਨ ਦਿਨ ਬਾਅਦ ਇਹ ਜਹਾਜ਼ ਅੰਡੇਮਾਨ ਪੁੱਜਾ ਜਿੱਥੇ ਇਨ੍ਹਾਂ ਨੂੰ ਸੈਲੂਲਰ ਜੇਲ੍ਹ ਵਿਚ ਲਿਜਾਇਆ ਗਿਆ। ਇੱਥੇ ਇਨ੍ਹਾਂ ਨੂੰ ਜਿਹੜਾ ਕੰਮ ਕਰਨ ਲਈ ਦਿੱਤਾ ਗਿਆ ਉਸ ਦਾ ਵਰਣਨ ਕਰਦੇ ਹੋਏ ਸੰਤ ਵਿਸਾਖਾ ਸਿੰਘ ਲਿਖਦੇ ਹਨ:

*ਅੰਡੇਮਾਨ ਦੇ ਅੰਦਰ ਜਾ ਅਸੀਂ ਪਹੁੰਚੇ, ਅੰਦਰ ਕੋਠੀਆਂ ਬੰਦ ਕਰਾਇਆ ਸਾਨੂੰ।*
*ਲੱਕੜ ਮੂੰਗਲੀ ਦੇ ਕੇ ਸਾਡੇ ਤਾਈਂ, ਛਿਲਕਾ ਰੱਖ ਕੇ ਕੋਲ ਸੁਣਾਇਆ ਸਾਨੂੰ।*
*ਪਿੱਛੋਂ ਖਾਣਾ ਨਿਕੰਮਾ ਤੇ ਬਹੁਤ ਥੋੜਾ, ਤਾੜ ਫਾੜ ਕੇ ਨਾਲ ਡਰਾਇਆ ਸਾਨੂੰ।*
*ਵੇਖੋ ਗੁਰਮੁਖੋ ਰੰਗ ਕਰਤਾਰ ਚੰਗਾ, ਅੰਡੇਮਾਨ ਦੇ ਵਿਚ ਦਿਖਾਇਆ ਸਾਨੂੰ।*
*ਚਲ ਕੇ ਮੁਸ਼ੱਕਤ 'ਵਿਸਾਖ' ਭਾਈ, ਭਾਣਾ ਉਸ ਮਹਾਰਾਜ ਨੇ ਵਰਤਾਇਆ ਸਾਨੂੰ।*

ਅੰਡੇਮਾਨ ਜੇਲ੍ਹ ਦੇ ਕੈਦੀਆਂ ਦੀ ਦਸ਼ਾ ਸੰਬੰਧੀ ਜਦੋਂ ਭਾਰਤ ਦੀਆਂ ਰਾਜਨੀਤਿਕ

ਪਾਰਟੀਆਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਦੇ ਦਬਾਉ ਅਧੀਨ ਬਣਾਏ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਕਈ ਕੈਦੀਆਂ ਦੀ ਰਿਹਾਈ ਦੇ ਹੁਕਮ ਹੋ ਗਏ ਜਾਂ ਉਨ੍ਹਾਂ ਨੂੰ ਉੱਥੋਂ ਤਬਦੀਲ ਕਰ ਦਿੱਤਾ ਗਿਆ। ਬਾਬਾ ਵਿਸਾਖਾ ਸਿੰਘ ਦੀ ਸਿਹਤ ਵਿਚ ਵਿਗਾੜ ਪੈ ਜਾਣ ਕਰ ਕੇ ੧੪ ਅਪ੍ਰੈਲ, ੧੯੨੦ ਈ. ਨੂੰ ਇਨ੍ਹਾਂ ਨੂੰ ਵਾਪਸ ਪੰਜਾਬ ਭੇਜ ਦਿੱਤਾ ਗਿਆ ਸੀ। ਪੰਜਾਬ ਲਿਆ ਕੇ ਇਨ੍ਹਾਂ ਨੂੰ ਪਿੰਡ ਵਿਖੇ ਹੀ ਰਹਿਣ ਦਾ ਆਦੇਸ਼ ਹੋ ਗਿਆ ਸੀ। ਇਹ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਗਏ ਅਤੇ ਉੱਥੇ ਮੱਥਾ ਟੇਕ ਕੇ ਆਪਣੇ ਪਿੰਡ ਵਾਪਸ ਆ ਗਏ। ਪਿੰਡ ਦੇ ਸਾਥੀ ਇਨ੍ਹਾਂ ਨੂੰ ਲੈ ਕੇ ਡਾ. ਬੇਲੀ ਰਾਮ ਕੋਲ ਲਾਹੌਰ ਲੈ ਗਏ ਜਿਸ ਨੇ ਇਨ੍ਹਾਂ ਦਾ ਇਲਾਜ ਕੀਤਾ ਸੀ।

ਜਲਿਆਂਵਾਲਾ ਬਾਗ਼ ਦੀ ਘਟਨਾ ਦਾ ਇਕ ਸਾਲ ਪੂਰਾ ਹੋਣ ਕਾਰਨ ਪੰਜਾਬ ਦਾ ਮਾਹੌਲ ਬਦਲਿਆ ਹੋਇਆ ਸੀ। ਲੋਕਾਂ ਦੇ ਮਨ ਵਿਚ ਸਰਕਾਰ ਵਿਰੁੱਧ ਰੋਸ ਦੀ ਲਹਿਰ ਤਿੱਖੀ ਹੋ ਗਈ ਸੀ। ਭਾਵੇਂ ਕਿ ਸਰੀਰਕ ਤੌਰ 'ਤੇ ਤੰਦਰੁਸਤ ਨਹੀਂ ਸਨ, ਪਰ ਪੰਜਾਬ ਦਾ ਮਾਹੌਲ ਦੇਖਣ ਉਪਰੰਤ ਇਹ ਸਰਕਾਰ ਖ਼ਿਲਾਫ਼ ਸਿੱਖ ਲੀਗ ਵੱਲੋਂ ਕੀਤੇ ਗਏ ਸਮਾਗਮ ਵਿਚ ਲਾਹੌਰ ਪਹੁੰਚ ਗਏ। ਇਸ ਸਮਾਗਮ ਵਿਚ ਇਨ੍ਹਾਂ ਨੇ ਬਹੁਤ ਹੀ ਪ੍ਰਭਾਵਸ਼ਾਲੀ ਤਕਰੀਰ ਕਰਦੇ ਹੋਏ ਕਿਹਾ ਕਿ ਜਿਹੜਾ ਗਰੀਬਾਂ ਦੇ ਦੁੱਖ ਦੂਰ ਕਰਨ ਅਤੇ ਦੇਸ਼ ਦੀ ਅਜ਼ਾਦੀ ਦੀ ਗੱਲ ਕਰਦਾ ਹੈ, ਉਹੀ ਸੱਚਾ ਧਰਮੀ ਹੈ। ਇਸ ਸਭਾ ਵਿਚ ਇਨ੍ਹਾਂ ਨੇ ਜੇਲ੍ਹਾਂ ਵਿਚ ਰੁਲ ਰਹੇ ਦੇਸ਼ ਭਗਤਾਂ ਦੀ ਰਿਹਾਈ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨ ਲਈ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਬਣਾਉਣ ਦਾ ਸੁਝਾਅ ਦਿੱਤਾ ਜਿਹੜਾ ਕਿ ਤੁਰੰਤ ਪ੍ਰਵਾਨ ਕਰ ਲਿਆ ਗਿਆ। ਇਨ੍ਹਾਂ ਨੇ ਜਿਹੜਾ ਫੰਡ ਇਕੱਤਰ ਕੀਤਾ ਉਹ ਆਪਣੇ ਸਾਥੀਆਂ ਦੇ ਕੇਸ ਲੜਨ, ਇਨ੍ਹਾਂ ਨੂੰ ਜੇਲ੍ਹਾਂ ਵਿੱਚੋਂ ਛੁਡਵਾਉਣ ਅਤੇ ਇਨ੍ਹਾਂ ਦੇ ਪਰਵਾਰਾਂ ਦੀ ਸਹਾਇਤਾ ਕਰਨ ਲਈ ਵਰਤਦੇ ਸਨ। ਕਿਰਤੀ ਕਿਸਾਨ ਲਹਿਰ ਵੱਲ ਬਾਬਾ ਜੀ ਦਾ ਝੁਕਾਅ ਦੇਖ ਕੇ ਸਰਕਾਰ ਨੇ ੧੯੩੧ ਈ. ਵਿਚ ਇਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਦੀ ਜੂਹ ਅਤੇ ੧੯੩੨ ਈ. ਵਿਚ ਇਨ੍ਹਾਂ ਨੂੰ ਦੋ ਸਾਲ ਲਈ ਪਿੰਡ ਦੀ ਜੂਹ ਵਿਚ ਬੰਦ ਕਰ ਦਿੱਤਾ।

ਗੁਰੂ-ਘਰ ਦੇ ਪ੍ਰੇਮ ਨੇ ਇਨ੍ਹਾਂ ਨੂੰ ਗੁਰਦੁਆਰਾ ਸਾਹਿਬਾਨ ਦੇ ਸੁਧਾਰ ਲਈ ਚੱਲੀਆਂ ਲਹਿਰਾਂ ਵੱਲ ਖਿੱਚਿਆ। ਗੁਰੂ ਕਾ ਬਾਗ਼ ਮੋਰਚਾ ਅਤੇ ਗੁਰਦੁਆਰਾ ਪੰਜਾ ਸਾਹਿਬ ਦੀ ਉਸਾਰੀ ਲਈ ਰੱਖੇ ਜਾਣ ਵਾਲੇ ਨੀਂਹ-ਪੱਥਰ ਲਈ ਭੇਜੇ ਗਏ ਪੰਜ ਪਿਆਰਿਆਂ ਵਿਚ ਸ਼ਮੂਲੀਅਤ ਇਨ੍ਹਾਂ ਦੀ ਪੰਥਕ ਸ਼ਖ਼ਸੀਅਤ ਦਾ ਪ੍ਰਗਟਾਵਾ ਕਰਦੀ ਹੈ। ਅਕਤੂਬਰ ੧੯੩੪ ਈ. ਵਿਚ ਇਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਚੁਣ ਲਿਆ ਗਿਆ। ੧੯੪੦ ਈ. ਤੋਂ ੧੯੪੨ ਈ. ਦੌਰਾਨ ਦੇਸ਼ ਦੇ ਅਜ਼ਾਦੀ ਵਿਚ ਹਿੱਸਾ ਪਾਉਣ ਲਈ ਇਨ੍ਹਾਂ ਨੂੰ ਫਿਰ ਜੇਲ੍ਹ ਜਾਣਾ ਪਿਆ। ਇਸ ਦਾ ਇਕ ਵੱਡਾ ਕਾਰਨ ਇਹ ਸੀ ਕਿ ਇਸ ਸਮੇਂ ਦੌਰਾਨ ਦੂਜੀ ਵੱਡੀ ਜੰਗ ਲੱਗ ਗਈ ਸੀ

ਅਤੇ ਸਰਕਾਰ ਦੇਸ਼ ਭਗਤੀ ਵਿਚ ਹਿੱਸਾ ਲੈਣ ਵਾਲਿਆਂ ਨੂੰ ਜੇਲ੍ਹਾਂ ਵਿਚ ਡੱਕ ਰਹੀ ਸੀ। ਦੇਸ਼ ਅਜ਼ਾਦ ਹੋਣ ਉਪਰੰਤ ੧੯੫੭ ਈ. ਵਿਚ ਇਹ ਤਰਨਤਾਰਨ ਵਿਖੇ ਅਕਾਲ ਚਲਾਣਾ ਕਰ ਗਏ।

ਨਿਮਨ-ਲਿਖਤ ਕੈਦੀਆਂ ਦਾ ਜ਼ਿਕਰ ਜਗਜੀਤ ਸਿੰਘ ਨੇ ਆਪਣੀ ਪੁਸਤਕ 'ਗ਼ਦਰ ਪਾਰਟੀ ਲਹਿਰ' ਵਿਚ ਕਰਦੇ ਹੋਏ ਕਿਹਾ ਹੈ ਕਿ ਇਨ੍ਹਾਂ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਸੰਬੰਧੀ ਹੋਰ ਵੇਰਵੇ ਇਕੱਤਰ ਕਰਨ ਦੀ ਲੋੜ ਹੈ। ਇਹ ਸਾਰੇ ਕੈਦੀ ਵੱਖ-ਵੱਖ ਕੇਸਾਂ ਨਾਲ ਸੰਬੰਧਿਤ ਹਨ:

**ਪਹਿਲਾ ਲਾਹੌਰ ਸਪਲੀਮੈਂਟਰੀ ਕੇਸ**

ਸ. ਅਰਜਨ ਸਿੰਘ ਪੁੱਤਰ ਸ. ਲਾਲ ਸਿੰਘ, ਜਗਰਾਓਂ, ਜ਼ਿਲ੍ਹਾ ਲੁਧਿਆਣਾ

ਸ. ਅਤਰ ਸਿੰਘ ਪੁੱਤਰ ਸ੍ਰੀ ਹੀਰਾ ਨੰਦ, ਧੀਕਮਪੁਰ, ਜੇਹਲਮ

ਸ. ਬੋਘ ਸਿੰਘ ਪੁੱਤਰ ਸ. ਨੱਥਾ ਸਿੰਘ, ਝਾੜ ਸਾਹਿਬ, ਸ੍ਰੀ ਅੰਮ੍ਰਿਤਸਰ

ਸ. ਬਿਸ਼ਨ ਸਿੰਘ ਪੁੱਤਰ ਸ. ਵਸਾਖ਼ਾ ਸਿੰਘ, ਵਰਪਾਲ, ਸ੍ਰੀ ਅੰਮ੍ਰਿਤਸਰ

ਸ. ਦਲੀਪ ਸਿੰਘ ਪੁੱਤਰ ਸ. ਹਮੀਰ ਸਿੰਘ, ਫੂਲੇਵਾਲ, ਲੁਧਿਆਣਾ

ਸ. ਗੰਡਾ ਸਿੰਘ ਪੁੱਤਰ ਸ. ਬਹਾਦਰ ਸਿੰਘ, ਖਬੀਰ/ਖਾਪੜ ਖੇੜੀ, ਸ੍ਰੀ ਅੰਮ੍ਰਿਤਸਰ

ਸ. ਗੰਡਾ ਸਿੰਘ ਪੁੱਤਰ ਸ. ਜਵਾਲਾ ਸਿੰਘ, ਸੁਰ ਸਿੰਘ, ਸ੍ਰੀ ਅੰਮ੍ਰਿਤਸਰ

ਸ. ਗੁੱਜਰ ਸਿੰਘ ਪੁੱਤਰ ਸ. ਸ਼ਾਮ ਸਿੰਘ, ਭਕਨਾ ਕਲਾਂ, ਸ੍ਰੀ ਅੰਮ੍ਰਿਤਸਰ

ਸ. ਹਰਭਜਨ ਸਿੰਘ ਪੁੱਤਰ ਸ. ਫਤਹ ਸਿੰਘ, ਚਵਿੰਡਾ, ਲੁਧਿਆਣਾ

ਸ. ਹਰਨਾਮ ਸਿੰਘ ਪੁੱਤਰ ਸ. ਨਰਾਇਣ ਸਿੰਘ, ਗੁੱਜਰਵਾਲ, ਲੁਧਿਆਣਾ

ਸ. ਹਰਨਾਮ ਸਿੰਘ ਪੁੱਤਰ ਸ. ਭੂਪ ਸਿੰਘ, ਰਸੂਲਪੁਰ, ਸ੍ਰੀ ਅੰਮ੍ਰਿਤਸਰ

ਸ. ਹਰਨਾਮ ਸਿੰਘ ਪੁੱਤਰ ਸ. ਸੁੰਦਰ ਸਿੰਘ, ਕਾਲਾ ਸੰਘਿਆਂ, ਕਪੂਰਥਲਾ

ਸ. ਇੰਦਰ ਸਿੰਘ ਪੁੱਤਰ ਸ. ਫੁੱਮਣ ਸਿੰਘ, ਸ਼ੇਖ਼ ਦੌਲਤ, ਲੁਧਿਆਣਾ

ਸ. ਜਗਤ ਸਿੰਘ ਪੁੱਤਰ ਸ. ਦੇਵਾ ਸਿੰਘ, ਗੁੱਜਰਵਾਲ, ਲੁਧਿਆਣਾ

ਸ. ਜਿੰਦਰ ਸਿੰਘ ਪੁੱਤਰ ਸ. ਮੰਗਲ ਸਿੰਘ, ਚੌਧਰੀਵਾਲਾ, ਸ੍ਰੀ ਅੰਮ੍ਰਿਤਸਰ

ਸ. ਕਰਮ ਸਿੰਘ ਪੁੱਤਰ ਸ. ਸੁੰਦਰ ਸਿੰਘ, ਕੋਟਲਾ ਅਜਨੇਰ, ਲੁਧਿਆਣਾ

ਸ. ਕੇਸਰ ਸਿੰਘ ਪੁੱਤਰ ਸ. ਮੰਗਲ ਸਿੰਘ, ਸੁਰ ਸਿੰਘ, ਸ੍ਰੀ ਅੰਮ੍ਰਿਤਸਰ/ਲਾਹੌਰ

ਸ. ਕਿਰਪਾ ਸਿੰਘ ਪੁੱਤਰ ਸ. ਜਵਾਹਰ ਸਿੰਘ, ਟੌਂਗ ਮਾਜਰੀ, ਹੁਸ਼ਿਆਰਪੁਰ

ਸ. ਲਾਭ ਸਿੰਘ ਪੁੱਤਰ ਸ. ਰਾਮ ਸਿੰਘ, ਚੱਕਵਾਲੀਆਂ ਦਖਿਲ, ਲਾਹੌਰ

ਸ. ਲਾਭ ਸਿੰਘ ਪੁੱਤਰ ਸ. ਬੂੜ ਸਿੰਘ, ਵਲਟੋਹਾ, ਸ੍ਰੀ ਅੰਮ੍ਰਿਤਸਰ

ਸ. ਮਹਾਰਾਜ ਸਿੰਘ ਪੁੱਤਰ ਸ. ਨਿਹਾਲ ਸਿੰਘ, ਕਸੇਲ, ਸ੍ਰੀ ਅੰਮ੍ਰਿਤਸਰ

ਸ. ਮਹਿੰਦਰ ਸਿੰਘ ਪੁੱਤਰ ਸ. ਨਰਾਇਣ ਸਿੰਘ, ਮਾਜਰੀ ਤੇਲੀਆਂਵਾਲੀ,

ਲੁਧਿਆਣਾ

ਸ. ਮੰਗਲ ਸਿੰਘ ਪੁੱਤਰ ਸ. ਮੂਲ ਸਿੰਘ, ਵਲਟੋਹਾ, ਲਾਹੌਰ/ ਸ੍ਰੀ ਅੰਮ੍ਰਿਤਸਰ

ਸ. ਮਸਤਾਨ ਸਿੰਘ ਪੁੱਤਰ ਸ. ਮਹਿਤਾਬ ਸਿੰਘ, ਨਾਰੰਗਵਾਲ, ਲੁਧਿਆਣਾ

ਸ. ਨਾਹਰ ਸਿੰਘ ਪੁੱਤਰ ਸ. ਠਾਕਰ ਸਿੰਘ, ਗੁੱਜਰਵਾਲ, ਲੁਧਿਆਣਾ

ਸ. ਨੱਥਾ ਸਿੰਘ ਪੁੱਤਰ ਸ. ਮੰਗਲ ਸਿੰਘ, ਧੁਨ, ਲਾਹੌਰ

ਸ. ਪਾਖਰ ਸਿੰਘ ਪੁੱਤਰ ਸ. ਭਾਨ ਸਿੰਘ, ਢੁਡੀਕੇ, ਫ਼ੀਰੋਜ਼ਪੁਰ

ਸ. ਪਾਲਾ ਸਿੰਘ ਪੁੱਤਰ ਸ. ਬੱਗਾ ਸਿੰਘ, ਢੁਡੀਕੇ, ਫ਼ੀਰੋਜ਼ਪੁਰ

ਸ. ਰਾਮ ਸਿੰਘ ਪੁੱਤਰ ਸ. ਸਾਹਿਬ ਸਿੰਘ, ਫਲੇਵਾਲ, ਲੁਧਿਆਣਾ

ਸ. ਸੰਤਾ ਸਿੰਘ ਪੁੱਤਰ ਸ. ਚੂਹੜ ਸਿੰਘ, ਨੰਦਪੁਰ ਕਲੌੜ, ਪਟਿਆਲਾ

ਸੁਲਤਾਨ ਸ਼ਾਹ ਪੁੱਤਰ ਮਾਘੀ ਸ਼ਾਹ, ਭਿੱਖੀਵਿੰਡ, ਲਾਹੌਰ

ਸ. ਸੁੰਦਰ ਸਿੰਘ ਪੁੱਤਰ ਸ. ਰਤਨ ਸਿੰਘ, ਧੌਲਾ ਨੰਗਲ, ਸ੍ਰੀ ਅੰਮ੍ਰਿਤਸਰ

ਸ. ਊਧਮ ਸਿੰਘ ਪੁੱਤਰ ਸ. ਜੀਵਨ ਸਿੰਘ, ਲਾਡੂਪੁਰਾ, ਗੁਰਦਾਸਪੁਰਾ

ਸ. ਵਸਾਖਾ ਸਿੰਘ ਪੁੱਤਰ ਸ. ਈਸ਼ਰ ਸਿੰਘ, ਦਦੇਹਰ, ਸ. ਅੰਮ੍ਰਿਤਸਰ

**ਦੂਜਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ**

ਸ. ਬਤਨ ਸਿੰਘ ਪੁੱਤਰ ਸ. ਮੇਹਰ ਸਿੰਘ, ਕਾਹਰੀ, ਹੁਸ਼ਿਆਰਪੁਰ

ਫ਼ਜ਼ਲ ਦੀਨ/ਹੁਸੈਨ ਪੁੱਤਰ ਨੂਰ ਹੁਸੈਨ, ਫ਼ਤਹਗੜ੍ਹ, ਹੁਸ਼ਿਆਰਪੁਰ

ਸ. ਸਹਰੀ ਸਿੰਘ ਪੁੱਤਰ ਸ. ਭਿਖਾ ਸਿੰਘ, ਛੋਟੀਆਂ ਥੋਥਾ, ਫ਼ੀਰੋਜ਼ਪੁਰ

ਸ. ਕੇਹਰ ਸਿੰਘ ਪੁੱਤਰ ਸ. ਬਘੇਲ ਸਿੰਘ, ਸਾਹਨੇਵਾਲ, ਲੁਧਿਆਣਾ

**ਮਾਂਡਲੇ (ਬਰਮਾ) ਸਾਜਿਸ਼ ਕੇਸ**

ਗਿਆਨ ਚੰਦ ਪੁੱਤਰ ਸ੍ਰੀ ਸੋਹਨ ਲਾਲ, ਪਿੰਡ ਮੋਰੀ ਮਰਲ, ਜ਼ਿਲ੍ਹਾ ਲਾਹੌਰ

**ਸਹਾਇਕ ਪੁਸਤਕ ਸੂਚੀ**

ਅਜਮੇਰ ਸਿੰਘ, *ਗ਼ਦਰੀ ਬਾਬੇ ਕੌਣ ਸਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੭.

*ਗ਼ਦਰ ਪਾਰਟੀ ਦਾ ਇਤਿਹਾਸ,* ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, ੧੯੬੯.

ਗੁਰਦੇਵ ਸਿੰਘ ਦਿਉਲ, *ਗ਼ਦਰ ਪਾਰਟੀ ਅਤੇ ਭਾਰਤ ਦਾ ਕੌਮੀ ਅੰਦੋਲਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੭੦.

ਚਰੰਜੀ ਲਾਲ ਕੰਗਣੀਵਾਲ, *ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ: ਜੀਵਨ ਅਤੇ ਹੱਥ-ਲਿਖ਼ਤਾਂ,* ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, ੨੦੧੫.

ਜਸਵੰਤ ਸਿੰਘ ਜੱਸ, *ਦੇਸ਼ ਭਗਤ ਬਾਬੇ,* ਨਿਊ ਬੁੱਕ ਕੰਪਨੀ, ਜਲੰਧਰ, ੧੯੭੫.

ਜਗਜੀਤ ਸਿੰਘ, *ਗ਼ਦਰ ਪਾਰਟੀ ਲਹਿਰ,* ਜਗਜੀਤ ਸਿੰਘ, ਤਰਨਤਾਰਨ, ੧੯੫੫.

ਨਰੈਣ ਸਿੰਘ, *ਅਕਾਲੀ ਮੋਰਚੇ ਤੇ ਝੱਬਰ,* ਨੈਸ਼ਨਲ ਬੁੱਕ ਸ਼ਾਪ, ਦਿੱਲੀ, ੧੯੬੭.

ਬਿਕਰਮ ਸਿੰਘ ਘੁੰਮਣ, *ਗ਼ਦਰੀ ਬਾਬਾ ਵਿਸਾਖਾ ਸਿੰਘ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੧੯੮੨.

ਭਾਗ ਸਿੰਘ, *ਬਾਬਾ ਜਵਾਲਾ ਸਿੰਘ,* ਕੱਟੜਾ ਰਾਮਗੜ੍ਹੀਆ, ਅੰਮ੍ਰਿਤਸਰ, ੧੯੩੯.

ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤਪੁਰਾ, *ਮਾਲਵਾ ਇਤਿਹਾਸ,* ਤਿੰਨ ਭਾਗ, ਗੁਰਮਤ ਪ੍ਰਚਾਰਕ ਸਿੰਘ ਸਭਾ ਇਲਾਕਾ

ਤਿਹਾੜਾ, ਕਿਸ਼ਨਪੁਰਾ, ਪੰਜਾਬ, ੧੯੫੪.

English Books

Baba Prithvi Singh Azad: *The Legendary Crusader, An Autobiography,* Bhartiya Vidya Bhavan, Bombay, 1987.

FAM Dass, *The Andaman Islands, Good Shepherd Convent Press,* Bangalore, 1937.

Fauja Singh, *Eminent Freedom Fighters of Punjab,* Punjabi University, Patiala, 1972.

_______ (Chief editor), *Who's Who: Punjab Freedom Fighters, 2 vols.,* Punjabi University, Patiala, 2000, 2007.

Gauri Shankar Pandey, *The Cellular Jail: The National Memorial,* Sangeeta Publishing House, Port Blair, 1997.

Malwinderjit Singh Waraich, *Revolutionaries in Dialogue: Lala Ram Saran and Shaheed Bhagat Singh,* Unistar Books, 2007.

P.N. Chopra, ed., Who's *Who of Indian Martyrs, 2 vols.,* Ministry of Education and *Youth Services,* Govt. of India, New Delhi, 1969-73.

Parm Bakhshish Singh & R.K. Ghai, *Martyrs of the Punjab,* Punjabi University, Patiala, 1997.

Rashida Iqbal (comp. & ed.), *Unsung Heroes of Freedom Struggle in Andamans: Who's Who,* Andaman & Nicobar Administration, Port Blair, 2004.

S.N. Aggarwal, *The Heroes of Cellular Jail,* Punjabi University, Patiala, 1995.

Shrikrishan Saral, *Indian Rovolutionaries (1757-1961),* vol. II, Ocean Books Pvt. Ltd., 1999.

*The Ghadar Directory,* compiled by The Director, Intelligence Bureau, Home Department, Government of India, pub. by Punjabi University, Patiala, 1997.

**ਅਖ਼ਬਾਰਾਂ/ਰਸਾਲੇ**

*ਪੰਜਾਬੀ ਰਤਨ* ਲੁਧਿਆਣਾ, ੨੨ ਜੁਲਾਈ ੧੯੫੫

*ਕਿਰਤੀ,* ਫ਼ਰਵਰੀ ੧੯੩੦

■

## ਪਿੰਡ ਸੌੜੀਆਂ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਲਕੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਨਾਨਕਸਰ ਪਾਤਿਸ਼ਾਹੀ ਪਹਿਲੀ, ਪਿੰਡ ਸੌੜੀਆਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੧੯ ਦਸੰਬਰ, ੨੦੧੭ ਨੂੰ ਕਰਵਾਏ ਅੰਮ੍ਰਿਤ-ਸੰਚਾਰ ਵਿਚ ਕੁੱਲ ੬੫ ਪ੍ਰਾਣੀ ਗੁਰੂ ਵਾਲੇ ਬਣੇ।

# ਵਾਰ ਸਰਦਾਰ ਬਘੇਲ ਸਿੰਘ

*-ਸ. ਸਤਿਨਾਮ ਸਿੰਘ ਕੋਮਲ**

*ਇਕ ਸਰਦਾਰ ਬਘੇਲ ਸਿੰਘ, ਹੋਇਆ ਸਿੰਘ ਮਹਾਨ।*
*ਵੈਰੀ ਥਰ ਥਰ ਕੰਬਦੇ ਤੇ ਲਲਕਾਰੇ ਕੱਢਦੇ ਜਾਨ।*
*ਦਾਅ ਪੇਚ ਜਾਣੇ ਜੰਗ ਦੇ ਸੀ ਗੱਜਦਾ ਵਿਚ ਮੈਦਾਨ।*
*ਕਰਨਾ ਆਉਂਦਾ ਰਾਜ ਵੀ, ਵੱਡਾ ਸਿਆਸਤ ਦਾਨ।*
*ਜਿੱਤਾਂ ਪੈਰੀਂ-ਝੁਕਦੀਆਂ, ਜਦ ਚੱਲੇ ਉਹਦੀ ਕਿਰਪਾਨ।*
*ਸੰਤ ਸਿਪਾਹੀ ਕੌਮ ਦਾ, ਅਤੇ ਸਿੱਖੀ ਦੀ ਸ਼ਾਨ।*
*ਲੱਗਾ ਕਰਨ ਹਾਂ ਵਾਰ ਵਿਚ, ਸਿਆਸਤ ਓਹਦੀ ਬਿਆਨ।*
*ਲੜਿਆ ਅਕਲਾਂ ਨਾਲ ਹੈ, ਮਿਆਨੇ ਪਾ ਕਿਰਪਾਨ।*
*ਸਤਾਰ੍ਹਾਂ ਸੌ ਅਠੱਤਰ ਦਾ ਵਾਕਿਆ, ਦਿੱਲੀ ਸ਼ਾਹ ਆਲਮ ਦਾ ਰਾਜ।*
*ਉਹ ਮਾਲਕ ਦਿੱਲੀ ਤਖਤ ਦਾ, ਜੀਹਦਾ ਸੀ ਉਸ ਨੂੰ ਨਾਜ।*
*ਅਹਿਦ ਖਾਨ ਵਜੀਰ ਇਕ, ਉਸ ਦਾ ਸੀ ਹਮਰਾਜ।*
*ਚਾਪਲੂਸ ਚਲਾਕ ਸੀ, ਦਿਲੋਂ ਖੋਟਾ ਦਗਾਬਾਜ।*
*ਗੱਲਾਂ ਦਾ ਖੱਟਿਆ ਖਾਂਵਦਾ, ਹਾਕਮ ਦੀ ਬਣੇ ਅਵਾਜ।*
*ਸਿੱਖਾਂ 'ਨਾ ਖਾਂਦਾ ਖਾਰ ਸੀ, ਤੇ ਢਿੱਡੋਂ ਬਹੁਤ ਨਾਰਾਜ।*
*ਭਰਾ ਸਿੱਖਾਂ ਹੱਥੋਂ ਮਰ ਗਿਆ, ਉਹਦੇ ਹੋਵੇ ਹੱਥਾਂ ਵਿਚ ਖਾਜ।*
*ਅੰਦਰ ਬਦਲੇ ਦੀ ਭਾਵਨਾ, ਉਹ ਰਿਹਾ ਸੀ ਸੁਪਨੇ ਸਾਜ।*
*ਇਹ ਜਿਵੇਂ ਨੇ ਮਾਰਾਂ ਮਾਰਦੇ, ਇਨ੍ਹਾਂ ਖੋਹਣੇ ਸਾਡੇ ਤਾਜ।*
*ਗੰਢੀਏ ਇਨ੍ਹਾਂ ਸੰਗ ਦੋਸਤੀ, ਸਮਝੀਏ ਇਨ੍ਹਾਂ ਦੇ ਰਾਜ।*
*ਇਵਜ਼ਾਨੇ ਮਿਲਦੇ ਇਸ ਤਰ੍ਹਾਂ, ਜਿਵੇਂ ਦੇਂਦੇ ਲੋਕੀਂ ਦਾਜ।*
*ਸੁਣਿਆ ਆਏ ਸ਼ਰਨ ਜੋ, ਨੇ ਰੱਖਦੇ ਉਹਦੀ ਲਾਜ।*
*ਆਪੋ ਵਿਚ ਪਊ ਦੁਸ਼ਮਣੀ, ਤਾਂ ਉਘੜਨਗੇ ਸਭ ਪਾਜ।*
*ਮਨਾਅ ਲਿਆ ਆਲਮ ਸ਼ਾਹ ਨੂੰ, ਬੜਾ ਵਧੀਆ ਏਹ ਕਾਜ।*
*ਫਿਰ ਇਨ੍ਹਾਂ ਦੇ ਅੰਬਰੀਂ, ਨੇ ਉੱਡਣੇ ਸ਼ਾਹੀ ਬਾਜ।*
*ਮੁੱਕਣੇ ਰਾਜ ਨੇ ਅਣਖ ਦੇ, ਟੁੱਟਣਗੇ ਜਦ ਸਾਜ।*
*ਸ਼ਾਲੀਮਾਰ ਬਾਗ ਵਿਚ, ਸਿੰਘਾਂ ਦਿੱਤੇ ਡੇਰੇ ਲਾਅ।*
*ਸੁਣ ਤਖਤ ਆਲਮ ਸ਼ਾਹ ਦਾ, ਕੀਕੂੰ ਹੈ ਕੰਬ ਗਿਆ।*

**੨੪੮, ਅਰਬਨ ਅਸਟੇਟ, ਫੇਸ-੧, ਫੋਕਲ ਪੁਆਇੰਟ, ਲੁਧਿਆਣਾ-੧ ਮੋ: +੯੧੯੮੭੨੬-੦੯੯੨੧*

*ਖਿਲਅਤ ਭੇਜੀ ਦੋਸਤੀ ਲਈ ਦਿੱਤਾ ਹੱਥ ਵਧਾਅ।*
*ਜਰਕਿਆ ਵੇਖ ਬਾਦਸ਼ਾਹ ਗਏ ਚੜ੍ਹ ਸਿੰਘਾਂ ਨੂੰ ਚਾਅ।*
*ਵਿਚ ਬੰਗਲਾ ਸਾਹਿਬ ਮਸੀਤ ਸੀ, ਜਾ ਦਿੱਤੀ ਸਿੰਘਾਂ ਢਾਅ।*
*ਕੋਈ ਰੋਕੇ ਕਾਰੇ ਏਸ ਤੋਂ, ਨਾ ਕਿਸੇ ਦਾ ਹੀਆ ਪਿਆ।*
*ਅਹਿਦ ਖਾਨ ਨੂੰ ਦੋਸਤੀ ਦੇ ਦਿੱਤੇ ਅਰਥ ਸਮਝਾ।*
*ਸਮਝੇ ਬੜਾ ਚਲਾਕ ਮੈਂ ਨਾ ਸਮਝੇ ਸਿੰਘਾਂ ਦੇ ਦਾਅ।*
*"ਸਰਦਾਰਾ ਇਲਾਕਾ ਖ਼ੁੱਸਿਆ, ਵਿਚ ਆਪਾਂ ਲਈਏ ਰਲਾਅ।"*
*"ਸਿੰਘ ਵੀ ਆਪਣੇ ਹਿਸਾਬ ਸਿਰ, ਹਾਂ ਵਿਚ ਦਿੱਤੀ ਹਾਂ ਮਿਲਾਅ।"*
*ਸ਼ਾਹ ਆਲਮ ਇਸ ਕੰਮ ਲਈ, ਲਿਆ ਏ ਓਸ ਮਨਾਅ।*
*ਸ਼ਾਹੀ ਫੌਜ ਦੇ ਕੂਚ ਲਈ, ਵੱਜ ਜੰਗੀ ਬਿਗਲ ਗਿਆ।*
*ਚੜ੍ਹ ਪਏ ਖਾਸ ਮੁਹਿੰਮ ਤੇ, ਮੁਗ਼ਲ ਤੇ ਸਿੰਘ ਸਰਦਾਰ।*
*ਸਣੇ ਇਹ ਤੋਪਾਂ ਨਾਲ ਸੀ, ਨੇ ਘੋੜਿਆਂ ਤੇ ਅਸਵਾਰ।*
*ਅੰਦਰੋਂ ਸਿੰਘ ਪੰਜਾਬ ਦੇ, ਉਸ ਕਰ ਦਿੱਤੇ ਹੁਸ਼ਿਆਰ।*
*ਕਰਨੇ ਮੁਗ਼ਲ ਜ਼ਲੀਲ ਨੇ, ਤੇ ਵੇਖੂ ਕੁਲ ਸੰਸਾਰ।*
*ਪਹੁੰਚੇ ਵਿਚ ਕਰਨਾਲ ਦੇ, ਉਹ ਕਰਦੇ ਮਾਰੋ ਮਾਰ।*
*ਅਗੋਂ ਜੀਂਦ ਦੇ ਗਜਪਤ ਸਿੰਘ ਨੇ, ਨਹੀਂ ਚੁੱਕੇ ਹੱਥਿਆਰ।*
*ਇਵਜਾਨਾ ਦੋ ਕੁ ਲੱਖ ਦਾ, ਦੇਣ ਲਈ ਹੋਇਆ ਤਿਆਰ।*
*ਪੱਕਾ ਹੋ ਗਿਆ ਸਿੰਘਾਂ ਦਾ, ਖਾਨਾਂ ਲਈ ਇਤਬਾਰ।*
*ਉਨ੍ਹਾਂ ਕੈਥਲ ਨੂੰ ਰੁਖ਼ ਕਰਲਿਆ, ਲਈ ਦੇਸਾ ਸਿੰਘ ਦੀ ਸਾਰ।*
*ਗਿਆ ਤਿੰਨ ਲੱਖ ਉਸ ਤੋਂ ਮੰਗਿਆ, ਉਸ ਕਰ ਦਿੱਤਾ ਇਨਕਾਰ।*
*ਗਜਪੱਤ ਸਿੰਘ ਦਿੱਤਾ ਮਸ਼ਵਰਾ, ਲਓ ਕਰ ਇਸਨੂੰ ਗ੍ਰਿਫ਼ਤਾਰ।*
*ਚੱਲੀ ਚਾਲ ਹੈ ਖਾਲਸੇ, ਸਮਝਣਗੇ ਸਮਝਦਾਰ।*
*ਇਸ ਪਿਛੋਂ ਰਲਵੀ ਫੌਜ ਏਹ, ਹੈ ਪਈ ਪਟਿਆਲੇ ਦੇ ਰਾਹ।*
*ਮਹਾਰਾਜੇ ਅਮਰ ਸਿੰਘ ਨੂੰ, ਹੈ ਦਿੱਤਾ ਭੇਜ ਸੁਨਾਂਹ।*
*ਨਜਰਾਨਾ ਲੈ ਕੇ ਪੰਜ ਲੱਖ, ਹੋਵੋ ਹਾਜ਼ਰ ਆ।*
*ਉਹ ਬਾਗੀ ਸੁਰ ਵਿਚ ਬੋਲਿਆ, ਨਹੀਂ ਕੀਤੀ ਉਸ ਪਰਵਾਹ।*
*ਪਤਾ ਸੀ ਉਸ ਨੂੰ ਪਿੱਠ ਤੇ, ਹੈ ਖਾਲਸਾ ਸ਼ਹਿਨਸ਼ਾਹ।*
*ਫਿਰ ਖਾਨ ਨੇ ਸ਼ਾਹੀ ਫੌਜ ਨੂੰ, ਹੈ ਦਿੱਤਾ ਹੁਕਮ ਸੁਣਾਅ।*
*ਲੁਟ ਲਓ ਪਿੰਡ ਇਸ ਰਾਜ ਦੇ, ਤੇ ਸਭ ਕੁਝ ਕਰੋ ਤਬਾਹ।*
*ਸੁਣ ਕੇ ਇਹ ਬਘੇਲ ਸਿੰਘ, ਕਿਹਾ ਖਾਨਾਂ ਮੇਰੀ ਸਲਾਹ।*
*ਅਮਰ ਸਿੰਘ ਦੀ ਪਿੱਠ 'ਤੇ ਆ ਖਾਲਸਾ ਪੰਥ ਗਿਆ।*

*ਨਾ ਪੱਲੇ ਰਹਿਣਾ ਕੁਝ ਵੀ, ਜੇ ਹੋ ਗਿਆ ਟਕਰਾਅ।*
*ਸੁਣਿਆਂ ਦੋ ਲੱਖ ਫੌਜ ਹੈ, ਗਈ ਪਟਿਆਲੇ ਆ।*
*ਦਿੱਤੇ ਸ਼ਾਹਜ਼ਾਦੇ ਖਾਨ ਦੇ, ਤੋਤੇ ਹੱਥੋਂ ਉਡਾਅ।*
*ਉਨ੍ਹਾਂ ਮੱਥੇ ਆਉਣ ਤਰੇਲੀਆਂ, ਤੇ ਲੰਮੇ ਲੈਂਦੇ ਸਾਹ।*
*ਸਾਨੂੰ ਬਘੇਲ ਸਿਆਂ ਤੂੰ, ਹੈ ਦਿੱਤਾ ਕਿੱਥੇ ਫਸਾਅ।*
*ਇਨ੍ਹਾਂ ਭੱਜਿਆਂ ਦੇਣਾ ਜਾਣ ਨਾ, ਹੁਣ ਕੋਈ ਤਰਕੀਬ ਬਣਾਅ।*
*"ਰਹਿ ਗਿਆ ਖਾਨਾ ਇਕ ਹੀ, ਬੰਦ ਖਲਾਸੀ ਦਾ ਰਾਹ।*
*ਮੋੜ ਮਾਲੀਆ ਉਹਨਾਂ ਦਾ, ਹੈ ਲਿਆਂਦਾ ਜੋ ਉਗਰਾਹ।"*
*ਫਸਿਆ ਹੋਇਆ ਖਾਨ ਹੈ, ਸਭ ਕੁਝ ਮੰਨ ਗਿਆ।*
*ਦੂਣਾ, ਕਰਕੇ ਮੋੜਿਆ, ਜੋ ਲਿਆ ਸੀ ਹੱਥ ਜੁੜਾਅ।*
*ਸੱਤ ਲਖ ਖਾਲਸਾ ਦਲ ਨੂੰ ਦੇਣਾ ਹੋਰ ਪਿਆ।*
*ਤੋਪਾਂ ਘੋੜੇ ਸਮਾਨ ਸਭ, ਹੈ ਪੰਥ ਨੇ ਸਾਂਭ ਲਿਆ।*
*ਆਏ ਖੋਹਣ ਸੀ ਸਿੱਖਾਂ ਤੋਂ, ਨੇ ਚੱਲੇ ਸਭ ਗੁਆ।*
*ਕਰ ਮਲੰਗ ਨੇ ਤੋਰ ਤੇ, ਪਾ ਦਿੱਤੇ ਦਿੱਲੀ ਦੇ ਰਾਹ।*
*ਟੱਪ ਗਏ ਜਦ ਕਰਨਾਲ ਉਹ, ਫਿਰ ਥੋੜਾ ਆਇਆ ਸਾਹ।*
*ਪੁੱਠੇ ਪੈ ਗਏ ਅਹਿਦ ਖਾਨ, ਤੈਨੂੰ ਹੀ ਤੇਰੇ ਦਾਅ।*
*ਨਹੀਂ ਪਤਾ ਸੀ ਵੈਰੀ ਵੀ ਹੁੰਦਿਆਂ, ਇਹ ਹੁੰਦੇ ਭਰਾ ਭਰਾ।*
*ਜਰਨੈਲ ਜੇ ਅੱਜ ਦੇ ਪੜ੍ਹ ਲੈਣ ਇਹੋ ਇਕ ਸਫਾ।*
*ਹੋਵੇ ਉਨ੍ਹਾਂ ਨੂੰ ਕਦੇ ਨਾ, ਫੁੱਟ ਦਾ ਫੇਰ ਸੁਦਾਅ।*
*ਤੂੰ ਤਾਂ ਏਥੇ ਕੋਮਲਾ ਹੈ ਦਿੱਤੀ ਵਾਰ ਸੁਣਾਅ।*
*ਹੋਊ ਝੋਲੀ ਇਹਨਾਂ ਦੀ, ਵੀ ਕੁਝ ਨਾ ਕੁਝ ਪਿਆ।*

■

## ਜ਼ਿਲ੍ਹਾ ਗੁਰਦਾਸਪੁਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਜੀਤ ਸਿੰਘ ਕਾਦੀਆਂ ਅਤੇ ਭਾਈ ਸਿਮਰਨਜੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਧ ਸੰਗਤ, ਪਿੰਡ ਕਾਲਾ ਅਫਗਾਨਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ੨੩ ਦਸੰਬਰ, ੨੦੧੭ ਨੂੰ ਕਰਵਾਏ ਅੰਮ੍ਰਿਤ-ਸੰਚਾਰ ਵਿਚ ਕੁੱਲ ੧੧ ਪ੍ਰਾਣੀ ਗੁਰੂ ਵਾਲੇ ਬਣੇ।

## ਜਗਦੀਸ਼ ਟਾਈਟਲਰ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ
## -ਭਾਈ ਗੋਬਿੰਦ ਸਿੰਘ ਲੌਂਗੋਵਾਲ

ਸ੍ਰੀ ਅੰਮ੍ਰਿਤਸਰ, ੦੫ ਫ਼ਰਵਰੀ: ਸੰਨ ੧੯੮੪ 'ਚ ਦਿੱਲੀ ਅੰਦਰ ਸਿੱਖ ਕਤਲ-ਏ-ਆਮ ਸਮੇਂ ਰਾਜੀਵ ਗਾਂਧੀ ਨਾਲ ਗੱਡੀ ਵਿਚ ਬੈਠ ਕੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਦੇ ਬਿਆਨ ਤੋਂ ਬਾਅਦ ਹੁਣ ਜਗਦੀਸ਼ ਟਾਈਟਲਰ ਦੇ ਸਾਹਮਣੇ ਆਏ ਵੀਡਿਓ ਵਿਚ ਉਸ ਵੱਲੋਂ ਇੱਕ ਸੌ ਸਿੱਖਾਂ ਨੂੰ ਕਤਲ ਕਰਵਾਉਣ ਦੇ ਇਕਬਾਲ ਦੇ ਆਧਾਰ 'ਤੇ ਉਸ ਨੂੰ ਤੁਰੰਤ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ। ਇਹ ਮੰਗ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਹੁਣ ਜਦੋਂ ਟਾਈਟਲਰ ਨੇ ਖ਼ੁਦ ਇਹ ਕਬੂਲ ਕਰ ਲਿਆ ਹੈ ਕਿ ਉਸ ਨੇ ਸੌ ਸਿੱਖਾਂ ਦਾ ਕਤਲ ਕਰਵਾਇਆ ਹੈ ਤਾਂ ਇਸ 'ਤੇ ਹੋਰ ਜਾਂਚ ਜਾਂ ਗਵਾਹਾਂ ਦੀ ਲੋੜ ਨਹੀਂ ਰਹਿਣੀ ਚਾਹੀਦੀ। ਉਨ੍ਹਾਂ ਦੇਸ਼ ਦੀ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਜਗਦੀਸ਼ ਟਾਈਟਲਰ ਨੂੰ ਉਸ ਦੇ ਬਿਆਨ ਦੇ ਆਧਾਰ 'ਤੇ ਸਿੱਖ ਕਤਲ-ਏ-ਆਮ ਦਾ ਦੋਸ਼ੀ ਮੰਨਦਿਆਂ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਦੁਖਦ ਪਹਿਲੂ ਇਹ ਹੈ ਕਿ ੩੪ ਸਾਲ ਬੀਤਣ ਤੋਂ ਬਾਅਦ ਵੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲ ਸਕੀ ਅਤੇ ਕਤਲ-ਏ-ਆਮ ਪੀੜਤ ਨਿਆਂ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਜਮਾਤ ਨੇ ਸਿੱਖਾਂ ਦੇ ਕਤਲ-ਏ-ਆਮ ਕਰਨ ਵਾਲਿਆਂ ਦੀ ਹਮੇਸ਼ਾਂ ਪੁਸ਼ਤ ਪਨਾਹੀ ਕੀਤੀ ਹੈ। ਜਗਦੀਸ਼ ਟਾਈਟਲਰ, ਸੱਜਣ ਕੁਮਾਰ ਤੇ ਐਚ.ਕੇ.ਐਲ. ਭਗਤ ਵਰਗੇ ਵਿਅਕਤੀਆਂ ਵਿਰੁੱਧ ਅੱਜ ਤੀਕ ਕੋਈ ਕਾਰਵਾਈ ਨਹੀਂ ਹੋਈ, ਸਗੋਂ ਸਿੱਖਾਂ ਨੂੰ ਚਿੜਾਉਣ ਲਈ ਇਨ੍ਹਾਂ ਲੋਕਾਂ ਨੂੰ ਉੱਚ ਅਹੁਦੇ ਦਿੱਤੇ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਟਾਈਟਲਰ ਸਾਹਮਣੇ ਆਈ ਵੀਡਿਓ ਰਾਹੀਂ ਜੁਡੀਸ਼ੀਅਲੀ ਨੂੰ ਵੀ ਵੰਗਾਰ ਰਿਹਾ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਹੁਣ ਤਾਂ ਕੋਈ ਗੱਲ ਲੁਕੀ-ਛਿਪੀ ਨਹੀਂ ਰਹਿ ਗਈ, ਝੂਠ ਤੋਂ ਪਰਦਾ ਉੱਠ ਗਿਆ ਹੈ ਤੇ ਸੱਚ ਸਭ ਦੇ ਸਾਹਮਣੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਜਗਦੀਸ਼ ਟਾਈਟਲਰ ਨੂੰ ਗ੍ਰਿਫ਼ਤਾਰ ਕਰਨ ਲਈ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਇਮਾਨਦਰਾਨਾ ਪਹੁੰਚ ਅਪਨਾਉਣੀ ਚਾਹੀਦੀ ਹੈ, ਤਾਂ ਜੋ ਪੀੜਤਾਂ ਦੇ ਹਿਰਦੇ ਸ਼ਾਂਤ ਹੋ ਸਕਣ।

## ਸ਼੍ਰੋਮਣੀ ਗੁ.ਪ੍ਰ. ਕਮੇਟੀ ਗੁਰਮਤਿ ਸੱਭਿਆਚਾਰ ਦੇ ਪ੍ਰਸਾਰ ਲਈ ਵਚਨਬੱਧ
## -ਭਾਈ ਗੋਬਿੰਦ ਸਿੰਘ ਲੌਂਗੋਵਾਲ

ਸ੍ਰੀ ਅਨੰਦਪੁਰ ਸਾਹਿਬ, ੧੧ ਫ਼ਰਵਰੀ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਧਰਮ

ਪ੍ਰਚਾਰ ਲਹਿਰ ਤਹਿਤ ਕਰਵਾਏ ਗਏ ਇਕ ਵਿਸ਼ਾਲ ਗੁਰਮਤਿ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਰਹਿਣੀ ਨਾਲ ਅਜੋਕੀ ਨੌਜੁਆਨੀ ਨੂੰ ਜੋੜਨਾ ਵਰਤਮਾਨ ਸਮੇਂ ਦੀ ਵੱਡੀ ਲੋੜ ਹੈ ਅਤੇ ਇਸੇ ਕਰਕੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਵਿਉਂਤਬੰਦੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਨੇ ਸਿੱਖ ਕੌਮ ਨੂੰ ਜੋ ਮਾਰਗ-ਦਰਸ਼ਨ ਦਿੱਤਾ, ਉਹ ਦੁਨੀਆ ਨਾਲੋਂ ਨਿਵੇਕਲਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਅੱਜ ਦੇ ਪ੍ਰਸੰਗ ਵਿਚ ਧਰਮ ਪ੍ਰਚਾਰ ਕਰਨ ਦੇ ਸਰੋਕਾਰ ਬਦਲੇ ਹਨ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਤਰ੍ਹਾਂ ਗੁਰਮਤਿ ਸੱਭਿਆਚਾਰ ਦੇ ਪ੍ਰਸਾਰ ਲਈ ਵਚਨਬੱਧ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿੱਥੇ ਰਵਾਇਤੀ ਪ੍ਰਚਾਰ ਤਰੀਕਿਆਂ ਨੂੰ ਅਪਣਾਅ ਕੇ ਧਰਮ ਪ੍ਰਚਾਰ ਨੂੰ ਅੱਗੇ ਵਧਾਇਆ ਜਾ ਰਿਹਾ ਹੈ, ਉੱਥੇ ਹੀ ਪਿੰਡਾਂ ਦੀ ਸੱਥਾਂ, ਸਕੂਲਾਂ, ਕਾਲਜਾਂ ਦੇ ਨਾਲ-ਨਾਲ ਪਰਿਵਾਰਕ ਮਿਲਣੀਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਅਜੋਕੀਆਂ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਸਮਾਜ ਨੂੰ ਨਸ਼ੇ, ਭਰੂਣ ਹੱਤਿਆ, ਵਾਤਾਵਰਨ ਦੀ ਦੂਸ਼ਤਤਾ ਦੇ ਨਾਲ-ਨਾਲ ਕਈ ਮਾਨਸਿਕ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਵਿੱਚੋਂ ਨਿਕਲਣ ਲਈ ਗੁਰਮਤਿ ਜੁਗਤ ਨੂੰ ਅਪਣਾਉਣਾ ਪਵੇਗਾ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਧਰਮ ਪ੍ਰਚਾਰ ਲਹਿਰ ਦਾ ਹਿੱਸਾ ਬਣ ਕੇ ਸਮਾਜ ਨੂੰ ਸਿਹਤਮੰਦ ਅਤੇ ਨਰੋਆ ਬਣਾਉਣ ਲਈ ਆਪੋ-ਆਪਣਾ ਯੋਗਦਾਨ ਪਾਈਏ।

ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਸਦਾ ਹੀ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰੀ ਧੁਰਾ ਰਹੀ ਹੈ ਅਤੇ ਇਸੇ ਮਹੱਤਤਾ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਥੇ ਵਿਸ਼ੇਸ਼ ਤੌਰ 'ਤੇ ਧਰਮ ਪ੍ਰਚਾਰ ਕੇਂਦਰ ਸਥਾਪਿਤ ਕੀਤਾ ਗਿਆ ਹੈ, ਤਾਂ ਜੋ ਇਸ ਇਲਾਕੇ ਵਿਚ ਧਰਮ ਪ੍ਰਚਾਰ ਸਰਗਰਮੀਆਂ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਉਨ੍ਹਾਂ ਧਰਮ ਪ੍ਰਚਾਰ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਸੰਸਾ ਕਰਦਿਆਂ ਸੰਗਤਾਂ ਨੂੰ ਇਸ ਵਿਚ ਵੱਧ-ਚੜ੍ਹ ਕੇ ਹਿੱਸਾ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਤੇ ਹਲਕਾ ਮੈਂਬਰ ਭਾਈ ਅਮਰਜੀਤ ਸਿੰਘ ਨੇ ਸਿੱਖ ਵਿਰਸੇ ਦੀ ਵਿਲੱਖਣਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਮੁੱਚਾ ਸਿੱਖ ਇਤਿਹਾਸ ਹੀ ਹੱਕ-ਸੱਚ, ਨਿਆਂ, ਹਮਦਰਦੀ ਆਦਿ ਦੀ ਉਘੜਵੀਂ ਮਿਸਾਲ ਹੈ ਅਤੇ ਸਿੱਖ ਇਤਿਹਾਸ ਤੋਂ ਅਗਵਾਈ ਲੈ ਕੇ ਸਾਨੂੰ ਆਪਣੇ ਜੀਵਨ ਦੀਆਂ ਸੇਧਾਂ ਨਿਰਧਾਰਤ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਟੁੱਟ ਕੇ ਅਸੀਂ ਸੁਖ਼ਦ ਜੀਵਨ ਦੀ ਕਾਮਨਾ ਨਹੀਂ ਕਰ ਸਕਦੇ।

■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

◆ ਸ. ਹਰਜਿੰਦਰ ਸਿੰਘ ਇੰਚਾਰਜ, ਸਿੱਖ ਮਿਸ਼ਨ ਉਤਰਾਖੰਡ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮਿਤੀ ੨ ਅਕਤੂਬਰ, ੨੦੧੭ ਨੂੰ ਗੁਰਦੁਆਰਾ ਪਟਨਾ ਫਾਰਮ, ਬਾਜਪੁਰ, ਊਧਮ ਸਿੰਘ ਨਗਰ, ਉਤਰਾਖੰਡ ਵਿਖੇ ਖਾਲਸਾ ਗਰੁੱਪ ਦੇ ਸਹਿਯੋਗ ਨਾਲ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੪੦ ਪ੍ਰਾਣੀ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ।

◆ ਭਾਈ ਪ੍ਰੇਮਜੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੧੧ ਨਵੰਬਰ, ੨੦੧੭ ਨੂੰ ਗੁਰਦੁਆਰਾ ਬਾਉਲੀ ਸਾਹਿਬ, ਨਡਾਲਾ, ਜ਼ਿਲ੍ਹਾ ਕਪੂਰਥਲਾ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੧੮ ਪ੍ਰਾਣੀ ਗੁਰੂ ਵਾਲੇ ਬਣੇ।

◆ ਭਾਈ ਸੁਖਵੰਤ ਸਿੰਘ ਸਭਰਾ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੨੫ ਨਵੰਬਰ, ੨੦੧੭ ਨੂੰ ਗੁਰਦੁਆਰਾ ਗੁਰੂਸਰ ਸਤਲਾਣੀ ਸਾਹਿਬ ਪਾਤਸ਼ਾਹੀ ਛੇਵੀਂ, ਹੁਸ਼ਿਆਰ ਨਗਰ, ਸ੍ਰੀ ਅੰਮ੍ਰਿਤਸਰ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੯੧ ਪ੍ਰਾਣੀ ਗੁਰੂ ਵਾਲੇ ਬਣੇ।

◆ ਭਾਈ ਸੁਖਰਾਜ ਸਿੰਘ ਇੰਚਾਰਜ, ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਗੁਰੂ ਨਾਨਕ ਜੋਤ ਸਾਹਿਬ, ਪਿੰਡ ਤੇ ਡਾਕਖਾਨਾ ਕੁਠੰਡਲ, ਤਹਿਸੀਲ ਨੂਰਪੁਰ, ਜ਼ਿਲ੍ਹਾ ਕਾਂਗੜਾ (ਹਿਮਾਚਲ ਪ੍ਰਦੇਸ਼) ਵਿਖੇ ੨੬ ਨਵੰਬਰ, ੨੦੧੭ ਨੂੰ ਕਰਵਾਏ ਅੰਮ੍ਰਿਤ-ਸੰਚਾਰ ਵਿਚ ਕੁੱਲ ੧੪ ਪ੍ਰਾਣੀ ਗੁਰੂ ਵਾਲੇ ਬਣੇ।

◆ ਭਾਈ ਹਰਜੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਿੰਘ ਸਭਾ, ਪਿੰਡ ਗੁੜੇ, ਜ਼ਿਲ੍ਹਾ ਜਲੰਧਰ ਵਿਖੇ ੨੬ ਨਵੰਬਰ, ੨੦੧੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੦੮ ਪ੍ਰਾਣੀ ਗੁਰੂ ਵਾਲੇ ਬਣੇ।

◆ ਭਾਈ ਸਿਮਰਨਜੀਤ ਸਿੰਘ ਅਤੇ ਭਾਈ ਮਨਜੀਤ ਸਿੰਘ ਕਾਦੀਆਂ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ੍ਰੀ ਗੁਰੂ ਹਰਿਕ੍ਰਿਸ਼ਨ ਮਾਡਰਨ ਸਕੂਲ, ਪਿੰਡ ਵਡਾਲਾ ਗ੍ਰੰਥੀਆਂ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ੧੦ ਦਸੰਬਰ, ੨੦੧੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੨੮ ਪ੍ਰਾਣੀ ਗੁਰੂ ਵਾਲੇ ਬਣੇ।

◆ ਭਾਈ ਪ੍ਰਵੀਨ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ਼ਹੀਦ ਨਗਰ ਬੁੱਢਾ ਜੌਹੜ, ਤਹਿਸੀਲ ਰਾਏ ਸਿੰਘ ਨਗਰ, ਜ਼ਿਲ੍ਹਾ ਗੰਗਾਨਗਰ (ਰਾਜਸਥਾਨ) ਵਿਖੇ ੧੮ ਦਸੰਬਰ, ੨੦੧੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੩੨ ਪ੍ਰਾਣੀ ਗੁਰੂ ਵਾਲੇ ਬਣੇ। ■